BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com

BUYING OR SELLING A HOME IN MICHIGAN
734-330-7933
734-459-1010
gary@soldbysingh.com
soldbysingh.com
RE/MAX CLASSIC
7 Offices to better Serve YOU!
Plymouth • Novi • Canton • Farmington Hills
Milford • Commerce Twp • Bloomfield Hills
Gurjeet Singh (Realtor)

BEST REAL ESTATE PACKAGE
Home Buying & Selling in Michigan
Residential & Commercial Loans
Home Improvement & Renovation
Vikram Jit Singh
Malika Puri
Loans Available in 26 States
CALL 734.709.9200

Eighteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 44, November 4, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ ਵਿਚ ਅਮਨ ਕਾਨੂੰਨ ਬਣਿਆ ਵੱਡੀ ਵੰਗਾਰ

## ਸੁਰੱਖਿਆ ਏਜੰਸੀਆਂ ਦੀਆਂ ਨਾਕਾਮੀਆਂ ਉਜਾਗਰ ਹੋਣ ਲੱਗੀਆਂ



**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਲੰਘੇ ਮੰਗਲਵਾਰ, ਇਕੋ ਦਿਨ ਵੱਖ-ਵੱਖ ਥਾਈਂ ਹੋਏ ਪੰਜ ਕਤਲਾਂ ਨੇ ਸੂਬੇ ਵਿਚ ਅਮਨ ਕਾਨੂੰਨ ਦੀ ਪਤਲੀ ਹਾਲਤ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਅੰਮ੍ਰਿਤਸਰ ਵਿਚ ਦਿਨ ਦਿਹਾੜੇ ਹਿੰਦੂ ਸੰਘਰਸ਼ ਸੈਨਾ ਦਲ ਦੇ ਜ਼ਿਲ੍ਹਾ ਪ੍ਰਧਾਨ ਵਿਪਨ ਕੁਮਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮੁਢਲੇ ਤੌਰ 'ਤੇ ਪੁਲਿਸ ਇਸ ਵਾਰਦਾਤ ਨੂੰ ਗਰਮਖਿਆਲੀਆਂ ਦਾ ਕਾਰਾ ਮੰਨ ਰਹੀ ਹੈ, ਕਿਉਂਕਿ ਇਸ ਹਿੰਦੂ ਆਗੂ ਦੀਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਪੁਤਲਾ ਸਾੜਦੇ ਦੀਆਂ ਤਸਵੀਰਾਂ ਵਾਇਰਲ ਹੋਈਆਂ ਸਨ।

ਹਮਲਾਵਰ ਬੇਸ਼ੱਕ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਏ ਹਨ, ਪਰ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ। ਅਣਪਛਾਤੇ ਵਿਅਕਤੀਆਂ ਵੱਲੋਂ ਪਿਛਲੇ ਦੋ ਸਾਲਾਂ ਤੋਂ ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਮਾਮਲੇ 'ਤੇ ਪੁਲਿਸ ਕਾਰਗੁਜ਼ਾਰੀ 'ਤੇ ਲਗਾਤਾਰ ਸਵਾਲ ਉਠ ਰਹੇ ਹਨ। ਸੂਬੇ ਵਿਚ ਹੁਣ ਤੱਕ ਅਜਿਹੀਆਂ 8 ਵਾਰਦਾਤਾਂ ਹੋ ਚੁੱਕੀਆਂ ਹਨ ਅਤੇ ਤਕਰੀਬਨ 10 ਵਿਅਕਤੀਆਂ ਦੇ ਕਤਲ ਹੋ ਚੁੱਕੇ ਹਨ। ਸੂਬਾਈ ਪੁਲਿਸ ਦੀ ਬੇਵੱਸੀ ਇਸ ਤੱਥ ਤੋਂ ਉਜਾਗਰ ਹੁੰਦੀ ਹੈ ਕਿ ਆਰ.ਐਸ.ਐਸ. ਦੇ ਦੋ ਆਗੂਆਂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਤੇ ਰਵਿੰਦਰ ਗੋਸਾਈਂ ਅਤੇ ਨਾਮਧਾਰੀ ਸੰਪਰਦਾ ਨਾਲ ਸਬੰਧਤ ਮਾਤਾ ਚੰਦ ਕੌਰ ਦੇ ਕਤਲਾਂ ਦੀ ਜਾਂਚ ਕੇਂਦਰੀ ਜਾਂਚ ਏਜੰਸੀਆਂ ਸੀ.ਬੀ.ਆਈ. ਅਤੇ ਐਨ.ਆਈ.ਏ. ਨੂੰ ਸੌਂਪੀ ਜਾ ਚੁੱਕੀ ਹੈ। ਇਨ੍ਹਾਂ ਵਾਰਦਾਤਾਂ ਦਾ ਅਹਿਮ ਪਹਿਲੂ ਇਹ ਵੀ ਹੈ ਕਿ ਕੇਂਦਰੀ ਏਜੰਸੀਆਂ ਵੀ ਕਤਲਾਂ ਦੇ ਭੇਤ ਖੋਲ੍ਹਣ ਵਿਚ ਸਫਲ ਨਹੀਂ ਹੋ ਰਹੀਆਂ। ਨਾ ਸਿਰਫ ਚੋਣਵੇਂ ਕਤਲਾਂ ਦਾ ਸਿਲਸਿਲਾ ਵਧ ਰਿਹਾ ਹੈ, ਸਗੋਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਵੀ ਵਧ ਰਹੀਆਂ ਹਨ। ਪੰਜਾਬ ਵਿਚ ਜਦੋਂ ਵੀ ਕੋਈ ਵਾਰਦਾਤ ਹੁੰਦੀ ਹੈ ਤਾਂ ਪੁਲਿਸ ਵੱਲੋਂ ਝੱਟ ਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾ ਦਿੱਤੀ ਜਾਂਦੀ ਹੈ।

ਪੁਲਿਸ ਵੱਲੋਂ ਤਿੰਨ ਸਾਲਾਂ ਦੇ ਵਕਫੇ ਦੌਰਾਨ 30 ਦੇ ਕਰੀਬ ਵਿਸ਼ੇਸ਼ ਜਾਂਚ ਟੀਮਾਂ ਕਾਇਮ ਕੀਤੀਆਂ ਗਈਆਂ। ਪੰਜਾਬ ਵਿਚ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਦਾ ਕੋਈ ਸੁਰਾਗ ਨਾ ਲੱਗਣ ਕਾਰਨ ਪੁਲਿਸ ਵਿਚ ਪੇਸ਼ੇਵਾਰਾਨਾ ਪਹੁੰਚ ਦੀ ਘਾਟ ਰੜਕਣ ਲੱਗੀ ਹੈ। ਅਗਸਤ 2016 ਵਿਚ ਆਰ.ਐਸ.ਐਸ. ਨੇਤਾ ਬ੍ਰਿਗੇਡੀਅਰ ਗਗਨੇਜਾ ਦੀ ਹੱਤਿਆ ਕੀਤੀ ਗਈ ਤਾਂ ਪੁਲਿਸ ਨੇ ਇਸ ਮਾਮਲੇ ਨੂੰ ਸਰਸਰੀ ਲਿਆ। ਉਸ ਤੋਂ ਬਾਅਦ ਵਿਸ਼ੇਸ਼ ਵਿਅਕਤੀਆਂ ਨੂੰ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਵਧਣ ਲੱਗੀਆਂ।

ਲੁਧਿਆਣਾ ਵਿਚ ਹੀ ਆਰ.ਐਸ.ਐਸ. ਦੇ ਦਫਤਰ 'ਤੇ ਹਮਲਾ, ਨਾਮਧਾਰੀ ਆਗੂ ਮਾਤਾ ਚੰਦ ਕੌਰ, ਹਿੰਦੂ ਨੇਤਾ ਦੁਰਗਾ ਦਾਸ, ਅਮਿਤ ਕੁਮਾਰ, ਡੇਰਾ ਸਿਰਸਾ ਦੇ ਸ਼ਰਧਾਲੂ ਸਤਪਾਲ ਤੇ ਉਸ ਦਾ ਪੁੱਤਰ ਰਮੇਸ਼ ਕੁਮਾਰ ਤੇ ਹਾਲ ਹੀ ਵਿਚ ਪਾਦਰੀ ਸੁਲਤਾਨ ਮਸੀਹ ਨੂੰ ਕਤਲ ਕਰ ਦਿੱਤਾ ਸੀ। ਅਜਿਹੀਆਂ ਵਾਰਦਾਤਾਂ ਵਧਣ ਨਾਲ

(ਬਾਕੀ ਸਫਾ 6 'ਤੇ)

# ਮਜੀਠੀਆ ਮੁੜ ਚਰਚਾ 'ਚ



**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਬਾਦਲ ਸਰਕਾਰ ਵੇਲੇ ਨਸ਼ਾ ਤਸਕਰੀ ਦੇ ਦੋਸ਼ਾਂ ਕਾਰਨ ਵਿਵਾਦਾਂ ਵਿਚ ਰਿਹਾ ਵਿਧਾਇਕ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਹੁਣ ਮੁੜ ਚਰਚਾ ਵਿਚ ਹੈ। ਕਾਂਗਰਸੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੇ ਜਿਥੇ ਮਜੀਠੀਆ ਨੂੰ ਘੇਰਨ ਲਈ ਕੈਪਟਨ ਸਰਕਾਰ ਉਤੇ ਦਬਾਅ ਵਧਾ ਦਿੱਤਾ ਹੈ, ਉਥੇ 'ਦਿ ਟ੍ਰਿਬਿਊਨ' ਅਖਬਾਰ ਨੇ ਇਸ ਅਕਾਲੀ ਆਗੂ ਤੋਂ ਮੁਆਫੀ ਮੰਗ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਯਾਦ ਰਹੇ ਕਿ 'ਦਿ ਟ੍ਰਿਬਿਊਨ' ਨੇ ਬਾਦਲ ਸਰਕਾਰ ਵੇਲੇ ਮਜੀਠੀਆ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਦਾ ਮੁੱਦਾ ਸਭ ਤੋਂ ਵੱਧ ਚੁੱਕਿਆ ਸੀ। 600 ਕਰੋੜ ਦੀ ਨਸ਼ਾ ਤਸਕਰੀ ਕੇਸ ਵਿਚ ਫਸੇ ਸਾਬਕਾ ਪੁਲਿਸ ਅਧਿਕਾਰੀ ਤੇ ਭਲਵਾਨ ਜਗਦੀਸ਼ ਸਿੰਘ ਭੋਲਾ ਵੱਲੋਂ ਮਜੀਠੀਆ ਦਾ ਨਾਂ ਲੈਣ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਇਸ ਆਗੂ ਤੋਂ ਪੁੱਛਗਿੱਛ ਕਾਰਨ ਇਹ ਮਾਮਲਾ ਕਾਫੀ ਭਖਿਆ ਸੀ। ਹੁਣ ਇਸ ਅਖਬਾਰ ਨੇ ਪਹਿਲੇ ਪੰਨੇ 'ਤੇ ਖਬਰ ਛਾਪ ਕੇ ਆਖ ਦਿੱਤਾ ਹੈ ਕਿ ਉਸ ਨੇ ਇਸ ਆਗੂ ਖਿਲਾਫ ਕਾਫੀ ਜਾਂਚ ਕੀਤੀ ਅਤੇ ਉਸ ਨੂੰ ਕੁਝ ਵੀ ਨਹੀਂ ਲੱਭਿਆ। ਇਸ ਲਈ ਅਖਬਾਰ ਮਜੀਠੀਆ ਵਿਰੁਧ ਛਾਪੀਆਂ ਦੋ ਖਬਰਾਂ ਲਈ ਮੁਆਫੀ ਮੰਗਦਾ ਹੈ। ਮਜੀਠੀਆ ਨੇ ਜਿਥੇ ਇਸ 'ਮੁਆਫੀ' ਲਈ ਅਖਬਾਰ ਦਾ ਧੰਨਵਾਦ ਕਰ ਦਿੱਤਾ, ਉਥੇ ਵਿਰੋਧੀ ਧਿਰਾਂ ਨੇ ਅਖਬਾਰ 'ਤੇ ਇਸ ਤਾਕਤਵਰ ਸਿਆਸੀ ਆਗੂ 'ਤੇ ਗੋਡੇ ਟੇਕਣ ਦਾ ਦੋਸ਼ ਲਾ ਦਿੱਤਾ ਹੈ।

ਦੱਸ ਦਈਏ ਕਿ ਮਜੀਠੀਆ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਦੀ ਜਾਂਚ ਚਾਰ ਏਜੰਸੀਆਂ ਕਰ ਰਹੀਆਂ ਹਨ ਜੋ ਅਜੇ ਕਿਸੇ ਬੰਨੇ ਨਹੀਂ ਲੱਗੀ। ਪਤਾ ਲੱਗਾ ਹੈ ਕਿ ਮਜੀਠੀਆ ਦੀ ਮੁਆਫੀ ਉਤੇ ਇਸ ਅਖਬਾਰ ਦੇ ਅੰਦਰ ਵੀ ਭੁਚਾਲ ਆਇਆ ਹੋਇਆ ਹੈ ਕਿ ਇਹ ਸਪਸ਼ਟੀਕਰਨ ਇੰਨੀ ਪ੍ਰਮੁਖਤਾ ਨਾਲ ਕਿਵੇਂ ਲਾਇਆ ਗਿਆ, ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਮਜੀਠੀਆ ਨੂੰ ਇਹ 'ਮੁਆਫੀ' ਉਸ ਵੇਲੇ ਮਿਲੀ ਹੈ ਜਦੋਂ ਪੰਜਾਬ ਦੇ ਕਾਂਗਰਸੀ ਵਿਧਾਇਕ ਆਪਣੀ ਹੀ ਸਰਕਾਰ 'ਤੇ ਮਜੀਠੀਆ ਖਿਲਾਫ ਢਿੱਲ ਵਰਤਣ ਦੇ ਦੋਸ਼ ਲਾ ਰਹੇ ਹਨ। ਕੁਝ ਦਿਨ ਪਹਿਲਾਂ ਹੀ ਮਾਝੇ ਦੇ ਕਾਂਗਰਸੀ ਆਗੂਆਂ ਨੇ ਮਜੀਠਾ ਕਸਬੇ ਵਿਚੋਂ ਮਜੀਠੀਆ ਖਿਲਾਫ਼ ਸਿਆਸੀ ਜੰਗ ਦਾ ਐਲਾਨ ਕੀਤਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਸ਼ਿਆਂ ਦੇ ਕਾਰੋਬਾਰ ਦੇ ਦੋਸ਼ ਹੇਠ ਮਜੀਠੀਆ ਖਿਲਾਫ਼ ਕਾਰਵਾਈ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਹੈ। ਯਾਦ ਰਹੇ ਕਿ ਮਜੀਠੀਆ ਦਾ ਨਾਂ 600 ਕਰੋੜ ਦੀ ਨਸ਼ਾ ਤਸਕਰੀ ਵਿਚ ਬੋਲਿਆ ਸੀ। ਇਸ ਮਾਮਲੇ ਵਿਚ ਮੁੱਖ ਮੁਲਜ਼ਮ ਜਗਦੀਸ਼ ਸਿੰਘ ਭੋਲੇ ਨੇ ਸਾਫ ਕਹਿ ਦਿੱਤਾ ਸੀ ਕਿ ਨਸ਼ੇ ਦਾ ਸਾਰਾ ਕਾਰੋਬਾਰ ਮਜੀਠੀਏ ਦੇ ਸਿਰ 'ਤੇ ਚਲਦਾ ਸੀ। ਇਸ ਪਿੱਛੋਂ ਬਾਦਲ ਸਰਕਾਰ ਉਤੇ ਦਬਾਅ ਬਣਿਆ ਸੀ ਕਿ ਮਜੀਠੀਏ ਨੂੰ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤਾ ਜਾਵੇ, ਪਰ ਬਾਦਲ ਇਸੇ ਗੱਲ 'ਤੇ ਅੜੇ ਰਹੇ

(ਬਾਕੀ ਸਫਾ 6 'ਤੇ)

ਜਨਵਰੀ - ਜੂਨ 2018
ਅੰਮ੍ਰਿਤਸਰ $999
ਦਿੱਲੀ $799
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Fares shown above are from Detroit for departure between Jan 5th and June 7th. Fare may change without notice, please call our office more details. Other conditions apply.

COLDWELL BANKER
Residential Brokerage
Thinking Real Estate?
TAJ HOME GROUP
BUYERS we'll find the right home for you.
We have a common goal: Making you a homeowner.
SELLERS we know your local markets
Allow us to list your home for a quick sale.
GURDEEP KAHLON
224-409-4042
iShowHomes@yahoo.com
PRADEEP SINGH
847-322-5832
iShowHomes@Yahoo.com
20 S. Roselle Rd., Schaumburg, IL 60193

ੴ ਸਤਿਗੁਰ ਪ੍ਰਸਾਦਿ॥

ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥

# ਮੂਲ ਨਾਨਕਸ਼ਾਹੀ ਕੈਲੰਡਰ

## ਦੋ ਰੋਜ਼ਾ ਕਾਨਫਰੰਸ

**11 ਨਵੰਬਰ (ਮੁੱਖ ਪ੍ਰੋਗਰਾਮ) ਅਤੇ 12 ਨਵੰਬਰ 2017**

*ਸਵੇਰੇ 10 ਤੋਂ ਸ਼ਾਮ 5 ਵਜੇ ਤੱਕ*

**ਗੁਰਦੁਆਰਾ ਸਾਹਿਬ ਪੈਲਾਟਾਈਨ**

1280 Winnetka St., Palatine, IL 60067
Ph: 847-358-1117

MOOL 14 ੧ NANAKSHAHI CALENDAR

App Available for Download on Android & iOS

Google Play · App Store

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਆਜ਼ਾਦੀ, ਬਰਾਬਰੀ ਤੇ ਸਵੈਮਾਣ ਉਤੇ ਆਧਾਰਤ ਭਾਈਚਾਰੇ ਦੀ ਸਿਰਜਣਾ ਲਈ ਸੇਵਾ, ਸਿਮਰਨ, ਸਾਧਨਾ, ਸਹਿਜ, ਸਿਦਕ, ਸੰਜਮ, ਸੁੱਚ ਤੇ ਪ੍ਰੇਮ ਦੇ ਗੁਣਾਂ ਨੂੰ ਬੁਨਿਆਦ ਬਣਾਇਆ। ਮਨੁੱਖੀ ਮਨ, ਸਰੀਰ, ਪਰਿਵਾਰ, ਸਮਾਜ, ਰਾਜ, ਧਰਮ, ਸਭਿਆਚਾਰ ਅਤੇ ਕਿਰਦਾਰ ਨੂੰ ਸੰਤੁਲਿਤ ਰੱਖਣ ਲਈ ਇੱਕ ਅਕਾਲ ਪੁਰਖ ਨਾਲ ਜੁੜਨ ਲਈ ਸੋਝੀ ਦਿੱਤੀ। ਵਹਿਮਾਂ, ਭਰਮਾਂ ਤੇ ਭੁਲਾਂਦਰਿਆਂ ਤੋਂ ਮੁਕਤ ਹੋਣ ਦਾ ਰਾਹ ਦੱਸਿਆ। ਨਵੇਂ ਮਨੁੱਖ ਨੂੰ ਸਿੱਖ ਦੀ ਉਪਾਧੀ ਦਿੱਤੀ। ਅਜਿਹੇ ਦਾਰਸ਼ਨਿਕ ਭਾਈਚਾਰੇ ਲਈ ਬ੍ਰਾਹਮਣਵਾਦ ਦੇ ਮਕਰਜਾਲ ਵਾਲਾ ਕੈਲੰਡਰ ਰਾਸ ਨਹੀਂ ਆ ਸਕਦਾ। ਸ. ਪਾਲ ਸਿੰਘ ਪੁਰੇਵਾਲ ਨੇ ਦੋ ਦਹਾਕੇ ਲਾ ਕੇ ਸਿੱਖ ਸੰਕਲਪਾਂ ‘ਤੇ ਆਧਾਰਤ ਸਿੱਖ ਜਗਤ ਦਾ ਆਪਣਾ ਕੈਲੰਡਰ ਤਿਆਰ ਕੀਤਾ ਹੈ। ਇਸ ਕੈਲੰਡਰ ਨੂੰ ਸਿੱਖ ਕੌਮ ਦੇ ਅਦਾਰਿਆਂ ਵਿਚ ਸੰਪੂਰਨ ਰੂਪ ਵਿਚ ਲਾਗੂ ਕਰਨਾ ਹੀ ਉਨ੍ਹਾਂ ਦਾ ਅਸਲ ਸਨਮਾਨ ਅਤੇ ਸਿੱਖ ਕੌਮ ਦੀ ਪਛਾਣ ਬਣ ਸਕਦਾ ਹੈ।

ਸਿੱਖ ਸੰਗਤਾਂ ਭਲੀ ਭਾਂਤ ਜਾਣਦੀਆਂ ਹਨ ਕਿ ਕਿਵੇਂ ਪਹਿਲਾਂ 1999 ਵਿਚ ਸਰਬ ਸੰਮਤੀ ਅਤੇ ਸਮੂਹਿਕ ਤੌਰ ‘ਤੇ ਇਕਸਾਰਤਾ ਨੂੰ ਮੁੱਖ ਰੱਖਦਿਆਂ ਨਾਨਕਸ਼ਾਹੀ ਕੈਲੰਡਰ ਨੂੰ ਸਮੂਹ ਗੁਰਦੁਆਰਿਆਂ ਅਤੇ ਪੰਥਕ ਸੰਸਥਾਵਾਂ ਨੇ ਲਾਗੂ ਕੀਤਾ ਸੀ। ਇਹ ਕੈਲੰਡਰ ਸ. ਪਾਲ ਸਿੰਘ ਪੁਰੇਵਾਲ ਨੇ ਕਰੜੀ ਮਿਹਨਤ ਨਾਲ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਸੀ। ਉਸ ਸਮੇਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਹੋਲੇ ਮਹੱਲੇ ਦੇ ਦਿਵਸ ਸ਼ਾਮਿਲ ਨਾ ਕੀਤੇ ਜਾ ਸਕੇ। ਸਿੱਖ ਕੌਮ ਦੇ ਇਸ ਸੰਕਲਪ ਨੂੰ ਪੂਰਿਆਂ ਕਰਨ ਅਤੇ ਇਹ ਸੁਨੇਹਾ ਦੇਣ ਲਈ ਕਿ ਸਿੱਖ ਕੌਮ ਦੀ ਬਾਕੀ ਵਿਲੱਖਣ ਕੌਮਾਂ ਵਾਂਗ ਆਪਣੀ ਸੁਤੰਤਰ ਹੋਂਦ ਹੈ ਜਿਸ ਦਾ ਆਪਣਾ ਕੈਲੰਡਰ ਹੈ, ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਵਲੋਂ ਸਮੂਹ ਗੁਰਦੁਆਰਿਆਂ ਅਤੇ ਪੰਥਕ ਸੰਸਥਾਵਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਸਬੰਧੀ ਪੂਰੀ ਜਾਣਕਾਰੀ ਦੇਣ ਅਤੇ ਲਾਗੂ ਕਰਨ ਦੀ ਪ੍ਰਕ੍ਰਿਆ ਲਈ ਵਿਚਾਰ ਲਈ ਨਿਮਰਤਾ ਸਹਿਤ 11 ਅਤੇ 12 ਨਵੰਬਰ (ਸਨਿਚਰਵਾਰ ਅਤੇ ਐਤਵਾਰ) ਲਈ ਸੱਦਾ ਦਿੰਦੀ ਹੈ।

## -----> ਪਹੁੰਚ ਰਹੇ ਬੁਲਾਰੇ <-----




ਸ. ਪਾਲ ਸਿੰਘ ਪੁਰੇਵਾਲ



ਡਾ. ਸੁਖਪ੍ਰੀਤ ਸਿੰਘ ਉਦੋਕੇ



ਪ੍ਰੋ. ਨਿਰੰਜਣ ਸਿੰਘ ਢੇਸੀ



ਸ. ਸਰਬਜੀਤ ਸਿੰਘ ਸੈਕਰਾਮੈਂਟੋ



ਸ. ਸੁਰਿੰਦਰ ਸਿੰਘ (ਟਾਕਿੰਗ ਪੰਜਾਬ)



ਬੀਬੀ ਜਸਬੀਰ ਕੌਰ ਓਹਾਇਓ

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ. ਮਹਾਂਬੀਰ ਸਿੰਘ 630-221-0803
ਸ. ਹਰਕੀਰਤ ਸਿੰਘ 630-870-9319
ਸ. ਹਰਜੀਤ ਸਿੰਘ 847-833-5340
ਬੀਬੀ ਜਸਵੀਰ ਕੌਰ 224-545-0542

ਸ. ਪਰਦੀਪ ਸਿੰਘ 847-989-5723
ਸ. ਇਰਵਿਨਪ੍ਰੀਤ ਸਿੰਘ 847-942-5150
ਸ. ਠਾਕਰ ਸਿੰਘ 847-736-6092

ਪ੍ਰਿੰਸੀਪਲ ਅਮਰਦੇਵ ਸਿੰਘ 708-612-7963
ਪ੍ਰੋ. ਕੁਲਵੰਤ ਸਿੰਘ 630-995-0670
ਸ. ਸੁਰਿੰਦਰਪਾਲ ਸਿੰਘ 847-305-9119
ਸ. ਸਰਵਣ ਸਿੰਘ 224-628-5522

SIKH Religious Society
PALATINE GURDWARA

**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

**ਸਹਿਯੋਗੀ ਜਥੇਬੰਦੀਆਂ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਵੂਮਨ ਐਰਾ, ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ, ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ-ਮਿਡਵੈਸਟ, ਪੰਜਾਬ ਸਪੋਰਟਸ ਐਂਡ ਕਲਚਰ ਐਸੋਸੀਏਸ਼ਨ (ਮਿਸ਼ੀਗਨ), ਗਲੋਬਲ ਸਿੱਖ ਕੌਂਸਲ, ਨੈਸ਼ਨਲ ਸਿੱਖ ਆਰਕਾਈਵਜ਼ ਆਫ ਕੈਨੇਡਾ, ਅਮੈਰਿਕਨ ਸਿੱਖ ਕੌਂਸਲ, ਇੰਡੋ-ਅਮੈਰਿਕਨ ਸੀਨੀਅਰ ਸੁਸਾਇਟੀ-ਇੰਡੀਅਨਐਪੋਲਿਸ ਅਤੇ ਸਿਕਾਗੋਲੈਂਡ ਤੇ ਮਿਡਵੈਸਟ ਦੀਆਂ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ।

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ


## ਰੱਬ ਨੂੰ ਤੈਂ ਕੀ ਦਰਦ ਨਾ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ


## ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਜਗਦੀਸ਼ਰ ਸਿੰਘ ਕਲੇਰ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਅਯੁਧਿਆ ਸਲਵਾਨ


ਰਘਬੀਰ ਸਿੰਘ ਘੁੰਨ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਸਿੰਘ ਭੁੱਲਰ



ਤਰਲੋਚਨ ਸਿੰਘ ਦੁਪਾਲਪੁਰ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਡਾ. ਗੁਰਬਖਸ਼ ਸਿੰਘ ਭੰਡਾਲ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਮੇਜਰ ਕੁਲਾਰ


ਇਕਬਾਲ ਜੱਬੋਵਾਲ

# ਪੰਜਾਬ ਟਾਈਮਜ਼

Ph: 847-359-0746

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

*e-mail: punjabtimes1@sbcglobal.net, website: www.punjabtimesusa.com*

# ਕਮਾਈ ਤੇ ਖਰਚੇ ਵਿਚਲਾ ਵੱਡਾ ਪਾੜਾ ਕੈਪਟਨ ਲਈ ਸਿਰਦਰਦੀ

**ਚੰਡੀਗੜ੍ਹ:** ਕਮਾਈ ਤੇ ਖਰਚ ਵਿਚਲਾ ਵੱਡਾ ਪਾੜਾ ਕੈਪਟਨ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਚਾਲੂ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਮਹਿਜ਼ 17529.25 ਕਰੋੜ ਰੁਪਏ ਵਸੂਲੀ ਹੋਈ ਹੈ, ਜੋ ਸਰਕਾਰੀ ਉਮੀਦ ਮੁਤਾਬਕ ਮਾਲੀ ਸਾਲ 2017-18 ਦੌਰਾਨ ਇਕੱਤਰ ਹੋਣ ਵਾਲੇ ਕੁੱਲ ਮਾਲੀਏ 60079.87 ਕਰੋੜ ਰੁਪਏ ਦਾ ਮਹਿਜ਼ 29.18 ਫੀਸਦੀ ਹੈ।

ਬੀਤੇ ਸਾਲ ਦੇ ਇਸ ਅਰਸੇ ਦੌਰਾਨ ਵਸੂਲੀ ਕੁੱਲ ਅਨੁਮਾਨ ਦੀ 35 ਫੀਸਦੀ ਹੋਈ ਸੀ। ਸੂਤਰਾਂ ਮੁਤਾਬਕ ਟਰਾਂਸਪੋਰਟ ਵਿਭਾਗ ਹੀ ਬੀਤੇ ਸਾਲ ਦੇ ਮੁਕਾਬਲੇ 17 ਫੀਸਦੀ ਵੱਧ ਮਾਲੀਆ ਵਸੂਲ ਸਕਿਆ ਹੈ। ਆਬਕਾਰੀ ਵਸੂਲੀ ਪਿਛਲੇ ਸਾਲ ਦੇ ਬਰਾਬਰ ਹੀ ਰਹੀ ਹੈ, ਜਦੋਂਕਿ ਬਾਕੀ ਸਾਰੀਆਂ ਕਰ ਤੇ ਗੈਰ ਕਰ ਵਸੂਲੀਆਂ ਵਿਚ ਸਰਕਾਰ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਪਛੜੀ ਹੋਈ ਹੈ।

ਪੰਜਾਬ ਵਿਚ ਮਾਲੀਆ ਵਸੂਲੀ ਅਤੇ ਜੀ.ਐਸ.ਟੀ. ਪ੍ਰਾਪਤੀਆਂ ਉਮੀਦ ਤੋਂ ਘੱਟ ਹੋਣ ਦਾ ਪਰਛਾਵਾਂ ਸਰਕਾਰ ਵੱਲੋਂ ਖੇਤੀ ਕਰਜ਼ ਮੁਆਫੀ ਅਤੇ ਸਨਅਤਾਂ ਨੂੰ ਸਸਤੀ ਬਿਜਲੀ ਦੇਣ ਦੀਆਂ ਸਕੀਮਾਂ ਉਤੇ ਵੀ ਪੈ ਰਿਹਾ ਹੈ। ਗੌਰਤਲਬ ਹੈ ਕਿ ਸਰਕਾਰ ਨੂੰ ਕਰਜ਼ ਮੁਆਫੀ ਲਈ ਫੌਰੀ 9500 ਕਰੋੜ ਰੁਪਏ ਦੀ ਲੋੜ ਹੈ। ਮਾਲੀ ਸਾਲ ਦੇ ਰਹਿੰਦੇ ਛੇ ਮਹੀਨਿਆਂ ਲਈ ਸਨਅਤਾਂ ਨੂੰ ਸਸਤੀ (ਪ੍ਰਤੀ ਯੂਨਿਟ ਪੰਜ ਰੁਪਏ) ਬਿਜਲੀ ਦੇਣ ਲਈ ਹੋਰ 1100 ਕਰੋੜ ਰੁਪਏ ਦਰਕਾਰ ਹਨ। ਇਹ ਮਾਮਲਾ ਲਮਕਣ ਕਾਰਨ ਪਹਿਲਾਂ ਹੀ ਕਿਸਾਨਾਂ ਦੇ ਗੁੱਸੇ ਅਤੇ ਵਿਰੋਧੀ ਪਾਰਟੀਆਂ ਦੇ ਹਮਲਿਆਂ ਦਾ ਸਾਹਮਣਾ ਕਰ ਰਹੀ ਸਰਕਾਰ ਬੇਤਾਬੀ ਨਾਲ ਅਜਿਹੇ ਹੀਲੇ ਦੀ ਭਾਲ ਵਿਚ ਹੈ ਕਿ ਉਹ ਘੱਟੋ-ਘੱਟ ਇਹ ਦੋਵੇਂ ਵਾਅਦੇ ਪੂਰੇ ਕਰ ਸਕੇ।

ਕਰਜ਼ਾ ਮੁਆਫੀ ਨੋਟੀਫਿਕੇਸ਼ਨ ਇਸੇ ਮਹੀਨੇ ਜਾਰੀ ਕਰਨ ਦੇ ਬਾਵਜੂਦ ਸਰਕਾਰ ਹਾਲੇ ਵੀ ਖੇਤੀ ਕਰਜ਼ਿਆਂ ਦੀ ਮੁਆਫੀ ਲਈ ਬੈਂਕਾਂ ਨੂੰ ਰਕਮਾਂ ਦੇਣ ਵਾਸਤੇ ਫੰਡ ਜੁਟਾਉਣ ਲਈ ਹੱਥ ਪੈਰ ਮਾਰ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਕਰਜ਼ ਮੁਆਫੀ ਦੇ ਪਹਿਲੇ ਗੇੜ ਲਈ ਬੈਂਕਾਂ ਦੇ ਇਕ ਸੰਘ ਤੋਂ 5000 ਕਰੋੜ ਰੁਪਏ ਦਾ ਕਰਜ਼ ਲਿਆ ਜਾ ਰਿਹਾ ਹੈ ਪਰ ਅਦਾਇਗੀ ਬਾਰੇ ਕੁਝ ਵੀ ਸਾਫ ਨਹੀਂ ਹੈ। ਇਸੇ ਤਰ੍ਹਾਂ ਸਰਕਾਰ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਰਜ਼ਾਮੰਦੀ ਦੇ ਚੁੱਕੀ ਹੈ ਕਿ ਇਹ ਸਨਅਤਾਂ ਨੂੰ ਦਿੱਤੀ ਜਾ ਰਹੀ ਸਬਸਿਡੀ ਦਾ ਭਾਰ ਖੁਦ ਝੱਲੇਗੀ, ਜਿਸ ਲਈ ਚਾਲੂ ਮਾਲੀ ਸਾਲ ਦੌਰਾਨ 1100 ਕਰੋੜ ਰੁਪਏ ਦੇਣੇ ਪੈਣਗੇ।



## ਸਰਕਾਰ ਕੋਲ ਖਰਚਾ ਘਟਾਉਣਾ ਹੀ ਇਕੋ ਇਕ ਬਦਲ

**ਚੰਡੀਗੜ੍ਹ:** ਸੂਬਾ ਸਰਕਾਰ ਕੋਲ ਖਰਚਾ ਘਟਾਉਣ ਤੇ ਵਿਭਾਗਾਂ ਦਾ ਪੁਨਰ ਗਠਨ ਕਰਨ ਦਾ ਬਦਲ ਹੀ ਰਹਿ ਗਿਆ ਹੈ। ਟਰਾਂਸਪੋਰਟ ਵਿਭਾਗ ਨੂੰ ਛੱਡ ਕੇ ਸੂਬੇ ਦੇ ਕਿਸੇ ਵੀ ਵਿਭਾਗ ਦਾ ਮਾਲੀਆ ਨਹੀਂ ਵਧਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਦੇ ਸੀਨੀਅਰ ਅਧਿਕਾਰੀਆਂ ਨਾਲ ਖਰਚੇ ਅਤੇ ਆਮਦਨ ਵਿਚਲੇ ਵਧ ਰਹੇ ਪਾੜੇ ਨੂੰ ਭਰਨ ਕਰਨ ਲਈ ਮੈਰਾਥਨ ਮੀਟਿੰਗ ਕੀਤੀ, ਇਸ ਦੇ ਬਾਵਜੂਦ ਕੋਈ ਢੁਕਵਾਂ ਰਾਹ ਨਜ਼ਰ ਨਹੀਂ ਆਇਆ।

## ਜੀ.ਐਸ.ਟੀ. ਨੇ ਵੀ ਵਿਗਾੜ ਦਿੱਤੀ ਖੇਡ

**ਚੰਡੀਗੜ੍ਹ:** ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਸਰਕਾਰ ਲਈ ਨਵੇਂ ਟੈਕਸ ਲਾਉਣੇ ਵੀ ਸੌਖੇ ਨਹੀਂ ਹਨ, ਕਿਉਂਕਿ 'ਇਕ ਦੇਸ਼, ਇਕਸਾਰ ਟੈਕਸ' ਦੇ ਨਾਅਰੇ ਹੇਠ ਜੀ.ਐਸ.ਟੀ. ਪ੍ਰਣਾਲੀ ਲਾਗੂ ਕੀਤੀ ਗਈ ਹੈ। ਜੀ.ਐਸ.ਟੀ. ਦੇ ਸੰਦਰਭ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮਹਿਸੂਸ ਕੀਤਾ ਹੈ ਕਿ ਨਵੇਂ ਟੈਕਸ ਲਾਉਣ ਦਾ ਦਾਇਰਾ ਬਹੁਤ ਸੀਮਤ ਹੈ। ਇਸ ਸਥਿਤੀ ਵਿਚ ਸੂਬਾ ਸਰਕਾਰ ਕੋਲ ਖਰਚੇ ਘਟਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।

# ਟਰੈਕਟਰਾਂ ਉਤੇ ਟੈਕਸ ਲਾਉਣ ਦਾ ਪੰਜਾਬ ਸਰਕਾਰ ਵੱਲੋਂ ਵਿਰੋਧ

**ਚੰਡੀਗੜ੍ਹ:** ਸਰਕਾਰ ਨੇ ਟਰੈਕਟਰ ਨੂੰ ਟਰਾਂਸਪੋਰਟ ਵਾਹਨ ਵਜੋਂ ਰਜਿਸਟਰ ਕਰਨ ਦੇ ਪ੍ਰਸਤਾਵ ਦਾ ਵਿਰੋਧ ਕਰਦਿਆਂ ਇਸ ਨੂੰ ਕਿਸਾਨ ਵਿਰੋਧੀ ਦੱਸਿਆ ਹੈ। ਰਾਜ ਦੇ ਖੇਤੀਬਾੜੀ ਕਮਿਸ਼ਨਰ ਬਲਵਿੰਦਰ ਸਿੰਘ ਸਿੱਧੂ ਵੱਲੋਂ ਕੇਂਦਰੀ ਟਰਾਂਸਪੋਰਟ ਮੰਤਰਾਲੇ ਨੂੰ ਭੇਜੇ ਪੱਤਰ ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਟਰੈਕਟਰ ਖੇਤੀਬਾੜੀ ਦੇ ਕੰਮ ਲਈ ਵਰਤਿਆ ਜਾਣ ਵਾਲਾ ਵਾਹਨ ਹੈ ਅਤੇ ਇਸ ਦੀ ਟਰਾਂਸਪੋਰਟ ਵਾਹਨ ਵਜੋਂ ਰਜਿਸਟਰੇਸ਼ਨ ਕਰਨੀ ਉਚਿਤ ਨਹੀਂ ਹੋਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਵਾਹਨ ਬਣਾਇਆ ਹੀ ਖੇਤੀ ਦੇ ਕੰਮਾਂ ਲਈ ਹੈ।

ਰਾਜ ਸਰਕਾਰ ਦੇ ਇਸ ਅਧਿਕਾਰੀ ਨੇ ਦਲੀਲ ਦਿੰਦਿਆਂ ਕਿਹਾ ਕਿ ਟਰੈਕਟਰ ਦੀ ਸਪੀਡ ਮੁਸ਼ਕਲ ਨਾਲ 15 ਤੋਂ 25 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੁੰਦੀ ਹੈ ਅਤੇ ਕਿਸਾਨ ਇਸ ਦੀ ਵਰਤੋਂ ਖੇਤੀ ਕੰਮਾਂ ਲਈ ਹੀ ਕਰਦੇ ਹਨ। ਜੇਕਰ ਕਿਸਾਨ ਟਰੈਕਟਰ ਨੂੰ ਸੜਕ 'ਤੇ ਲੈ ਕੇ ਵੀ ਆਉਂਦਾ ਹੈ ਤਾਂ ਇਸ ਦੀ ਵਰਤੋਂ ਜਿਣਸਾਂ ਨੂੰ ਮੰਡੀ ਤੱਕ ਲਿਆਉਣ ਜਾਂ ਬਾਜ਼ਾਰ ਵਿਚੋਂ ਖਾਦ ਆਦਿ ਲਿਜਾਣ ਲਈ ਹੀ ਕਰਦਾ ਹੈ।

ਇਸ ਮਾਮੂਲੀ ਵਰਤੋਂ ਨੂੰ ਟਰਾਂਸਪੋਰਟ ਦੇ ਧੰਦੇ ਦੀ ਵਰਤੋਂ ਨਹੀਂ ਕਿਹਾ ਜਾ ਸਕਦਾ। ਪੰਜਾਬ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾ ਇਹ ਕਦਮ ਖੇਤੀ ਖੇਤਰ 'ਤੇ ਵਾਧੂ ਵਿੱਤੀ ਬੋਝ ਪਾਵੇਗਾ।



ਪੰਜਾਬ ਸਰਕਾਰ ਨੇ ਤੱਥ ਪੇਸ਼ ਕਰਦਿਆਂ ਕਿਹਾ ਕਿ ਸੂਬੇ ਵਿਚ 4.72 ਲੱਖ ਟਰੈਕਟਰ ਹਨ। ਇਨ੍ਹਾਂ ਵਿਚੋਂ 90 ਫੀਸਦੀ ਟਰੈਕਟਰਾਂ ਦੀ ਵਰਤੋਂ ਸਿਰਫ ਖੇਤੀ ਕੰਮਾਂ ਲਈ ਹੁੰਦੀ ਹੈ।

# ਸੇਖਵਾਂ ਦੇ ਟਰੱਸਟ ਉਤੇ ਵਿਦੇਸ਼ੀ ਚੰਦਾ ਲੈਣ ਦੀ ਪਾਬੰਦੀ

**ਬਠਿੰਡਾ:** ਪੰਜਾਬ ਦੇ ਤਕਰੀਬਨ 30 ਟਰੱਸਟਾਂ ਅਤੇ ਸਮਾਜ ਸੇਵੀ ਸੰਗਠਨਾਂ ਉਤੇ ਵਿਦੇਸ਼ੀ ਚੰਦਾ ਲੈਣ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਟਰੱਸਟਾਂ ਵਿਚ ਸਾਬਕਾ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਦੇ ਪਰਿਵਾਰ ਨਾਲ ਸਬੰਧਤ 'ਜਥੇਦਾਰ ਉਜਾਗਰ ਸਿੰਘ ਸੇਖਵਾਂ ਮੈਮੋਰੀਅਲ ਟਰੱਸਟ' ਵੀ ਸ਼ਾਮਲ ਹੈ। ਵੱਡਾ ਝਟਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੂੰ ਲੱਗਾ ਹੈ। ਹੁਣ ਇਹ ਟਰੱਸਟ ਤੇ ਸੰਗਠਨ (ਐਨ.ਜੀ.ਓਜ਼.) ਵਿਦੇਸ਼ ਵਿਚੋਂ ਕਿਸੇ ਤਰ੍ਹਾਂ ਦਾ ਚੰਦਾ ਪ੍ਰਾਪਤ ਨਹੀਂ ਕਰ ਸਕਣਗੇ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਨ੍ਹਾਂ ਟਰੱਸਟਾਂ ਦੀ ਰਜਿਸਟਰੇਸ਼ਨ ਰੱਦ ਕਰਨ ਦੇ ਵੇਰਵੇ ਜਨਤਕ ਕੀਤੇ ਗਏ ਹਨ, ਜਿਨ੍ਹਾਂ ਅਨੁਸਾਰ ਫੌਰਨ ਕੰਟ੍ਰੀਬਿਊਸ਼ਨ ਰੈਗੂਲੇਸ਼ਨ ਐਕਟ 2010 ਦੀ ਉਲੰਘਣਾ ਕਰਨ ਵਜੋਂ ਇਨ੍ਹਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਐਨ.ਜੀ.ਓਜ਼. ਨੂੰ ਵਿਦੇਸ਼ਾਂ ਵਿਚੋਂ ਚੰਦਾ ਸਮਾਜਿਕ ਕੰਮਾਂ ਵਜੋਂ ਪ੍ਰਾਪਤ ਹੁੰਦਾ ਰਿਹਾ ਹੈ, ਪਰ ਇਨ੍ਹਾਂ ਐਨ.ਜੀ.ਓਜ਼. ਨੇ ਵਿਦੇਸ਼ੀ ਚੰਦੇ ਦਾ ਹਿਸਾਬ-ਕਿਤਾਬ ਨਹੀਂ ਦਿੱਤਾ ਹੈ ਜਾਂ ਰੈਗੂਲੇਸ਼ਨ ਐਕਟ ਦੇ ਨਿਯਮਾਂ ਵਿਚ ਕੋਤਾਹੀ ਕੀਤੀ ਹੈ। ਜਿਨ੍ਹਾਂ ਐਨ.ਜੀ.ਓਜ਼. ਦੀ ਰਜਿਸਟਰੇਸ਼ਨ ਰੱਦ ਕੀਤੀ ਗਈ ਹੈ, ਉਨ੍ਹਾਂ ਵਿਚ ਆਨੰਦ ਇਸ਼ਰ ਐਜੂਕੇਸ਼ਨਲ ਚੈਰੀਟੇਬਲ ਟਰੱਸਟ, ਬਾਬਾ ਫਰੀਦ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰਦੁਆਰਾ ਸ਼ਹੀਦ ਗੰਜ ਚੈਰੀਟੇਬਲ ਟਰੱਸਟ, ਠਕਰਾਲ ਐਜੂਕੇਸ਼ਨ ਫਾਊਂਡੇਸ਼ਨ, ਸੇਂਟ ਥਾਮਸ ਸੀਨੀਅਰ ਸੈਕੰਡਰੀ ਸਕੂਲ, ਮੁਨੀ ਲਾਲ ਚੈਰੀਟੇਬਲ ਟਰੱਸਟ ਤੇ ਗੁਰੂ ਰਵਿਦਾਸ ਐਜੂਕੇਸ਼ਨਲ ਟਰੱਸਟ ਆਦਿ ਸ਼ਾਮਲ ਹਨ।



## ਕਦੇ ਵੀ ਵਿਦੇਸ਼ੀ ਫੰਡ ਨਹੀਂ ਲਿਆ: ਸੇਖਵਾਂ

ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨੋਟਿਸ ਪ੍ਰਾਪਤ ਹੋਇਆ ਸੀ, ਪਰ ਉਨ੍ਹਾਂ ਨੇ ਖੁਦ ਹੀ ਟਰੱਸਟ ਦੀ ਰਜਿਸਟਰੇਸ਼ਨ ਰੀਨਿਊ ਕਰਾਉਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਨ੍ਹਾਂ ਨੇ ਕਦੇ ਵੀ ਵਿਦੇਸ਼ੀ ਫੰਡ ਨਹੀਂ ਲਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪਰਿਵਾਰ ਵੱਲੋਂ ਬਣਾਏ ਟਰੱਸਟ ਦੀ ਚੇਅਰਪਰਸਨ ਵੀ ਉਨ੍ਹਾਂ ਦੀ ਪਤਨੀ ਹੈ।

# ਮੋਦੀ ਰਾਜ ਵਿਚ ਤੇਲ ਕੰਪਨੀ ਦੇ ਆਏ 'ਅੱਛੇ ਦਿਨ'

**ਨਵੀਂ ਦਿੱਲੀ:** ਇੰਡੀਅਨ ਆਇਲ ਕਾਰਪੋਰੇਸ਼ਨ ਦਾ ਸ਼ੁਧ ਲਾਭ ਚਾਲੂ ਵਿੱਤੀ ਸਾਲ ਦੀ ਦੂਸਰੀ ਤਿਮਾਹੀ ਵਿਚ 18 ਫੀਸਦੀ ਵਧਿਆ ਹੈ। ਸ਼ੇਅਰ ਬਾਜ਼ਾਰ ਨੂੰ ਦਿੱਤੀ ਜਾਣਕਾਰੀ ਵਿਚ ਕੰਪਨੀ ਨੇ ਦੱਸਿਆ ਕਿ ਜੁਲਾਈ-ਸਤੰਬਰ ਤਿਮਾਹੀ ਵਿਚ ਉਨ੍ਹਾਂ ਦਾ ਸ਼ੁਧ ਲਾਭ 3,696.29 ਕਰੋੜ ਰੁਪਏ ਰਿਹਾ, ਜੋ ਇਸ ਤੋਂ ਪਿਛਲੇ ਵਿੱਤੀ ਸਾਲ ਦੀ ਇਸੇ ਤਿਮਾਹੀ ਵਿਚ 3,121.89 ਕਰੋੜ ਰੁਪਏ ਸੀ। ਮਤਲਬ, ਇਸ ਸਾਲ ਜੁਲਾਈ-ਸਤੰਬਰ ਤਿਮਾਹੀ ਵਿਚ ਕੰਪਨੀ ਨੇ 574.4 ਕਰੋੜ ਰੁਪਏ ਜ਼ਿਆਦਾ ਮੁਨਾਫਾ ਕਮਾਇਆ ਹੈ। ਕੰਪਨੀ ਦੀ ਘਰੇਲੂ ਵਿਕਰੀ 1.85 ਕਰੋੜ ਟਨ ਤੋਂ ਵਧ ਕੇ 1.9 ਕਰੋੜ ਟਨ ਹੋ ਗਈ, ਜਦੋਂ ਕਿ ਨਿਰਯਾਤ 52 ਫੀਸਦੀ ਵਧ ਕੇ 18.77 ਲੱਖ ਟਨ ਰਿਹਾ ਹੈ।

ਕੰਪਨੀ ਦੇ ਤੇਲ ਸੋਧਕ ਕਾਰਖਾਨਿਆਂ ਨੇ 1.61 ਕਰੋੜ ਟਨ ਕੱਚੇ ਤੇਲ ਦੀ ਸੋਧ ਕਰ ਕੇ ਬਾਲਣ ਤਿਆਰ ਕੀਤਾ ਹੈ। ਇਸ ਤੋਂ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ 'ਚ ਕੰਪਨੀ ਨੇ 1.56 ਕਰੋੜ ਟਨ ਕੱਚੇ ਤੇਲ ਦੀ ਸੋਧ ਕੀਤੀ ਸੀ। ਕੰਪਨੀ ਦੀ ਆਮਦਨ ਵਧ ਕੇ 1.1 ਲੱਖ ਕਰੋੜ ਰੁਪਏ ਰਹੀ, ਜੋ ਕਿ ਪਿਛਲੇ ਸਾਲ ਇਸ ਦੌਰਾਨ ਇਕ ਲੱਖ ਕਰੋੜ ਰੁਪਏ ਸੀ।

ਦੱਸਣਯੋਗ ਹੈ ਕਿ ਜਿਥੇ ਕੰਪਨੀ ਇੰਨਾ ਵੱਡਾ ਮੁਨਾਫਾ ਕਮਾ ਰਹੀ ਹੈ, ਉਥੇ ਇਹ ਤੇਲ ਦੀਆਂ ਕੀਮਤਾਂ ਘਟਾਉਣ ਦਾ ਉਪਰਾਲਾ ਨਹੀਂ ਕਰ ਰਹੀ, ਜਿਸ ਕਰ ਕੇ ਖਪਤਕਾਰਾਂ 'ਤੇ ਬੋਝ ਪਿਆ ਹੋਇਆ ਹੈ।

# ਠੇਕੇਦਾਰਾਂ ਨੂੰ ਪੰਜਾਬੀ ਗੁੱਠੇ ਲਾਉਣੀ ਪਈ ਮਹਿੰਗੀ

**ਬਠਿੰਡਾ:** ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਦੇ ਠੇਕੇਦਾਰਾਂ ਨੂੰ ਮਾਂ ਬੋਲੀ ਪੰਜਾਬੀ ਗੁੱਠੇ ਲਾਉਣੀ ਮਹਿੰਗੀ ਪੈ ਗਈ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਇਹ ਸ਼ਾਹਰਾਹ ਬਣਾ ਰਹੇ ਠੇਕੇਦਾਰਾਂ ਨੂੰ 20 ਦਿਨਾਂ ਅੰਦਰ ਸਾਰੇ ਸਾਈਨ ਬੋਰਡ ਬਦਲਣ ਦੇ ਹੁਕਮ ਦਿੱਤੇ ਹਨ।

ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਕਰੀਬ 180 ਕਿਲੋਮੀਟਰ ਲੰਬਾ ਹੈ ਤੇ ਇਸ ਨੂੰ ਚਹੁੰ ਮਾਰਗੀ ਬਣਾਏ ਜਾਣ ਦਾ ਕੰਮ ਤਿੰਨ ਫਰਮਾਂ ਦਲੀਪ ਬਿਲਡਰਜ਼, ਸਿੰਗਲਾ ਐਂਡ ਕੰਪਨੀ ਅਤੇ ਜੀਆਰਐਫ ਇਨਫਰਾ-ਪ੍ਰੋਜੈਕਟਸ ਨੂੰ ਦਿੱਤਾ ਗਿਆ ਹੈ। ਪ੍ਰੋਜੈਕਟ ਦੀ ਕੁੱਲ ਲਾਗਤ ਕਰੀਬ ਦੋ ਹਜ਼ਾਰ ਕਰੋੜ ਰੁਪਏ ਦੱਸੀ ਜਾ ਰਹੀ ਹੈ ਤੇ ਇਸ ਵਿਚ ਸਾਈਨ ਬੋਰਡ ਲਾਏ ਜਾਣਾ ਵੀ ਸ਼ਾਮਲ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਬਠਿੰਡਾ ਤੋਂ ਅੰਮ੍ਰਿਤਸਰ ਤੱਕ ਸਾਈਨ ਬੋਰਡਾਂ ਦੀ ਗਿਣਤੀ 1500 ਦੇ ਕਰੀਬ ਬਣਦੀ ਹੈ, ਜਿਨ੍ਹਾਂ 'ਤੇ ਕਰੀਬ ਤਿੰਨ ਕਰੋੜ ਰੁਪਏ ਦੀ ਲਾਗਤ ਆਈ ਸੀ ਅਤੇ ਲੇਬਰ ਦਾ ਖਰਚਾ ਵੱਖਰਾ ਸੀ। ਹੁਣ ਜਦੋਂ ਮਹਿਕਮੇ ਨੇ ਫਰਮਾਂ ਨੂੰ ਬੋਰਡ ਤਬਦੀਲ ਕਰਨ ਵਾਸਤੇ ਆਖਿਆ ਤਾਂ ਉਹ ਕਰੋੜਾਂ ਦੇ ਖਰਚ ਦੀ ਗੱਲ ਕਰਨ ਲੱਗ ਪਏ। ਸੂਤਰ ਦੱਸਦੇ ਹਨ ਕਿ ਠੇਕੇਦਾਰਾਂ ਨੂੰ ਹੁਣ ਬੋਰਡ ਤਬਦੀਲ ਕਰਾਉਣ 'ਤੇ ਕਰੀਬ ਤਿੰਨ ਤੋਂ ਚਾਰ ਕਰੋੜ ਰੁਪਏ ਦਾ ਖਰਚਾ ਸਮੇਤ ਲੇਬਰ ਪਵੇਗਾ। ਮਾਲਵਾ ਯੂਥ ਫੈਡਰੇਸ਼ਨ ਦੇ ਲੱਖਾ ਸਧਾਣਾ ਨੇ ਕਿਹਾ ਕਿ ਇਹ ਮਾਮੂਲੀ ਗਲਤੀ ਦਾ ਮਾਮਲਾ ਨਹੀਂ ਹੈ ਬਲਕਿ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਪੰਜਾਬੀ ਭਾਸ਼ਾ ਨੂੰ ਪਿੱਛੇ ਧੱਕਿਆ ਗਿਆ ਹੈ।

ਦੱਸਣਯੋਗ ਹੈ ਕਿ ਇਨ੍ਹਾਂ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਤੀਜੇ, ਅੰਗਰੇਜ਼ੀ ਨੂੰ ਦੂਜੇ ਅਤੇ ਹਿੰਦੀ ਨੂੰ ਪਹਿਲੇ ਨੰਬਰ ਉਤੇ ਰੱਖਿਆ ਗਿਆ ਸੀ ਜਿਸ ਤੋਂ ਪੰਜਾਬੀ ਭਾਸ਼ਾ ਪ੍ਰੇਮੀ ਖਫ਼ਾ ਹੋ ਗਏ। ਪੰਜਾਬੀ ਪ੍ਰੇਮੀਆਂ ਨੇ ਪਿਛਲੇ ਦਿਨਾਂ 'ਚ ਇਨ੍ਹਾਂ ਸਾਈਨ ਬੋਰਡਾਂ ਉਤੇ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ 'ਤੇ ਕਾਲਖ ਫੇਰ ਦਿੱਤੀ ਸੀ। ਹੰਗਾਮੇ ਮਗਰੋਂ ਪੰਜਾਬ ਸਰਕਾਰ ਨੇ ਇਹ ਸਾਈਨ ਬੋਰਡ ਬਦਲਣ ਦੀ ਪ੍ਰਵਾਨਗੀ ਲੈ ਲਈ ਹੈ।

## ਬੋਰਡਾਂ 'ਤੇ ਪੰਜਾਬੀ ਲਿਖਣ ਨਾਲ ਕੀ ਫਰਕ ਪੈਂਦੈ: ਕੈਪਟਨ

**ਜਲੰਧਰ:** ਪੰਜਾਬ ਦੀਆਂ ਸਰਕਾਰਾਂ ਮਾਤ ਭਾਸ਼ਾ ਪੰਜਾਬੀ ਲਈ ਕਿੰਨੀਆਂ ਕੁ ਸੁਹਿਰਦ ਹਨ, ਇਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਤੋਂ ਸਪਸ਼ਟ ਹੋ ਗਿਆ ਹੈ। ਕੈਪਟਨ ਦਾ ਕਹਿਣਾ ਹੈ ਕਿ ਸੜਕਾਂ ਤੇ ਜਨਤਕ ਥਾਂਵਾਂ ਉਤੇ ਲੱਗੇ ਬੋਰਡਾਂ 'ਤੇ ਪੰਜਾਬੀ ਲਿਖ ਦੇਣ ਨਾਲ ਕੀ ਫਰਕ ਪੈਂਦਾ ਹੈ। ਕੈਪਟਨ ਦੇ ਬਿਆਨ ਤੋਂ ਸਪਸ਼ਟ ਸੀ ਕਿ ਸੜਕਾਂ ਉਤੇ ਲੱਗੇ ਬੋਰਡਾਂ 'ਤੇ ਹਿੰਦੀ ਤੇ ਅੰਗਰੇਜ਼ੀ ਮਾਂ ਬੋਲੀ ਪੰਜਾਬੀ ਨਾਲੋਂ ਉਪਰ ਲਿਖਣ ਨਾਲ ਕੋਈ ਫਰਕ ਨਹੀਂ ਪੈਂਦਾ। ਜਲੰਧਰ ਪਹੁੰਚੇ ਕੈਪਟਨ ਤੋਂ ਜਦੋਂ ਪੁੱਛਿਆ ਕਿ ਜਨਤਕ ਥਾਂਵਾਂ 'ਤੇ ਲੱਗੇ ਬੋਰਡਾਂ ਉਪਰ ਅੰਗਰੇਜ਼ੀ ਤੇ ਹਿੰਦੀ ਨਾਲੋਂ ਪੰਜਾਬੀ ਹੇਠਾਂ ਲਿਖੀ ਗਈ ਹੈ। ਇਸ ਬਾਰੇ ਉਨ੍ਹਾਂ ਬੜੀ ਲਾਪਰਵਾਹੀ ਨਾਲ ਕਿਹਾ ਕਿ ਉਪਰ ਪੰਜਾਬੀ ਲਾ ਦਿਓ, ਵਿਚਾਲੇ ਅੰਗਰੇਜ਼ੀ, ਥੱਲੇ ਹਿੰਦੀ ਕੀ ਫਰਕ ਪੈਂਦਾ ਹੈ।

# ਵਿੱਤੀ ਗੜਬੜੀਆਂ: ਈ.ਡੀ. ਨੇ ਡੇਰਾ ਸਿਰਸਾ ਖਿਲਾਫ ਕੱਸਿਆ ਸ਼ਿਕੰਜਾ

**ਪੰਚਕੂਲਾ:** ਦੋ ਸਾਧਵੀਆਂ ਦੇ ਸਰੀਰਕ ਸ਼ੋਸ਼ਣ ਮਾਮਲੇ ਵਿਚ 20 ਸਾਲ ਦੀ ਸਜ਼ਾ ਭੁਗਤ ਰਹੇ ਰਾਮ ਰਹੀਮ ਖਿਲਾਫ ਈ.ਡੀ. ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਪਿੱਛੋਂ ਐਸ.ਆਈ.ਟੀ. ਵੱਲੋਂ ਈ.ਡੀ. ਨੂੰ ਦੋ ਬੈਗ ਸੌਂਪੇ ਗਏ ਹਨ, ਜਿਨ੍ਹਾਂ ਵਿਚ ਡੇਰੇ ਦੀਆਂ ਹਰਿਆਣਾ ਦੇ 11 ਜ਼ਿਲ੍ਹਿਆਂ ਸਮੇਤ 7 ਸੂਬਿਆਂ ਵਿਚਲੀਆਂ ਜਾਇਦਾਦਾਂ, ਲੈਣ-ਦੇਣ ਅਤੇ ਵਿਆਜ 'ਤੇ ਦਿੱਤੀ ਗਈ ਕਰੋੜਾਂ ਦੀ ਰਕਮ ਨਾਲ ਸਬੰਧਤ ਦਸਤਾਵੇਜ਼ ਸਨ। ਬੀਤੀ 25 ਅਗਸਤ ਨੂੰ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਡੇਰੇ ਸਿਰਸਾ ਵਿਖੇ ਕੁਝ ਦਸਤਾਵੇਜ਼ ਨਸ਼ਟ ਕਰ ਦਿੱਤੇ ਗਏ ਸਨ, ਜਦ ਕਿ ਕੁਝ ਦਸਤਾਵੇਜ਼ ਹਨੀਪ੍ਰੀਤ ਲੈ ਕੇ ਫਰਾਰ ਹੋ ਗਈ ਸੀ, ਜਿਨ੍ਹਾਂ ਵਿਚੋਂ ਕੁਝ ਦਸਤਾਵੇਜ਼ ਹਨੀਪ੍ਰੀਤ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਵੱਲੋਂ ਬਰਾਮਦ ਕਰ ਲਏ ਗਏ ਹਨ।



ਇਹ ਸਾਰੇ ਦਸਤਾਵੇਜ਼ ਹੁਣ ਈ.ਡੀ. ਕੋਲ ਪਹੁੰਚ ਚੁੱਕੇ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਐਸ.ਆਈ.ਟੀ. ਇੰਚਾਰਜ ਮੁਕੇਸ਼ ਮਲਹੋਤਰਾ ਨੇ ਦੱਸਿਆ ਕਿ 11 ਅਕਤੂਬਰ ਨੂੰ ਹਨੀਪ੍ਰੀਤ ਦੀ ਗ੍ਰਿਫਤਾਰੀ ਸਮੇਂ ਪੁਲਿਸ ਨੇ ਇਕ ਬੈਗ ਵੀ ਬਰਾਮਦ ਕੀਤਾ ਸੀ, ਜਿਸ ਵਿਚ ਰਾਮ ਰਹੀਮ ਤੇ ਹਨੀਪ੍ਰੀਤ ਦੀ ਜਾਇਦਾਦ ਦੇ ਕਾਗਜ਼ਾਤ ਸਨ, ਜਿਨ੍ਹਾਂ ਨੂੰ ਜਾਂਚ ਲਈ ਈ.ਡੀ. ਨੂੰ ਸੌਂਪ ਦਿੱਤਾ ਗਿਆ ਹੈ। ਹਨੀਪ੍ਰੀਤ ਦੀ ਨਿਸ਼ਾਨਦੇਹੀ 'ਤੇ ਗੁਰੂਸਰ ਮੋੜੀਆਂ ਤੋਂ ਵੀ ਇਕ ਬੈਗ ਬਰਾਮਦ ਕੀਤਾ ਗਿਆ ਸੀ, ਜਿਸ ਵਿਚ ਕਈ ਦਸਤਾਵੇਜ਼ ਸਨ ਤੇ ਇਹ ਵੀ ਜਾਂਚ ਲਈ ਈ.ਡੀ. ਨੂੰ ਸੌਂਪ ਦਿੱਤੇ ਗਏ ਹਨ।

# ਹੈਰੋਇਨ ਤਸਕਰੀ ਮਾਮਲੇ 'ਚ ਖਹਿਰਾ ਨੂੰ ਸੰਮਨ

**ਫਾਜ਼ਿਲਕਾ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਫਾਜ਼ਿਲਕਾ ਦੀ ਅਦਾਲਤ ਵੱਲੋਂ ਨਸ਼ਾ ਤਸਕਰੀ ਦੇ ਇਕ ਮਾਮਲੇ ਵਿਚ ਬਤੌਰ ਮੁਜ਼ਰਮ ਸੰਮਨ ਜਾਰੀ ਕਰ ਦਿੱਤਾ ਹੈ, ਜਿਸ ਨਾਲ 'ਆਪ' ਨੂੰ ਬਹੁਤ ਵੱਡਾ ਝਟਕਾ ਲੱਗਾ ਹੈ ਅਤੇ ਖਹਿਰਾ ਦੀਆਂ ਮੁਸੀਬਤਾਂ ਵਿਚ ਵੀ ਵਾਧਾ ਹੋ ਗਿਆ ਹੈ। ਸਾਲ 2015 ਵਿਚ ਫਾਜ਼ਿਲਕਾ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਇਕ ਮਾਮਲੇ ਵਿਚ ਫੜੇ ਗਏ ਦੋਸ਼ੀਆਂ ਦੇ ਉਸ ਵੇਲੇ ਦੇ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਨਾਲ ਸੰਪਰਕ ਹੋਣ ਦੀਆਂ ਖਬਰਾਂ ਪ੍ਰਮੁੱਖਤਾ ਨਾਲ ਉਠੀਆਂ ਸਨ।

# ਵਾਰਤਾਕਾਰਾਂ ਵਾਲੇ ਫਾਰਮੂਲੇ ਤੋਂ ਬਹੁਤੇ ਆਸਵੰਦ ਨਹੀਂ ਕਸ਼ਮੀਰੀ

## ਪਹਿਲੇ ਵਾਰਤਾਕਾਰਾਂ ਦੀਆਂ ਸਿਫਾਰਸ਼ਾਂ ਬਣੀਆਂ ਰੱਦੀ ਦੀ ਟੋਕਰੀ ਦਾ ਸ਼ਿੰਗਾਰ

**ਸ੍ਰੀਨਗਰ:** ਜੰਮੂ ਕਸ਼ਮੀਰ ਮਸਲੇ ਦਾ 'ਪੱਕਾ' ਹੱਲ ਕੱਢਣ ਲਈ ਕੇਂਦਰ ਸਰਕਾਰ ਵੱਲੋਂ ਇਕ ਅਹਿਮ ਕਦਮ ਚੁੱਕਦੇ ਹੋਏ ਆਈ.ਬੀ. ਦੇ ਸਾਬਕਾ ਮੁਖੀ ਦਿਨੇਸ਼ਵਰ ਸ਼ਰਮਾ ਨੂੰ ਵਾਰਤਾਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ।



ਇਸ ਨਿਯੁਕਤੀ ਸਬੰਧੀ ਕਸ਼ਮੀਰ ਦੇ ਅਵਾਮੀ ਹਲਕਿਆਂ ਵਿਚ ਕੋਈ ਖਾਸ ਉਤਸ਼ਾਹ ਨਜ਼ਰ ਨਹੀਂ ਆ ਰਿਹਾ ਹੈ। ਰਾਜ ਦੀ ਗੱਠਜੋੜ ਸਰਕਾਰ ਦੀ ਸਹਿਯੋਗੀ ਧਿਰ ਪੀ.ਡੀ.ਪੀ. ਆਪਣੀ ਸਾਖ ਬਚਾਉਣ ਲਈ ਹਾਲ ਦੀ ਘੜੀ ਇਸ ਫੈਸਲੇ ਨੂੰ ਕੇਂਦਰ ਵੱਲੋਂ ਉਠਾਇਆ ਅਹਿਮ ਕਦਮ ਦੱਸ ਰਹੀ ਹੈ ਜਦਕਿ ਵਿਰੋਧੀ ਧਿਰਾਂ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੇ ਨਾਲ ਹੋਰ ਖੇਤਰੀ ਪਾਰਟੀਆਂ, ਜਿਨ੍ਹਾਂ ਵਿਚ ਪੈਂਥਰਸ ਪਾਰਟੀ ਤੇ ਹੋਰ ਇਸ ਨੂੰ ਸਮਾਂ ਲੰਘਾਉਣ ਦੀ ਮਸ਼ਕ ਦੱਸ ਰਹੇ ਹਨ ਕਿਉਂਕਿ ਅੱਜ ਤੱਕ ਕਸ਼ਮੀਰ ਦੇ ਹਵਾਲੇ ਨਾਲ ਜਿਹੜੀ ਵੀ ਗੱਲਬਾਤ, ਵਾਰਤਾਕਾਰ ਤੇ ਕਮੇਟੀਆਂ ਨਿਯੁਕਤ ਹੋਈਆਂ, ਉਨ੍ਹਾਂ ਵੱਲੋਂ ਕੇਂਦਰ ਨੂੰ ਪੇਸ਼ ਕੀਤੀਆਂ ਰਿਪੋਟਰਾਂ ਜਾਂ ਸਿਫਾਰਸ਼ਾਂ 'ਤੇ ਗੌਰ ਕਰਨਾ ਤੇ ਦੂਰ ਦੀ ਗੱਲ ਸਗੋਂ ਇਨ੍ਹਾਂ ਬਾਰੇ ਕਦੇ ਮੁੜ ਚਰਚਾ ਵੀ ਨਾ ਹੋਈ ਤੇ ਇਹ ਟੋਕਰੀ ਦੀ ਰੱਦੀ ਹੋ ਗਈਆਂ।

ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਜੰਮੂ-ਕਸ਼ਮੀਰ ਦੇ ਸਾਰੇ ਫਿਰਕਿਆਂ ਨਾਲ ਸਰਕਾਰ ਵੱਲੋਂ ਗੱਲਬਾਤ ਦਾ ਸਵਾਗਤ ਕੀਤਾ ਹੈ, ਪਰ ਉਨ੍ਹਾਂ ਇਸ ਤਾਜ਼ਾ ਪਹਿਲ ਨੂੰ ਸ਼ੱਕ ਦੇ ਦਾਇਰੇ ਵਿਚ ਖੜ੍ਹੇ ਕਰਦੇ ਹੋਏ ਇਸ ਦੇ ਬੇਮਿਆਦੇ ਸਮੇਂ ਨੂੰ ਲੈ ਕੇ ਸਰਕਾਰ ਦੀ ਨੀਅਤ ਉਤੇ ਸਵਾਲ ਚੁੱਕੇ। ਉਨ੍ਹਾਂ ਕਸ਼ਮੀਰ ਦੇ ਮਸਲੇ ਨੂੰ ਸਿਆਸੀ ਮਸਲਾ ਕਰਾਰ ਦਿੰਦੇ ਹੋਏ ਕਿਹਾ ਕਿ ਇਸ ਦਾ ਹੱਲ ਵੀ ਸਿਆਸੀ ਢੰਗ ਨਾਲ ਹੀ ਨਿਕਲੇਗਾ, ਪਰ ਸਰਕਾਰ (ਭਾਜਪਾ) ਨੂੰ ਇਹ ਗੱਲ ਦੇਰ ਨਾਲ ਸਮਝ ਆਈ ਹੈ।

1990 ਦੇ ਦਹਾਕੇ ਵਿਚ ਕਸ਼ਮੀਰ ਵਿਖੇ ਅਤਿਵਾਦ ਦੇ ਸਿਰ ਚੁੱਕਣ ਤੋਂ ਬਾਅਦ ਪਹਿਲੀ ਵਾਰ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਗਵਾਈ ਵਿਚ ਇਕ ਆਲ ਪਾਰਟੀ ਡੈਲੀਗੇਸ਼ਨ ਕਸ਼ਮੀਰ ਪੁੱਜਾ ਸੀ। ਇਸ ਤੋਂ ਬਾਅਦ ਕੇਂਦਰ ਸਰਕਾਰ ਨੇ 2 ਵਾਰ ਕਸ਼ਮੀਰੀ ਵੱਖਵਾਦੀਆਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ। ਅਪਰੈਲ 2001 ਵਿਚ ਸਾਬਕਾ ਰੱਖਿਆ ਮੰਤਰੀ ਕੇ.ਸੀ. ਪੰਥ ਨੂੰ ਸਰਕਾਰ ਨੇ ਵਾਰਤਾਕਾਰ ਨਿਯੁਕਤ ਕੀਤਾ ਸੀ। ਉਸ ਵੇਲੇ ਹੁਰੀਅਤ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਦਕਿ ਕੇ.ਸੀ. ਪੰਥ ਵੱਲੋਂ ਸ਼ਬੀਰ ਅਹਿਮਦ ਸ਼ਾਹ ਨਾਲ ਮੁਲਾਕਾਤ ਕੀਤੀ ਗਈ, ਪਰ ਸ਼ਬੀਰ ਉਸ ਵੇਲੇ ਹੁਰੀਅਤ ਨਾਲ ਨਹੀਂ ਸੀ ਤੇ ਗੱਲਬਾਤ ਦੀ ਇਹ ਪਹਿਲ 2002 ਵਿਚ ਨਾਕਾਮ ਹੋ ਗਈ ਸੀ।

ਭਾਰਤ ਸਰਕਾਰ ਨੇ ਮੁੜ 2002 ਵਿਚ ਉਘੇ ਵਕੀਲ ਰਾਮ ਜੇਠਮਲਾਨੀ ਦੀ ਅਗਵਾਈ ਵਿਚ 8 ਮੈਂਬਰੀ ਕਸ਼ਮੀਰ ਕਮੇਟੀ ਨਿਯੁਕਤ ਕੀਤੀ ਤੇ ਵੱਖਵਾਦੀਆਂ ਨਾਲ ਗੱਲਬਾਤ ਕਰਨ ਲਈ ਭੇਜੀ, ਪਰ ਇਸ ਦਾ ਵੀ ਕੋਈ ਖਾਸ ਸਿੱਟਾ ਨਾ ਨਿਕਲਿਆ। 2003 ਵਿਚ ਸਾਬਕਾ ਗ੍ਰਹਿ ਸਕੱਤਰ ਐਨ.ਐਨ. ਵੋਹਰਾ, ਜਿਹੜੇ ਇਸ ਵੇਲੇ ਰਾਜ ਦੇ ਗਵਰਨਰ ਹਨ, ਨੂੰ ਵੱਖਵਾਦੀਆਂ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤਾ ਗਿਆ। ਵੱਖਵਾਦੀਆਂ ਨੇ ਇਹ ਕਹਿ ਕੇ ਗੱਲਬਾਤ ਤੋਂ ਇਨਕਾਰ ਕਰ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਤੋਂ ਬਗੈਰ ਕਿਸੇ ਨਾਲ ਵੀ ਗੱਲ ਨਹੀਂ ਕਰਨਗੇ।

ਭਾਰਤ ਸਰਕਾਰ ਨੇ ਉਸ ਵੇਲੇ ਮੌਜੂਦਾ ਵਿੱਤ ਮੰਤਰੀ ਅਰੁਣ ਜੇਤਲੀ ਤੇ ਸਾਬਕਾ ਰਾਅ ਅਧਿਕਾਰੀ ਏ.ਐਸ. ਦੌਲਤ ਦਾ ਵੀ ਇਸਤੇਮਾਲ ਕੀਤਾ, ਪਰ ਉਨ੍ਹਾਂ ਨੂੰ ਵੀ ਇਸ ਵਿਚ ਕੁਝ ਪ੍ਰਾਪਤ ਨਾ ਹੋਇਆ। ਉਕਤ ਕੋਸ਼ਿਸ਼ਾਂ ਤੋਂ ਪਤਾ ਲਗਦਾ ਹੈ ਕਿ 90 ਦੇ ਦਹਾਕੇ ਤੋਂ ਬਾਅਦ ਵਾਦੀ 'ਚ ਮਸਲੇ ਦੇ ਹੱਲ ਲਈ ਅੱਜ ਤੱਕ ਕੀਤੀਆਂ ਗਈਆਂ ਤਮਾਮ ਕੋਸ਼ਿਸ਼ਾਂ ਦਾ ਜ਼ਮੀਨੀ ਪੱਧਰ 'ਤੇ ਕੋਈ ਨਤੀਜਾ ਨਜ਼ਰ ਨਹੀਂ ਆਇਆ ਹੈ।

### ਔਖੇ ਸਮੇਂ ਆਉਂਦੀ ਹੈ ਸਰਕਾਰ ਨੂੰ ਸੁਲ੍ਹਾ ਸਫਾਈ ਦੀ ਯਾਦ

ਸਿਆਸੀ ਮਾਹਰਾਂ ਅਨੁਸਾਰ ਜਦੋਂ ਵੀ ਕਸ਼ਮੀਰ ਵਿਚ ਹਾਲਾਤ ਵਿਗੜ ਜਾਂਦੇ ਹਨ ਤੇ ਲੋਕਾਂ ਦਾ ਸਰਕਾਰ ਤੋਂ ਵਿਸ਼ਵਾਸ ਉਠ ਜਾਂਦਾ ਹੈ ਤਾਂ ਕੇਂਦਰ ਸਰਕਾਰ ਹਰਬੇ ਦੇ ਤੌਰ ਉਤੇ ਗੱਲਬਾਤ ਦੇ ਨਾਂ ਉਤੇ ਕਸ਼ਮੀਰ ਵਿਚ ਕੋਈ ਅਮਲ ਸ਼ੁਰੂ ਕਰ ਦਿੰਦੀ ਹੈ। ਠੀਕ ਇਸੇ ਤਰ੍ਹਾਂ ਨਵੇਂ ਵਾਰਤਾਕਾਰ ਦੀ ਨਿਯੁਕਤੀ ਦੇ ਮਾਮਲੇ ਨੂੰ ਵੀ ਲੋਕ ਇਸ ਨਜ਼ਰੀਏ ਨਾਲ ਹੀ ਵੇਖ ਰਹੇ ਹਨ। ਯੂ.ਪੀ.ਏ. ਸਰਕਾਰ ਵੇਲੇ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਰਹਿੰਦਿਆਂ 5 ਵਰਕਿੰਗ ਗਰੁੱਪ ਨਿਯੁਕਤ ਕੀਤੇ ਗਏ ਤੇ ਇਕ ਗੋਲ ਮੇਜ਼ ਕਾਨਫਰੰਸ ਵੀ ਕੀਤੀ ਗਈ, ਪਰ ਉਨ੍ਹਾਂ ਵੱਲੋਂ ਪੇਸ਼ ਰਿਪੋਰਟਾਂ ਤੇ ਸਿਫਾਰਸ਼ਾਂ ਉਤੇ ਕੋਈ ਅਮਲ ਨਹੀਂ ਕੀਤਾ ਗਿਆ। ਆਖਰੀ ਵਾਰ 2010 ਵਿਚ ਕਸ਼ਮੀਰ ਅੰਦੋਲਨ ਦੌਰਾਨ 120 ਵਿਅਕਤੀਆਂ ਦੇ ਮਾਰੇ ਜਾਣ ਤੋਂ ਬਾਅਦ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਭਾਰਤ ਸਰਕਾਰ ਨੇ 3 ਮੈਂਬਰੀ ਵਾਰਤਾਕਾਰਾਂ, ਜਿਨ੍ਹਾਂ ਵਿਚ ਮਰਹੂਮ ਦਲੀਪ ਪੰਡਗਾਵਕਰ, ਐਮ.ਐਮ. ਅੰਸਾਰੀ ਤੇ ਪ੍ਰੋ. ਰਾਧਾ ਕੁਮਾਰ ਸ਼ਾਮਲ ਸਨ, ਨੂੰ ਨਿਯੁਕਤ ਕੀਤਾ ਗਿਆ ਸੀ, ਜਿਨ੍ਹਾਂ ਕਸ਼ਮੀਰ 'ਚ ਹਰ ਤਬਕੇ ਨਾਲ ਗੱਲਬਾਤ ਕੀਤੀ ਤੇ ਆਪਣੀ ਰਿਪੋਰਟ ਕੇਂਦਰ ਦੇ ਟੇਬਲ ਉਤੇ ਰੱਖ ਦਿਤੀ, ਪਰ ਇਸ 'ਤੇ ਵੀ ਕੋਈ ਅਮਲ ਨਹੀਂ ਹੋਇਆ।

### ਕਸ਼ਮੀਰ ਨੂੰ ਸੀਰੀਆ ਬਣਨ ਤੋਂ ਰੋਕਣਾ ਤਰਜੀਹ: ਸ਼ਰਮਾ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਗੱਲਬਾਤ ਲਈ ਨਵ-ਨਿਯੁਕਤ ਵਾਰਤਾਕਾਰ ਦਿਨੇਸ਼ਵਰ ਸ਼ਰਮਾ ਨੇ ਕਿਹਾ ਕਿ ਕਸ਼ਮੀਰ ਦੀ ਨੌਜਵਾਨ ਪੀੜ੍ਹੀ ਤੋਂ ਕੱਟੜਪੁਣੇ ਦੀ ਪੁੱਠ ਲਾਹੁਣਾ, ਅਤਿਵਾਦੀਆਂ ਨੂੰ ਮੁੱਖ ਧਾਰਾ 'ਚ ਲਿਆਉਣਾ ਅਤੇ ਜੰਨਤ ਨੂੰ ਭਾਰਤ ਦੇ ਸੀਰੀਆ ਵਿਚ ਤਬਦੀਲ ਹੋਣ ਤੋਂ ਰੋਕਣਾ ਵਾਦੀ ਵਿਚ ਸਭ ਤੋਂ ਵੱਡੀ ਚੁਣੌਤੀ ਅਤੇ ਤਰਜੀਹ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਹਿੰਸਾ ਦਾ ਅੰਤ ਕਰਨਾ ਉਨ੍ਹਾਂ ਦਾ ਮਿਸ਼ਨ ਹੈ। ਸੂਬੇ ਵਿਚ ਜਲਦੀ ਤੋਂ ਜਲਦੀ ਸ਼ਾਂਤੀ ਕਾਇਮ ਕਰਨ ਲਈ ਕਿਸੇ ਨਾਲ ਵੀ ਗੱਲਬਾਤ ਕੀਤੀ ਜਾਵੇਗੀ ਭਾਵੇਂ ਉਹ ਰਿਕਸ਼ਾ ਚਾਲਕ ਹੀ ਕਿਉਂ ਨਾ ਹੋਵੇ।

# ਕਸ਼ਮੀਰ: ਪੁਲਿਸ ਮੁਲਾਜ਼ਮਾਂ ਦੇ ਅਤਿਵਾਦੀਆਂ ਨਾਲ ਰਲਣ ਦੇ ਮਾਮਲੇ ਵਧੇ

**ਸ੍ਰੀਨਗਰ:** ਕਸ਼ਮੀਰ ਵਿਚ ਪੁਲਿਸ ਮੁਲਾਜ਼ਮਾਂ ਵੱਲੋਂ ਅਤਿਵਾਦੀ ਸੰਗਠਨਾਂ ਵਿਚ ਰਲਣ ਦੇ ਮਾਮਲੇ ਵਧਣਾ ਵੱਡੀ ਚੁਣੌਤੀ ਬਣ ਗਿਆ ਹੈ। ਦੱਖਣੀ ਕਸ਼ਮੀਰ ਦੇ ਜ਼ਿਲ੍ਹਾ ਸ਼ੌਪੀਆ ਨਾਲ ਸਬੰਧਤ ਲਾਪਤਾ ਪੁਲਿਸ ਕਰਮੀ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਵਿਚ ਸ਼ਾਮਲ ਹੋ ਗਿਆ ਹੈ। ਇਸ਼ਫਾਕ ਅਹਿਮਦ ਡਾਰ ਵਾਸੀ ਹੈਫ ਸ਼ਰਮਿਲ ਪਿੰਡ ਜ਼ਿਲ੍ਹਾ ਸ਼ੌਪੀਆ ਸਾਲ 2012 ਦੌਰਾਨ ਪੁਲਿਸ 'ਚ ਭਰਤੀ ਹੋਇਆ ਸੀ ਤੇ ਜ਼ਿਲ੍ਹਾ ਬਡਗਾਮ ਵਿਚ ਤਾਇਨਾਤ ਸੀ।

ਟਰੇਨਿੰਗ ਸੈਂਟਰ ਕਠੂਆ ਵਿਚ ਟਰੇਨਿੰਗ ਦੌਰਾਨ ਉਸ ਦੇ ਛੁੱਟੀ 'ਤੇ ਜਾਣ ਤੋਂ ਬਾਅਦ ਉਹ ਡਿਊਟੀ ਉਤੇ ਵਾਪਸ ਨਹੀਂ ਪਰਤਿਆ। ਉਸ ਦੇ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਪੁਲਿਸ ਕੋਲ ਕੀਤੀ ਸੀ। ਇਹ ਪਹਿਲੀ ਵਾਰ ਨਹੀਂ ਹੈ ਕਿ ਕੋਈ ਪੁਲਿਸ ਕਰਮੀ ਅਤਿਵਾਦੀ ਸੰਗਠਨ 'ਚ ਸ਼ਾਮਲ ਹੋਇਆ ਹੋਵੇ। ਇਸ ਤੋਂ ਪਹਿਲਾਂ ਇਸੇ ਸਾਲ ਸ਼ੌਪੀਆ ਦਾ ਰਹਿਣ ਵਾਲਾ ਪੁਲਿਸ ਕਾਂਸਟੇਬਲ ਨਵੀਦ ਅਹਿਮਦ ਆਪਣੇ ਸਾਥੀਆਂ ਦੀਆਂ 4 ਇੰਸਾਸ ਰਾਈਫਲਾਂ ਲੈ ਕੇ ਫਰਾਰ ਹੋ ਗਿਆ ਸੀ ਤੇ ਹਿਜ਼ਬੁਲ 'ਚ ਸ਼ਾਮਲ ਹੋ ਗਿਆ।


27 ਮਾਰਚ ਨੂੰ ਕਾਂਸਟੇਬਲ ਨਸੀਰ ਪੰਡਿਤ ਜੋ ਸਿੱਖਿਆ ਮੰਤਰੀ ਅਲਾਫ ਬੁਖਾਰੀ ਦਾ ਗਾਰਡ ਸੀ, ਆਪਣੇ ਇਕ ਹੋਰ ਸਾਥੀ ਸਮੇਤ 2 ਏ.ਕੇ ਰਾਇਫਲਾਂ ਲੈ ਕੇ ਫਰਾਰ ਹੋ ਗਿਆ ਸੀ ਤੇ ਪਿਛਲੇ ਸਾਲ 7 ਅਪਰੈਲ ਨੂੰ ਫੌਜ ਨਾਲ ਮੁਕਾਬਲੇ 'ਚ ਮਾਰਿਆ ਗਿਆ ਸੀ। ਸਈਦ ਸਾਕਿਬ ਬਸ਼ੀਰ (ਐਸ.ਪੀ.ਓ) ਪੁਲਵਾਮਾ, ਨਵੰਬਰ 2015 ਵਿਚ ਪੁਲਿਸ ਛੱਡ ਹਿਜ਼ਬੁਲ 'ਚ ਸ਼ਾਮਲ ਹੋ ਗਿਆ ਸੀ ਤੇ 6 ਫਰਵਰੀ 2016 ਨੂੰ ਮੁਕਾਬਲੇ ਵਿਚ ਮਾਰਿਆ ਗਿਆ ਸੀ। ਜਨਵਰੀ 2016 ਵਿਚ ਕਾਂਸਟੇਬਲ ਸ਼ਕੂਰ ਅਹਿਮਦ ਪਰੇ ਡੀ.ਐਸ.ਪੀ ਦਾ ਗਾਰਡ ਡਿਊਟੀ 'ਤੋਂ 4 ਏ.ਕੇ 47 ਰਾਈਫਲਾਂ ਲੈ ਕੇ ਫਰਾਰ ਹੋ ਗਿਆ ਸੀ ਪਰ ਉਹ ਕੁਝ ਦਿਨਾਂ ਬਾਅਦ ਗ੍ਰਿਫਤਾਰ ਹੋ ਗਿਆ ਸੀ।

### ਮੋਦੀ ਸਮੇਂ ਕਾਂਗਰਸ ਨਾਲੋਂ ਚਾਰ ਗੁਣਾ ਵੱਧ ਫੌਜੀ ਸ਼ਹੀਦ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਗੋਲੀਬੰਦੀ ਦੀ ਉਲੰਘਣਾ ਵਿਚ ਕਾਂਗਰਸ ਦੇ ਮੁਕਾਬਲੇ ਮੋਦੀ ਸਰਕਾਰ ਸਮੇਂ ਚਾਰ ਗੁਣਾ ਵੱਧ ਜਵਾਨ ਸ਼ਹੀਦ ਹੋਏ ਹਨ। ਇਹ ਜਾਣਕਾਰੀ ਗ੍ਰਹਿ ਮੰਤਰਾਲੇ ਤੋਂ ਆਰ.ਟੀ.ਆਈ. ਦੇ ਜਵਾਬ ਵਿਚ ਮਿਲੀ ਹੈ। 2011 ਤੋਂ 2013 ਤੱਕ 10 ਜਵਾਨ ਤੇ 2014 ਤੋਂ 2017 ਤੱਕ 42 ਜਵਾਨ ਸ਼ਹੀਦ ਹੋਏ ਹਨ। 2015 ਤੋਂ ਸਤੰਬਰ 2017 ਤੱਕ 38 ਜਵਾਨ ਸ਼ਹੀਦ ਹੋਏ ਹਨ। ਇਹ ਤੱਥ ਸਾਹਮਣੇ ਆਉਣ ਉਤੇ ਮੋਦੀ ਸਰਕਾਰ ਦੀ ਰਣਨੀਤੀ ਉਤੇ ਸਵਾਲ ਖੜ੍ਹੇ ਹੋ ਰਹੇ ਹਨ। ਫੌਜ ਤੇ ਬੀ.ਐਸ.ਐਫ. ਦੇ ਸਾਲਾਨਾ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ 2011 ਵਿਚ 3, 2012 ਵਿਚ 2, 2013 ਵਿਚ 5, 2014 ਵਿਚ 3, 2010 ਵਿਚ 10, 2016 ਵਿਚ 12 ਤੇ ਸਭ ਤੋਂ ਜ਼ਿਆਦਾ 2017 ਵਿਚ 16 ਜਵਾਨ ਸ਼ਹੀਦ ਹੋਏ ਹਨ। ਇਸ ਤਰ੍ਹਾਂ ਭਾਜਪਾ ਦੇ ਰਾਜ ਵਿਚ ਕਾਂਗਰਸ ਤੋਂ ਕਿਤੇ ਜ਼ਿਆਦਾ ਜਵਾਨ ਸ਼ਹੀਦ ਹੋਏ ਹਨ। ਦੱਸਣਯੋਗ ਹੈ ਮੋਦੀ ਨੇ ਹੁਣ ਤੱਕ ਕਸ਼ਮੀਰ ਪ੍ਰਤੀ ਸਖਤ ਰਵੱਈਏ ਅਪਣਾਇਆ ਹੈ ਤੇ ਹੁਣ ਮੋਦੀ ਸਰਕਾਰ ਗੱਲਬਾਤ ਜ਼ਰੀਏ ਮਸਲਾ ਹੱਲ ਕਰਨਾ ਚਾਹੁੰਦੀ ਹੈ।

# ਆਈਨਸਟੀਨ ਦਾ 'ਖੁਸ਼ਹਾਲੀ ਦਾ ਸਿਧਾਂਤ' 1.5 ਮਿਲੀਅਨ ਡਾਲਰ ਵਿਚ ਵਿਕਿਆ

**ਯੇਰੂਸ਼ਲਮ:** ਮਸ਼ਹੂਰ ਵਿਗਿਆਨੀ ਅਲਬਰਟ ਆਈਨਸਟੀਨ ਦਾ 'ਖੁਸ਼ਹਾਲੀ ਦਾ ਸਿਧਾਂਤ' ਇਸ ਹਫਤੇ ਯੇਰੂਸ਼ਲਮ ਵਿਚ ਨਿਲਾਮੀ ਮੌਕੇ 1.5 ਮਿਲੀਅਨ ਡਾਲਰ ਵਿਚ ਵਿਕਿਆ ਹੈ। ਇਹ ਨੋਟ ਆਈਨਸਟੀਨ ਨੇ ਟੋਕੀਓ ਦੇ ਇੰਪੀਰੀਅਲ ਹੋਟਲ ਵਿਚ ਇਕ ਵੇਟਰ ਨੂੰ ਟਿਪ ਦੇ ਤੌਰ ਉਤੇ ਦਿੱਤਾ ਸੀ।



ਅਲਬਰਟ ਆਈਨਸਟੀਨ ਉਦੋਂ ਟੋਕੀਓ ਵਿਚ 1922 ਵਿਚ ਇਕ ਲੈਕਚਰ ਕਰਨ ਲਈ ਗਏ ਸਨ ਅਤੇ ਇਸੇ ਹੋਟਲ ਵਿਚ ਪਤਾ ਲੱਗਾ ਸੀ ਕਿ ਉਨ੍ਹਾਂ ਨੂੰ ਨੋਬਲ ਇਨਾਮ ਦਿੱਤਾ ਜਾ ਰਿਹਾ ਹੈ। ਜਦੋਂ ਵੇਟਰ ਨੇ ਇਹ ਸੰਦੇਸ਼ ਆਈਨਸਟੀਨ ਨੂੰ ਦਿੱਤਾ ਤਾਂ ਉਨ੍ਹਾਂ ਕੋਲ ਉਸ ਨੂੰ ਇਨਾਮ ਦੇਣ ਲਈ ਨਗਦ ਰਕਮ ਨਹੀਂ ਸੀ, ਇਸ ਲਈ ਇਹ ਸੰਦੇਸ਼ ਦੇਣ ਬਦਲੇ ਉਨ੍ਹਾਂ ਨੇ ਵੇਟਰ ਨੂੰ ਇਕ ਲਿਖਤੀ ਨੋਟ ਭੇਂਟ ਕੀਤਾ ਅਤੇ ਕਿਹਾ ਕਿ ਇਹ ਕਾਗਜ਼ ਟੁਕੜਾ ਬਹੁਕੀਮਤੀ ਹੋ ਸਕਦਾ ਹੈ। ਉਨ੍ਹਾਂ ਨੇ ਆਪਣੇ ਨੋਟ ਵਿਚ ਲਿਖਿਆ ਕਿ ਜੀਵਨ ਵਿਚ ਮੁਕਾਮ ਹਾਸਲ ਕਰਨ ਦੇ ਬਾਵਜੂਦ ਖੁਸ਼ੀ ਮਿਲਣ ਦੀ ਕੋਈ ਗਾਰੰਟੀ ਨਹੀਂ ਹੁੰਦੀ। ਉਨ੍ਹਾਂ ਨੇ ਇਹ ਨੋਟ ਹੋਟਲ ਦੇ ਇਕ ਪੈਡ ਉਤੇ ਲਿਖ ਦਿੱਤਾ ਸੀ। ਜਰਮਨੀ ਭਾਸ਼ਾ ਵਿਚ ਲਿਖਿਆ ਸੀ ਕਿ ਸਫਲਤਾ ਤੇ ਉਸ ਦੇ ਨਾਲ ਆਉਣ ਵਾਲੀ ਬੇਚੈਨੀ ਦੇ ਬਜਾਏ ਸ਼ਾਂਤ ਤੇ ਨਿਮਰਤਾ ਜੀਵਨ ਇਨਸਾਨ ਨੂੰ ਜ਼ਿਆਦਾ ਖੁਸ਼ੀ ਦਿੰਦੇ ਹਨ। ਇਸ ਦੌਰਾਨ ਉਨ੍ਹਾਂ ਨੇ ਦੂਸਰੇ ਨੋਟ ਵਿਚ 'ਜਿਥੇ ਚਾਹ, ਉਥੇ ਰਾਹ' ਲਿਖਿਆ, ਜਿਹੜਾ ਦੋ ਕਰੋੜ ਰੁਪਏ ਦਾ ਨਿਲਾਮ ਹੋਇਆ ਸੀ। ਨਿਲਾਮੀ ਕਰਨ ਵਾਲੀ ਕੰਪਨੀ ਦੇ ਬੁਲਾਰੇ ਮੇਨੀ ਚਾਦਾਦ ਨੇ ਕਿਹਾ ਕਿ ਇਨ੍ਹਾਂ ਨੋਟਾਂ ਦਾ ਮੁੱਲ ਅਨੁਮਾਨ ਤੋਂ ਕਿਤੇ ਜ਼ਿਆਦਾ ਹੈ। ਇਸ ਦਾ ਗਾਹਕ ਇਕ ਯੂਰਪੀ ਸ਼ਖਸ ਹੈ, ਉਨ੍ਹਾਂ ਨੇ ਇਸ਼ਾਰਾ ਕੀਤਾ ਇਹ ਸ਼ਖਸ ਆਈਨਸਟੀਨ ਤੱਕ ਨੋਬਲ ਪੁਰਸਕਾਰ ਦਾ ਸੰਦੇਸ਼ ਪਹੁੰਚਾਉਣ ਵਾਲੇ ਵੇਟਰ ਦਾ ਭਤੀਜਾ ਹੈ।


**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



**ਹਲਵਾਈ ਅਤੇ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

44-45

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਜਰਨੈਲਾਂ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਾਈਆਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1965 ਅਤੇ 1971 ਵਿਚ ਗੁਆਂਢੀ ਮੁਲਕ ਨਾਲ ਜੰਗਾਂ ਵਿਚ ਸੂਰਬੀਰਤਾ ਵਿਖਾ ਕੇ ਸਿੱਖੀ ਦੀ ਸ਼ਾਨ ਵਧਾਉਣ ਵਾਲੇ ਤਿੰਨ ਸਿੱਖ ਫੌਜੀ ਜਰਨੈਲਾਂ- ਜਨਰਲ ਹਰਬਖਸ਼ ਸਿੰਘ, ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਤੇ ਮਾਰਸ਼ਲ ਅਰਜਨ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈਆ ਗਈਆਂ।



ਅਰਜਨ ਸਿੰਘ



ਹਰਬਖਸ਼ ਸਿੰਘ



ਜਗਜੀਤ ਸਿੰਘ ਅਰੋੜਾ

ਸ਼ਬਦ ਕੀਰਤਨ ਤੇ ਅਰਦਾਸ ਉਪਰੰਤ ਇਨ੍ਹਾਂ ਜਰਨੈਲਾਂ ਦੀਆਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਅਦਾ ਕੀਤੀ। ਇਸ ਮੌਕੇ ਪ੍ਰੋ. ਬਡੂੰਗਰ ਨੇ ਕਿਹਾ ਕਿ ਸਿੱਖਾਂ ਤੋਂ ਵੱਡਾ ਕੋਈ ਦੇਸ਼ ਭਗਤ ਨਹੀਂ ਹੋਇਆ। ਜਦੋਂ ਵੀ ਸਰਹੱਦ 'ਤੇ ਜੰਗ ਹੋਈ ਤਾਂ ਮਾਝੇ ਦੇ ਲੋਕਾਂ ਨੇ ਭਾਰਤੀ ਫੌਜ ਦਾ ਡਟ ਕੇ ਕੇਵਲ ਸਾਥ ਹੀ ਨਹੀਂ ਦਿੱਤਾ ਬਲਕਿ ਅੰਨ ਪਾਣੀ ਨਾਲ ਸੇਵਾ ਵੀ ਕੀਤੀ।

ਇਸ ਮੌਕੇ ਤਿੰਨੇ ਸਿੱਖ ਨਾਇਕਾਂ ਦੇ ਪਰਿਵਾਰ ਵਿਦੇਸ਼ਾਂ ਵਿਚ ਹੋਣ ਕਾਰਨ ਸਮਾਗਮ 'ਚ ਨਹੀਂ ਪੁੱਜ ਸਕੇ ਪਰ ਵਿਸ਼ੇਸ਼ ਤੌਰ 'ਤੇ ਪੁੱਜੇ ਸੁਰਜੀਤ ਸਿੰਘ ਇੰਗਲੈਂਡ ਤੇ ਸੂਬੇਦਾਰ ਦਲਬੀਰ ਸਿੰਘ ਨੂੰ ਸਿਰੋਪਾਉ ਭੇਟ ਕਰ ਕੇ ਸਨਮਾਨਤ ਕੀਤਾ ਗਿਆ।

## ਹਿਮਾਚਲ ਕਾਂਗਰਸ ਵੱਲੋਂ ਬਾਗੀਆਂ ਦੀ ਛਾਂਟੀ

**ਸ਼ਿਮਲਾ:** ਹਿਮਾਚਲ ਕਾਂਗਰਸ ਨੇ ਅਗਾਮੀ ਵਿਧਾਨ ਸਭਾ ਚੋਣਾਂ 'ਚ ਅਧਿਕਾਰਤ ਪਾਰਟੀ ਉਮੀਦਵਾਰਾਂ ਖਿਲਾਫ਼ ਚੋਣ ਲੜਨ ਦਾ ਐਲਾਨ ਕਰਨ ਵਾਲੇ ਸੱਤ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਦਾ ਰਾਹ ਵਿਖਾ ਦਿੱਤਾ ਹੈ।

ਇਸ ਦੌਰਾਨ ਪਾਰਟੀ ਨੇ ਪਿਛਲੀਆਂ ਚੋਣਾਂ ਦੌਰਾਨ ਪਾਰਟੀ ਖਿਲਾਫ਼ ਬਗਾਵਤ ਦਾ ਝੰਡਾ ਬੁਲੰਦ ਕਰਨ ਵਾਲੇ ਦੋ ਆਗੂਆਂ ਦੀ ਬਰਖਾਸਤਗੀ ਨੂੰ ਮਨਸੂਖ ਕਰਦਿਆਂ ਉਨ੍ਹਾਂ ਨੂੰ ਮੁੜ ਪਾਰਟੀ 'ਚ ਸ਼ਾਮਲ ਕਰ ਲਿਆ। ਪਾਰਟੀ 'ਚੋਂ ਕੱਢੇ ਗਏ ਆਗੂਆਂ ਵਿਚ ਸਾਬਕਾ ਮੰਤਰੀ ਵਿਜੈ ਸਿੰਘ ਮਨਕੋਟੀਆ ਅਤੇ ਸਿੰਘੀ ਰਾਮ ਸ਼ਾਮਲ ਹਨ ਜਿਨ੍ਹਾਂ ਕ੍ਰਮਵਾਰ ਸ਼ਾਹਪੁਰ ਤੇ ਰਾਮਪੁਰ (ਐਸਸੀ) ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਹੈ।

## ਮਜੀਠੀਆ ਮੁੜ ਚਰਚਾ ਵਿਚ

*(ਸਫਾ ਇਕ ਦੀ ਬਾਕੀ)*

ਕਿ ਜਾਂਚ ਜਾਰੀ ਹੈ ਅਤੇ ਦੋਸ਼ ਸਿੱਧ ਹੋਏ ਤਾਂ ਕਾਰਵਾਈ ਕੀਤੀ ਜਾਵੇਗੀ।

ਹਾਲਾਂਕਿ ਬਾਦਲ ਸਰਕਾਰ ਦੇ ਹੀ ਮੰਤਰੀ ਸਰਵਣ ਸਿੰਘ ਫਿਲੌਰ ਨੂੰ ਅਜਿਹੇ ਹੀ ਦੋਸ਼ਾਂ ਕਾਰਨ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰ ਦਿੱਤਾ। ਤਕਰੀਬਨ ਚਾਰ ਸਾਲਾਂ ਵਿਚ ਨਾ ਜਾਂਚ ਸਿਰੇ ਲੱਗੀ ਤੇ ਨਾ ਮਜੀਠੀਆ ਉਤੇ ਕਾਰਵਾਈ ਹੋਈ। ਹੁਣ ਕੈਪਟਨ ਅਮਰਿੰਦਰ ਸਿੰਘ ਵੀ ਇਹੀ ਕਹਿ ਰਹੇ ਹਨ ਕਿ ਜਾਂਚ ਜਾਰੀ ਹੈ, ਪਰ ਕਾਂਗਰਸ ਦੇ ਆਪਣੇ ਹੀ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਆਖ ਰਹੇ ਹਨ ਕਿ ਉਹ ਤਕਰੀਬਨ ਅੱਠ ਮਹੀਨੇ ਪਹਿਲਾਂ ਚੋਣਾਂ ਸਮੇਂ ਕੀਤੇ ਵਾਅਦੇ ਨੂੰ ਯਾਦ ਕਰੇ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੇ ਮਜੀਠੀਏ ਨੂੰ ਜੇਲ੍ਹ ਭੇਜਣ ਦਾ ਵਾਅਦਾ ਕੀਤਾ ਸੀ। 'ਆਪ' ਨੇ ਤਾਂ ਆਖ ਦਿੱਤਾ ਸੀ ਕਿ ਜੇ ਉਨ੍ਹਾਂ ਦੀ ਸਰਕਾਰ ਬਣੀ ਤਾਂ ਹਫਤੇ ਦੇ ਅੰਦਰ-ਅੰਦਰ ਮਜੀਠੀਆ ਜੇਲ੍ਹ ਵਿਚ ਹੋਵੇਗਾ। ਇਸ ਪਿੱਛੋਂ ਕਾਂਗਰਸ ਨੇ ਵੀ ਇਹ ਮੁੱਦਾ ਚੁੱਕ ਲਿਆ। ਕਾਂਗਰਸ ਆਗੂਆਂ ਦੇ ਨਾਲ ਨਾਲ ਆਮ ਲੋਕਾਂ ਨੂੰ ਉਮੀਦ ਸੀ ਕਿ ਕੈਪਟਨ ਸਰਕਾਰ ਬਣਦਿਆਂ ਹੀ ਮਜੀਠੀਆ ਨੂੰ ਜੇਲ੍ਹ ਦਾ ਮੂੰਹ ਵੇਖਣਾ ਪਵੇਗਾ, ਪਰ ਅੱਠ ਮਹੀਨਿਆਂ ਵਿਚ ਕੈਪਟਨ ਨੇ ਇਸ 'ਤੇ ਚੁੱਪ ਧਾਰੀ ਹੋਈ ਹੈ। ਬਾਦਲ ਪਰਿਵਾਰ ਦੇ ਰਿਸ਼ਤੇਦਾਰ, ਮਜੀਠੀਆ ਦੀ 'ਤਾਕਤ' ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ। ਬਾਦਲ ਸਰਕਾਰ ਸਮੇਂ ਈ.ਡੀ. ਦੇ ਜਿਸ ਅਧਿਕਾਰੀ- ਨਿਰੰਜਣ ਸਿੰਘ, ਨੇ ਮਜੀਠੀਆ ਤੋਂ ਪੁੱਛਗਿੱਛ ਕੀਤੀ ਸੀ, ਉਸ ਦੀ ਤੁਰੰਤ ਦਿੱਲੀ ਬਦਲੀ ਕਰ ਦਿੱਤੀ ਗਈ ਸੀ, ਪਰ ਅਦਾਲਤ ਦੇ ਦਖਲ ਕਾਰਨ ਇਸ ਬਦਲੀ 'ਤੇ ਰੋਕ ਲਗਾ ਦਿੱਤੀ ਗਈ।

ਇਸ ਤੋਂ ਬਾਅਦ ਕਦੇ ਵੀ ਈ.ਡੀ. ਨੇ ਮਜੀਠੀਆ ਨੂੰ ਪੁੱਛ ਪੜਤਾਲ ਲਈ ਨਹੀਂ ਸੱਦਿਆ। ਹੁਣ ਕਾਂਗਰਸ ਸਮੇਂ ਤਾਂ ਕੈਪਟਨ ਨੇ ਇਸ ਮਾਮਲੇ ਨੂੰ ਬਿਲਕੁਲ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਕੈਪਟਨ ਦੀ ਚੁੱਪ 'ਤੇ ਵਿਰੋਧੀ ਧਿਰਾਂ ਖਾਸ ਕਰ ਕੇ 'ਆਪ' ਕੈਪਟਨ ਤੇ ਬਾਦਲਾਂ ਦੇ ਗੱਠਜੋੜ ਦੀ ਗੱਲ ਆਖ ਰਹੀਆਂ ਹਨ। ਕਾਂਗਰਸ ਸਰਕਾਰ ਦੇ ਪਹਿਲੇ ਵਿਧਾਨ ਸਭਾ ਸੈਸ਼ਨ ਵਿਚ ਜਦੋਂ ਅਕਾਲੀ ਦਲ ਨੇ ਕੈਪਟਨ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਕੈਪਟਨ ਨੇ ਸਾਫ ਕਹਿ ਦਿੱਤਾ ਸੀ ਕਿ ਉਨ੍ਹਾਂ ਕੋਲ ਅਕਾਲੀਆਂ ਦੇ ਬੜੇ ਰਾਜ਼ ਹਨ। ਇਸ ਪਿੱਛੋਂ ਅਕਾਲੀ ਆਗੂ ਸਾਰਾ ਸੈਸ਼ਨ ਕੰਨ ਵਿਚ ਪਾਏ ਨਹੀਂ ਦੁਖੇ।

## ਕੈਪਟਨ ਨੇ ਕੈਨੇਡਾ ਤੋਂ ਮੰਗੇ 10 ਭਗੌੜੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਨੂੰ ਨਸ਼ਿਆਂ ਦੇ ਵੱਖ-ਵੱਖ ਮਾਮਲਿਆਂ ਵਿਚ ਭਗੌੜੇ ਐਲਾਨੇ 10 ਪਰਵਾਸੀ ਭਾਰਤੀਆਂ ਦੀ ਹਵਾਲਗੀ ਦਾ ਮਾਮਲਾ ਕੈਨੇਡਾ ਸਰਕਾਰ ਕੋਲ ਉਠਾਉਣ ਲਈ ਪੱਤਰ ਲਿਖਿਆ ਹੈ।



ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਲਿਖੇ ਵੱਖ-ਵੱਖ ਪੱਤਰਾਂ 'ਚ ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਮਾਮਲਿਆਂ 'ਚ ਹਵਾਲਗੀ ਦੀ ਪ੍ਰਕਿਰਿਆ ਪਿਛਲੇ 3-4 ਸਾਲਾਂ ਤੋਂ ਲਟਕਦੀ ਆ ਰਹੀ ਹੈ, ਜੋ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਸਰਕਾਰ ਦੇ ਯਤਨਾਂ ਵਿਚ ਅੜਿੱਕਾ ਬਣਿਆ ਹੋਇਆ ਹੈ। ਕੈਪਟਨ ਨੇ ਸਰਬਜੀਤ ਸਿੰਘ ਸੰਧੜ ਉਰਫ ਨਿੱਕ, ਰਣਜੀਤ ਸਿੰਘ ਔਜਲਾ, ਨਿਰੰਕਾਰ ਸਿੰਘ ਢਿਲੋਂ, ਗੁਰਸੇਵਕ ਸਿੰਘ ਢਿੱਲੋਂ, ਅਮਰਜੀਤ ਸਿੰਘ ਕੂਨਰ, ਲਮੇਰ ਸਿੰਘ ਦਲੇਹ, ਪ੍ਰਦੀਪ ਸਿੰਘ ਧਾਲੀਵਾਲ, ਅਮਰਿੰਦਰ ਸਿੰਘ ਛੀਨਾ ਅਤੇ ਪਰਮਿੰਦਰ ਸਿੰਘ ਦਿਓ ਉਰਫ ਪਿੰਦੀ ਆਦਿ ਦੀ ਹਵਾਲਗੀ ਮੰਗੀ ਹੈ।

## ਸਿੱਖ ਕਤਲੇਆਮ: 33 ਸਾਲਾਂ ਬਾਅਦ ਵੀ ਇਨਸਾਫ ਪਹੁੰਚ ਤੋਂ ਦੂਰ

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਵੱਲੋਂ ਅੱਜ ਵੀ ਸਜ਼ਾ ਤੋਂ ਦੂਰ ਆਜ਼ਾਦੀ ਦਾ ਅਨੰਦ ਲੈਣਾ ਹੁਣ ਤੁਰੰਤ ਬੰਦ ਹੋਣਾ ਚਾਹੀਦਾ ਹੈ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਕਾਂਡ ਦੇ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਇਹ ਗੱਲ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਵੱਲੋਂ 'ਚੁਰਾਸੀ ਦੀ ਨਾਇਨਸਾਫੀ: 1984 ਦੇ ਸਿੱਖ ਕਤਲੇਆਮ ਲਈ ਜਾਰੀ ਜਸਟਿਸ' ਵਿਸ਼ੇ ਉਤੇ ਕਰਵਾਈ ਚਰਚਾ ਵਿਚ ਕਹੀ ਗਈ। ਇਹ ਚਰਚਾ ਚੰਡੀਗੜ੍ਹ ਪ੍ਰੈੱਸ ਕਲੱਬ 'ਚ ਕਰਵਾਈ ਗਈ।

1984 ਦੇ ਕਤਲੇਆਮ ਦੀ 33ਵੀਂ ਵਰ੍ਹੇਗੰਢ ਮੌਕੇ ਕਰਵਾਈ ਚਰਚਾ ਵਿਚ 15 ਪੀੜਤਾਂ ਤੇ ਕਤਲੇਆਮ ਵਿਚੋਂ ਬਚੇ ਲੋਕਾਂ ਦੇ ਪਰਿਵਾਰਾਂ ਦੇ ਜੀਵਨ ਦੀ ਇਕ ਝਲਕ ਦਿਖਾਈ ਦਿੱਤੀ ਅਤੇ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮੇਂ ਦਾ ਉਨ੍ਹਾਂ ਦਾ ਸੰਘਰਸ਼ ਵੀ ਸਾਹਮਣੇ ਆਇਆ। ਇਸ ਚਰਚਾ 'ਚ ਹਿੱਸਾ ਲੈਣ ਵਾਲਿਆਂ ਵਿਚ ਲੈਫਟੀਨੈਂਟ ਜਨਰਲ ਐਚ.ਐਸ. ਪਨਾਗ, ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ, ਅਸਿਮਤਾ ਬਸੁ, ਪ੍ਰੋਗਰਾਮ ਡਾਇਰੈਕਟਰ, ਐਮਨੈਸਟੀ ਇੰਟਰਨੈਸ਼ਨਲ ਇੰਡੀਆ, ਐਡਵੋਕੇਟ ਦਰਸ਼ਨ ਕੌਰ, 1984 ਕਤਲੇਆਮ ਦੀ ਮੁੱਖ ਗਵਾਹ ਤੇ ਪ੍ਰਸਿੱਧ ਫੋਟੋਗ੍ਰਾਫ਼ਰ ਸੋਮ ਬਾਸੂ ਸ਼ਾਮਲ ਸਨ।

ਇਸ ਮੌਕੇ 1984 ਦੇ ਕਤਲੇਆਮ 'ਚੋਂ ਬਚੇ ਲੋਕਾਂ ਦੀ ਜ਼ਿੰਦਗੀ ਦੀ ਝਲਕ ਦਿਖਾਉਂਦੀ ਤਸਵੀਰਾਂ ਦੀ ਇਕ ਫੋਟੋਬੁੱਕ ਨੂੰ ਵੀ ਲਾਂਚ ਕੀਤਾ ਗਿਆ ਅਤੇ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਵੀ ਕਰਵਾਈ ਗਈ। 57 ਸਾਲਾ ਦਰਸ਼ਨ ਕੌਰ ਜਿਸ ਦਾ ਪਤੀ ਕਤਲੇਆਮ 'ਚ ਮਾਰਿਆ ਗਿਆ ਨੇ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੂੰ ਦੱਸਿਆ ਕਿ ਉਸ ਨੂੰ ਅਤੀਤ ਨੂੰ ਭੁੱਲਣ ਤੇ ਆਪਣੇ ਭਵਿੱਖ ਦਾ ਨਿਰਮਾਣ ਕਰਨ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਸਵਾਲ ਕਰਦਿਆਂ ਕਿਹਾ ਕਿ ਕੀ ਅਤੀਤ ਨੂੰ ਭੁੱਲਣਾ ਸੰਭਵ ਹੈ।

## ਵਿਧਾਇਕ ਅਮਾਨਤਉਲ੍ਹਾ ਦੀ ਮੈਂਬਰਸ਼ਿਪ ਬਹਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਸੀਨੀਅਰ ਆਗੂ ਡਾ. ਕੁਮਾਰ ਵਿਸ਼ਵਾਸ ਬਾਰੇ ਵਿਵਾਦਤ ਟਿੱਪਣੀਆਂ ਕਰਨ ਵਾਲੇ ਓਖਲਾ ਤੋਂ ਵਿਧਾਇਕ ਅਮਾਨਤਉਲ੍ਹਾ ਦੀ ਮੁੱਢਲੀ ਮੈਂਬਰਸ਼ਿਪ ਬਹਾਲ ਕਰ ਦਿੱਤੀ ਹੈ। ਅਮਾਨਤਉਲ੍ਹਾ ਨੇ ਦੋਸ਼ ਲਾਇਆ ਸੀ ਕਿ ਕੁਮਾਰ ਵਿਸ਼ਵਾਸ ਦੀ ਭਾਜਪਾ ਨਾਲ ਗੰਢਤੁੱਪ ਹੈ, ਜਿਸ ਮਗਰੋਂ ਅਮਾਨਤਉਲ੍ਹਾ ਦੀ ਮੁਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਸੀ।

## ਪੰਜਾਬ ਵਿਚ ਅਮਨ ਕਾਨੂੰਨ ਬਣਿਆ ਵੱਡੀ ਵੰਗਾਰ

*(ਸਫਾ ਇਕ ਦੀ ਬਾਕੀ)*

ਕੈਪਟਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠੇ ਹਨ।

ਪੰਜਾਬ 'ਚ ਸੱਤਾ ਪਰਿਵਰਤਨ ਤਾਂ ਹੋਇਆ, ਪਰ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਪਿਛਲੀ ਸਰਕਾਰ ਨੂੰ 10 ਸਾਲ ਅਪਰਾਧ ਦਾ ਮੁੱਦਾ ਬਣਾ ਕੇ ਭੰਡਣ ਵਾਲੀ ਪਾਰਟੀ ਕਾਂਗਰਸ ਦੀ ਸਰਕਾਰ ਆਉਣ ਮਗਰੋਂ ਵੀ ਅਪਰਾਧ ਦਾ ਗਰਾਫ ਹੇਠਾਂ ਨਾ ਆ ਸਕਿਆ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਸਾਲ 2015 ਦੀ ਰਿਪੋਰਟ ਅਨੁਸਾਰ ਪੰਜਾਬ 'ਚ ਔਰਤਾਂ ਖਿਲਾਫ਼ ਅਪਰਾਧ ਦੇ 5410 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚੋਂ 5210 ਕੇਸ ਦਰਜ ਹੋਏ।

## ਰਾਮ ਰਹੀਮ ਦੇ ਬੇਟੇ ਵੱਲੋਂ ਡੇਰਾ ਮੁਖੀ ਬਣਨ ਤੋਂ ਨਾਂਹ

**ਸਿਰਸਾ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਦੇ ਬੇਟੇ ਜਸਮੀਤ ਇੰਸਾ ਨੇ ਡੇਰੇ ਦਾ ਉਤਰਾਧਿਕਾਰੀ ਬਣਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਜਸਮੀਤ ਨੇ ਕਿਹਾ ਹੈ ਕਿ ਉਹ ਗੁਰੂ ਦੀ ਗੱਦੀ ਬਾਰੇ ਸੋਚ ਵੀ ਨਹੀਂ ਸਕਦਾ।

ਡੇਰੇ ਵੱਲੋਂ ਬਿਆਨ ਜਾਰੀ ਕਰ ਕੇ ਜਸਮੀਤ ਇੰਸਾ ਨੇ ਕਿਹਾ ਹੈ ਕਿ ਉਹ ਗੱਦੀ 'ਤੇ ਬੈਠਣ ਦਾ ਇੱਛੁਕ ਨਹੀਂ ਤੇ ਫਿਲਹਾਲ ਆਪਣਾ ਕੰਮ ਜਾਰੀ ਰੱਖੇਗੇ। ਉਸ ਨੇ ਕਿਹਾ ਹੈ ਕਿ ਉਹ ਪਰਿਵਾਰਾਂ ਦੇ ਨਾਲ ਖੜ੍ਹਾ ਹੈ ਤੇ ਸੰਗਤ ਵੀ ਪੂਰੀ ਤਰ੍ਹਾਂ ਡੇਰੇ ਦੇ ਨਾਲ ਹੈ।

## ਮੇਲਾ ਗਦਰੀ ਬਾਬਿਆਂ ਦਾ ਜੋਸ਼ੋ-ਖਰੋਸ਼ ਨਾਲ ਸ਼ੁਰੂ

**ਜਲੰਧਰ:** ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ 26ਵੇਂ ਗਦਰੀ ਬਾਬਿਆਂ ਦੇ ਤਿੰਨ ਰੋਜ਼ਾ ਮੇਲੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ 'ਕਿਰਤੀ' ਨੂੰ ਸਮਰਪਤ ਉਸਾਰੇ ਗਏ 'ਸਾਂਝੀਵਾਲਤਾ ਨਗਰ' ਵਿਚ ਜੋਸ਼-ਖਰੋਸ਼ ਨਾਲ ਹੋਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ ਨੇ ਸ਼ਮ੍ਹਾਂ ਰੌਸ਼ਨ ਕੀਤੀ। ਮੇਲੇ ਦੇ ਪਹਿਲੇ ਦਿਨ ਹੋਏ ਭਾਸ਼ਣ ਤੇ ਗਾਇਨ ਮੁਕਾਬਲਿਆਂ 'ਚ ਔਰਤ ਉਪਰ ਚੌਤਰਫ਼ੇ ਹੱਲੇ, ਉਸ ਦੀ ਮੁਕਤੀ ਦੇ ਮਸਲੇ ਤੋਂ ਇਲਾਵਾ ਗਾਇਕੀ ਦੇ ਖੇਤਰ 'ਚ ਆਏ ਨਿਘਾਰ ਉਪਰ ਤਿੱਖੀਆਂ ਚੋਟਾਂ ਕੀਤੀਆਂ ਗਈਆਂ।

ਬਦਲਵੇਂ ਲੋਕ, ਸੱਭਿਆਚਾਰ ਅਤੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਬੁਲੰਦ ਕੀਤਾ ਗਿਆ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਸਤਕ ਪ੍ਰਦਰਸ਼ਨੀ ਮੇਲੇ ਦਾ ਸ਼ਿੰਗਾਰ ਬਣੀ ਤੇ ਵੱਡੀ ਗਿਣਤੀ 'ਚ ਪੁਸਤਕ ਪ੍ਰੇਮੀ ਇਸ ਮੇਲੇ ਵਿਚ ਉਮੜੇ। ਪੁਸਤਕ ਪ੍ਰਦਰਸ਼ਨੀ ਪ੍ਰਤੀ ਨੌਜਵਾਨ ਵਰਗ ਵੱਲੋਂ ਭਾਰੀ ਰੁਚੀ ਦਿਖਾਈ ਗਈ ਤੇ ਮੇਲਾ ਸ਼ੁਰੂ ਹੁੰਦਿਆਂ ਹੀ ਪੁਸਤਕਾਂ ਦੀਆਂ 'ਸਟਾਲਾਂ' ਉਤੇ ਭੀੜਾਂ ਲੱਗਣੀਆਂ ਸ਼ੁਰੂ ਹੋ ਗਈਆਂ। ਦੱਸਣਯੋਗ ਹੈ ਕਿ ਇਹ ਮੇਲਾ ਨੌਜਵਾਨ ਪੀੜ੍ਹੀ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਵਿਚ ਵੀ ਅਹਿਮ ਯੋਗਦਾਨ ਪਾਉਂਦਾ ਆ ਰਿਹਾ ਹੈ ਤੇ ਹਰ ਸਾਲ ਇਸ ਮੇਲੇ 'ਚੋਂ ਪੁਸਤਕ ਪ੍ਰੇਮੀ ਲੱਖਾਂ ਰੁਪਏ ਦੀਆਂ ਪੁਸਤਕਾਂ ਖਰੀਦ ਕੇ ਲੈ ਕੇ ਜਾਂਦੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਫੀਫਾ ਅੰਡਰ-17 ਵਿਸ਼ਵ ਕੱਪ ਵਿਚ ਇੰਗਲੈਂਡ ਚੈਂਪੀਅਨ




**ਕੋਲਕਾਤਾ:** ਫੀਫਾ ਅੰਡਰ-17 ਵਿਸ਼ਵ ਕੱਪ ਦੇ ਫਾਈਨਲ ਵਿਚ ਬੇਹੱਦ ਸਖਤ ਮੁਕਾਬਲੇ ਵਿਚ ਇੰਗਲੈਂਡ ਨੇ ਸਪੇਨ ਨੂੰ 5-2 ਫਰਕ ਨਾਲ ਮਾਤ ਦੇ ਕੇ ਪਹਿਲੀ ਵਾਰ ਜੂਨੀਅਰ ਵਿਸ਼ਵ ਕੱਪ ਉਤੇ ਕਬਜ਼ਾ ਕੀਤਾ। ਲਗਭਗ 60,000 ਦਰਸ਼ਕਾਂ ਨਾਲ ਭਰੇ ਸਟੇਡੀਅਮ 'ਚ ਪਹਿਲਾ ਗੋਲ ਸਪੇਨ ਨੇ ਕੀਤਾ। ਸਰਜੀਓ ਗੋਮੇਜ਼ ਨੇ 10ਵੇਂ ਮਿੰਟ 'ਚ ਇੰਗਲੈਂਡ ਖਿਲਾਫ਼ ਗੋਲ ਕਰ ਕੇ ਸਪੇਨ ਨੂੰ 1-0 ਨਾਲ ਬੜਤ ਦਿਵਾਈ।

ਸਪੇਨ ਦੇ ਖਿਡਾਰੀ ਇੰਗਲੈਂਡ 'ਤੇ ਪੂਰੀ ਤਰ੍ਹਾਂ ਭਾਰੂ ਰਹੇ ਤੇ 35ਵੇਂ ਮਿੰਟ 'ਚ ਇਕ ਹੋਰ ਗੋਲ ਦਾਗ ਕੇ 2-0 ਦੀ ਹੋਰ ਬੜਤ ਕਾਇਮ ਕਰ ਲਈ, ਇਹ ਗੋਲ ਵੀ ਸਰਜੀਓ ਗੋਮੇਜ਼ ਨੇ ਕੀਤਾ ਪਰ ਇਸ ਤੋਂ ਬਾਅਦ ਬਾਜ਼ੀ ਇੰਗਲੈਂਡ ਦੇ ਹੱਥਾਂ ਆ ਗਈ ਤੇ ਇੰਗਲੈਂਡ ਨੇ ਸਪੇਨ ਨੂੰ ਹੋਰ ਉਭਰਨ ਦਾ ਮੌਕਾ ਨਹੀਂ ਦਿੱਤਾ।

ਇੰਗਲੈਂਡ ਨੇ ਇਸ ਮੈਚ ਵਿਚ ਪਹਿਲਾ ਗੋਲ 44ਵੇਂ ਮਿੰਟ 'ਚ ਕੀਤਾ। ਇਸ ਤਰ੍ਹਾਂ ਪਹਿਲੇ ਹਾਫ ਵਿਚ ਇੰਗਲੈਂਡ ਤੇ ਸਪੇਨ ਦੇ ਅੰਕ 1-2 ਸਨ। ਮੈਚ ਦੇ 58ਵੇਂ ਮਿੰਟ ਸਪੇਨ ਨੂੰ ਘੇਰਦੇ ਹੋਏ ਇੰਗਲੈਂਡ ਇਕ ਹੋਰ ਗੋਲ ਕਰਨ ਵਿਚ ਕਾਮਯਾਬ ਰਿਹਾ। 69ਵੇਂ ਮਿੰਟ 'ਚ ਇੰਗਲੈਂਡ ਇਕ ਹੋਰ ਗੋਲ ਦਾਗਣ 'ਚ ਸਫਲ ਰਿਹਾ ਜੋ ਕਿ ਫਿਲਿਪ ਫੋਡਨ ਨੇ ਦਾਗ ਕੇ ਆਪਣੀ ਟੀਮ ਨੂੰ 3-2 ਨਾਲ ਅੱਗੇ ਕੀਤਾ। 84ਵੇਂ ਮਿੰਟ 'ਚ ਮਾਰਕ ਨੇ ਸਪੇਨ ਨੂੰ ਚਕਮਾ ਦਿੰਦੇ ਹੋਏ ਇਕ ਗੋਲ ਕਰ ਦਿੱਤਾ। ਜਿਵੇਂ ਹੀ ਮੈਚ ਸਮਾਪਤੀ ਵੱਲ ਵਧ ਰਿਹਾ ਸੀ ਉਵੇਂ ਹੀ ਇੰਗਲੈਂਡ ਦਾ ਦਬਦਬਾ ਵਧ ਰਿਹਾ ਸੀ। 88 ਮਿੰਟ 'ਚ ਫਿਲਿਪ ਫੋਡਨ ਨੇ ਜੇਤੂ ਗੋਲ ਦਾਗ ਕੇ ਇੰਗਲੈਂਡ ਨੂੰ 5-2 ਨਾਲ ਬੜਤ ਦਿਵਾਈ। ਇਸ ਤਰ੍ਹਾਂ ਇੰਗਲੈਂਡ ਨੇ ਇਹ ਸ਼ਾਨਦਾਰ ਮੁਕਾਬਲਾ 5-2 ਨਾਲ ਆਪਣੇ ਨਾਂ ਕਰ ਕੇ ਜੂਨੀਅਰ ਚੈਂਪੀਅਨ ਦਾ ਖਿਤਾਬ ਹਾਸਲ ਕਰ ਲਿਆ। ਜ਼ਿਕਰਯੋਗ ਹੈ ਕਿ ਸਪੇਨ ਨੇ ਇਸੇ ਸਾਲ ਯੂਰੋ ਅੰਡਰ-17 ਟੂਰਨਾਮੈਂਟ ਦੇ ਫਾਈਨਲ 'ਚ ਇੰਗਲੈਂਡ ਨੂੰ ਹਰਾਇਆ ਸੀ।

# ਡੈਮੋਕਰੈਟਿਕ ਉਮੀਦਵਾਰ ਡਾ. ਦੀਪ ਸਿੰਘ ਸਰਾਨ ਲਈ ਫੰਡ ਰੇਜ਼ ਡਿਨਰ

**ਵਾਸ਼ਿੰਗਟਨ, ਡੀ.ਸੀ. (ਬਿਊਰੋ):** ਵਰਜੀਨੀਆ ਦੇ ਡਿਸਟ੍ਰਿਕਟ 10 ਤੋਂ ਯੂ. ਐਸ. ਕਾਂਗਰਸ ਲਈ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਡਾ. ਦੀਪ ਸਿੰਘ ਸਰਾਨ ਲਈ ਇਥੇ ਮੈਟਰੋਪਾਲੀਟਨ ਵਾਸ਼ਿੰਗਟਨ ਵਿਖੇ ਪੰਜਾਬੀ ਭਾਈਚਾਰੇ ਵਲੋਂ ਇਕ ਫੰਡ ਰੇਜ਼ ਡਿਨਰ ਕੀਤਾ ਗਿਆ। ਡਾ. ਸਰਾਨ ਲਾਊਡਨ ਕਾਊਂਟੀ ਦੇ ਨਾਮੀ ਐਜੂਕੇਟਰ ਹੋਣ ਦੇ ਨਾਲ ਨਾਲ ਵਰਜੀਨੀਆ ਵਿਖੇ ਲਾਊਡਨ ਸਕੂਲ ਵੀ ਚਲਾ ਰਹੇ ਹਨ। ਉਹ ਕਾਰਪੋਰੇਟ ਵਕੀਲ ਵੀ ਰਹਿ ਚੁਕੇ ਹਨ ਅਤੇ ਲੋਕਾਂ ਵਿਚ ਉਨ੍ਹਾਂ ਦਾ ਚੰਗਾ ਰਸੂਖ ਹੈ।

ਇਸ ਮੌਕੇ ਡਾ. ਦੀਪ ਸਿੰਘ ਦੀ ਪਤਨੀ ਬੀਬੀ ਅੰਜਲੀ ਸਰਾਨ ਦੇ ਡਾ. ਸਰਾਨ ਬਾਰੇ ਸਭਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਡਾ. ਸਰਾਨ ਨੇ ਕਿਹਾ ਕਿ ਚੰਗੀ ਅਤੇ ਉਚ ਵਿਦਿਆ ਦਾ ਬਹੁਤ ਮਹਿੰਗਾ ਹੋਣਾ ਇਕ ਸਰਾਪ ਬਣਦਾ ਜਾ ਰਿਹਾ ਹੈ ਤੇ ਉਹ ਇਸ ਖੇਤਰ ਵਿਚ ਕੁਝ ਕਰਨਾ ਚਾਹੁੰਦੇ ਹਨ ਤਾਂ ਕਿ ਉਚ ਵਿਦਿਆ ਆਮ ਲੋਕਾਂ ਦੀ ਪਹੁੰਚ ਹੋ ਸਕੇ। ਉਨ੍ਹਾਂ ਵਿਦਿਆ ਦੇ ਖੇਤਰ ਵਿਚ ਸੁਧਾਰ, ਛੋਟੇ ਕਾਰੋਬਾਰੀਆਂ ਲਈ ਚੰਗੀਆਂ ਸਹੂਲਤਾਂ ਅਤੇ ਟੈਕਸ ਸਿਸਟਮ ਵਿਚ ਸੁਧਾਰ ਮੁੱਖ ਟੀਚੇ ਦੱਸੇ। ਉਨ੍ਹਾਂ ਕਿਹਾ ਕਿ ਜੇ 60 ਸਾਲ ਪਹਿਲਾਂ ਕੋਈ ਪੰਜਾਬੀ ਕੈਪੀਟਲ ਹਿੱਲ ਜਾਂਦਾ ਹੈ ਤਾਂ ਯਕੀਨਨ ਅੱਜ ਵੀ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਸ. ਦਲੀਪ ਸਿੰਘ ਸੋਂਧ ਸਮੇਂ ਬਹੁਤ ਮੁਸ਼ਕਿਲਾਂ ਸਨ ਪਰ ਅੱਜ ਬਹੁਤ ਕੁਝ ਬਦਲ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਜੇ ਪੰਜਾਬੀ/ਭਾਰਤੀ ਭਾਈਚਾਰਾ ਉਨ੍ਹਾਂ ਦੀ ਮਦਦ ਕਰੇ ਤਾਂ ਉਹ ਯਕੀਨਨ ਇਹ ਸੀਟ ਜਿੱਤ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰੀ-ਇਲੈਕਸ਼ਨ ਦਾ ਘੱਟੋ ਘੱਟ ਖਰਚਾ ਇਕ ਮਿਲੀਅਨ ਡਾਲਰ ਹੈ ਅਤੇ ਸਾਲ 2017 ਦੇ ਅਖੀਰ ਤੱਕ ਸਾਡਾ ਟੀਚਾ ਢਾਈ ਲੱਖ ਡਾਲਰ ਇਕੱਤਰ ਕਰਨ ਦਾ ਹੈ।

ਜ਼ਿਕਰਯੋਗ ਹੈ ਕਿ ਸ. ਦਲੀਪ ਸਿੰਘ ਸੋਂਧ ਨੇ 6 ਸਾਲ ਯਾਨਿ 3 ਜਨਵਰੀ 1957 ਤੋਂ 3 ਜਨਵਰੀ 1963 ਤੱਕ ਅਮਰੀਕਾ ਦੇ ਹਾਊਸ ਆਫ ਰੀਪ੍ਰੀਜ਼ੈਂਟੇਟਿਵ ਵਿਚ ਆਪਣੀਆਂ ਸੇਵਾਵਾਂ ਸੁਚੱਜੇ ਢੰਗ ਨਾਲ ਨਿਭਾਈਆਂ ਸਨ ਜਿਸ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ।

ਇਸ ਮੌਕੇ ਕੈਲੀਫੋਰਨੀਆ ਤੋਂ ਪੁੱਜੇ ਸ. ਹਰਪ੍ਰੀਤ ਸਿੰਘ ਨੇ ਆਪਣੇ ਰਾਜਨੀਤਕ ਤਜਰਬੇ ਸਰੋਤਿਆਂ ਨਾਲ ਸਾਂਝੇ ਕੀਤੇ। ਅਮਰਜੀਤ ਸਿੰਘ ਸੰਧੂ, ਬਲਵਿੰਦਰ ਸਿੰਘ ਚੱਠਾ, ਦਿਲਾਵਰ ਸਿੰਘ ਧੱਟ, ਕੰਵਲ ਸੰਧੂ, ਮਹਿਤਾਬ ਸਿੰਘ ਕਾਹਲੋਂ ਅਤੇ ਧਰਮ ਸਿੰਘ ਗੋਰਾਇਆ ਨੇ ਵੀ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਸਰਾਨ ਦੀ ਜਿੱਤ ਯਕੀਨੀ ਬਣਾਉਣ ਲਈ ਹਰ ਸੰਭਵ ਮਦਦ ਦੀ ਗੁਹਾਰ ਪਾਈ। ਸਟੇਜ ਸੰਚਾਲਨ ਅਜੀਤ ਸਿੰਘ ਧਾਲੀਵਾਲ ਨੇ ਬਾਖੂਬੀ ਕੀਤਾ।

ਡਾ. ਦੀਪ ਸਿੰਘ ਸਰਾਨ ਨਾਲ ਫੋਨ: 703-915-7379 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ 'ਚ ਲੱਗੇਗਾ 2400 ਮੈਗਾਵਾਟ ਦਾ ਆਧੁਨਿਕ ਬਿਜਲੀ ਪਲਾਂਟ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰੋਪੜ ਵਿਚ ਇਕ ਅਤਿ-ਆਧੁਨਿਕ ਬਿਜਲੀ ਪਲਾਂਟ ਲਾਇਆ ਜਾ ਰਿਹਾ ਹੈ, ਜਿਸ ਦੀ ਸਮਰੱਥਾ 2400 ਮੈਗਾਵਾਟ ਹੋਵੇਗੀ। ਇਹ ਭਾਰੀ ਕਾਰਜਕੁਸ਼ਲਤਾ ਵਾਲਾ ਅਲਟਰਾ ਸੁਪਰ ਕ੍ਰਿਟਿਕਲ ਪਾਵਰ ਪਲਾਂਟ, ਰੋਪੜ ਦੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਦੀ ਸੇਵਾ-ਮੁਕਤੀ ਤੋਂ ਬਾਅਦ ਕਾਇਮ ਕੀਤਾ ਜਾਵੇਗਾ।

ਜਾਣਕਾਰੀ ਮੁਤਾਬਕ ਮੁਢਲੇ ਤੌਰ 'ਤੇ ਰੋਪੜ ਥਰਮਲ ਪਲਾਂਟ ਦੇ ਦੋ ਯੂਨਿਟ (ਕੁੱਲ ਸਮਰੱਥਾ 420 ਮੈਗਾਵਾਟ) ਬੰਦ ਕਰ ਕੇ ਉਨ੍ਹਾਂ ਦੀ ਥਾਂ ਅਤਿ-ਆਧੁਨਿਕ ਪਲਾਂਟ ਦਾ 800 ਮੈਗਾਵਾਟ ਵਾਲਾ ਇਕ ਯੂਨਿਟ ਲਾਇਆ ਜਾਵੇਗਾ। ਯੋਜਨਾ ਮੁਤਾਬਕ ਪ੍ਰਤੀ 210 ਮੈਗਾਵਾਟ ਵਾਲੇ ਛੇ ਯੂਨਿਟਾਂ ਨੂੰ ਬੰਦ ਕਰ ਕੇ ਅਤਿ-ਆਧੁਨਿਕ ਪਲਾਂਟ ਦੇ ਪ੍ਰਤੀ 800 ਮੈਗਾਵਾਟ ਵਾਲੇ ਤਿੰਨ ਯੂਨਿਟ ਲਾਏ ਜਾਣੇ ਹਨ। ਸਰਕਾਰੀ ਸੂਤਰਾਂ ਮੁਤਾਬਕ ਅਲਟਰਾ ਸੁਪਰ ਕ੍ਰਿਟਿਕਲ ਪਾਵਰ ਪਲਾਂਟ ਲਾਏ ਜਾਣ ਦਾ ਮਕਸਦ ਖਪਤਕਾਰਾਂ ਨੂੰ ਘੱਟ ਤੋਂ ਘੱਟ ਕੀਮਤ ਉਤੇ ਬਿਜਲੀ ਮੁਹੱਈਆ ਕਰਾਉਣਾ ਹੈ। ਇਨ੍ਹਾਂ ਪਲਾਂਟਾਂ ਦੇ ਭਾਰੀ ਆਕਾਰ ਸਦਕਾ ਇਨ੍ਹਾਂ ਰਾਹੀਂ ਬਿਜਲੀ ਦੀ ਪੈਦਾਵਾਰ ਕਿਫਾਇਤੀ ਰਹੇਗੀ। ਇਹ ਪਲਾਂਟ ਲਾਉਣ 'ਤੇ ਪ੍ਰਤੀ ਯੂਨਿਟ ਕਰੀਬ 2500-3000 ਕਰੋੜ ਰੁਪਏ ਖਰਚਾ ਆਉਣ ਦਾ ਅੰਦਾਜ਼ਾ ਹੈ, ਜਦੋਂਕਿ ਬਿਜਲੀ ਪੈਦਾਵਾਰ ਦੀ ਲਾਗਤ ਮਹਿਜ਼ ਦੋ ਰੁਪਏ ਪ੍ਰਤੀ ਯੂਨਿਟ ਤੱਕ ਰਹਿਣ ਦੀ ਸੰਭਾਵਨਾ ਹੈ।

## ਚੀਨ ਨੇ ਚਲਾਈ ਦੁਨੀਆਂ ਦੀ ਪਹਿਲੀ ਬਿਨਾ ਪਟੜੀ ਵਾਲੀ ਰੇਲ ਗੱਡੀ

**ਚੀਨ:** ਚੀਨ ਨੇ ਪਹਿਲੀ ਸਮਾਰਟ ਰੇਲ ਗੱਡੀ ਚਲਾਉਣ ਦਾ ਸਫਲ ਤਜਰਬਾ ਕੀਤਾ, ਜੋ ਬਿਨਾਂ ਪਟੜੀ ਸੜਕ ਉਤੇ ਦੌੜੀ। ਇਸ ਕਾਰਨਾਮੇ ਤੋਂ ਬਾਅਦ ਟਰਾਂਸਪੋਰਟ ਦੇ ਖੇਤਰ ਵਿਚ ਵੀ ਚੀਨ ਇਕ ਨਵੇਂ ਮੁਕਾਮ ਉਤੇ ਪਹੁੰਚ ਗਿਆ ਹੈ। ਪਹਿਲੀ ਵਾਰ ਹੇਨਾਨ ਸੂਬੇ ਦੇ ਝੂਝੋਅ ਵਿਚ ਬਿਨਾਂ ਪਟੜੀ ਟ੍ਰੇਨ ਦੀ ਸਫਲ ਅਜ਼ਮਾਇਸ਼ ਕੀਤੀ ਗਈ। ਇਸ ਰੇਲ ਨੂੰ ਚੀਨ ਦੀ ਸੀ. ਆਰ. ਆਰ.ਸੀ. ਕਾਰਪੋਰੇਸ਼ਨ ਨੇ ਬਣਾਇਆ ਹੈ।

30 ਮੀਟਰ ਲੰਬੀ ਇਸ ਰੇਲ ਗੱਡੀ ਵਿਚ 3 ਚੇਅਰ ਕਾਰ ਲਗਾਈਆਂ ਗਈਆਂ ਹਨ, ਜਿਸ ਨੂੰ ਜ਼ਰੂਰਤ ਦੇ ਹਿਸਾਬ ਨਾਲ ਘਟਾਇਆ-ਵਧਾਇਆ ਜਾ ਸਕਦਾ ਹੈ। ਇਸ ਵਿਚ ਇਕ ਵਾਰ 300 ਤੋਂ 500 ਯਾਤਰੀ ਸਫਰ ਕਰ ਸਕਦੇ ਹਨ। ਰੇਲ ਗੱਡੀ ਦੀ ਸਭ ਤੋਂ ਖਾਸ ਗੱਲ ਇਸ ਦਾ ਈਕੋ-ਫ੍ਰੈਂਡਲੀ ਆਪਰੇਸ਼ਨ ਹੈ।

ਇਕ ਵਾਰ ਫੁੱਲ ਚਾਰਜ ਹੋਣ ਉਤੇ ਇਹ 40 ਕਿਲੋਮੀਟਰ ਤੱਕ ਚੱਲ ਸਕਦੀ ਹੈ। ਇਸ ਦੀ ਰਫਤਾਰ 70 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਰੱਖੀ ਗਈ ਹੈ। ਟ੍ਰੇਨ ਨੂੰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਚੀਫ ਇੰਜੀਨੀਅਰ ਫੇਂਗ ਜਿਆਂਘੁਆ ਅਨੁਸਾਰ ਟ੍ਰੈਕ ਲੈੱਸ ਟ੍ਰੇਨ ਸਿਸਟਮ ਬਾਕੀ ਟ੍ਰੇਨਾਂ ਦੇ ਮੁਕਾਬਲੇ ਕਾਫੀ ਸਸਤੀ ਤਕਨੀਕ ਹੈ।


# Matrimonials

ਲੜਕੀ ਦੀ ਲੋੜ ਹੈ

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

ਕੈਨੇਡੀਅਨ ਸਿਟੀਜ਼ਨ ਗੁਰ ਸਿੱਖ ਅੰਮ੍ਰਿਤਧਾਰੀ ਤਲਾਕਸ਼ੁਦਾ ਵੈਲ ਸੈਟਲਡ, ਗਰੈਜੂਏਟ ਜੱਟ ਲੜਕੇ, ਉਮਰ 31 ਸਾਲ, 5'-10" ਲਈ ਮਾਲਵਾ ਖੇਤਰ ਤੋਂ ਪੜ੍ਹੀ ਲਿਖੀ ਕੈਨੇਡੀਅਨ/ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸਟੱਡੀ ਜਾਂ ਵਰਕ ਪਰਮਿਟ 'ਤੇ ਆਈ ਲੜਕੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 236-880-2757 43-46

Looking for a suitable girl for 31 yrs, 5'-10" Ramgarhia Sikh boy on H1 Visa, working in a very reputed IT company in San Jose, California. Caste No Bar. Please contact: psingh03850@gmail.com or 512-806-4053 k Singh 41-44

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com 42/4

ਪੰਜਾਬ ਟਾਈਮਜ਼

## Boy Wanted

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**

**Boy must be educated and well settled.**

**Call Mr./Mrs. Saluja (630) 351-2121**

**or E-mail bio data/photo Saluja868@yahoo.com** 39-46


## ਬੇਅਦਬੀ ਜਾਂਚ ਕਮਿਸ਼ਨ ਚਸ਼ਮਦੀਦਾਂ ਨੂੰ ਮਿਲਿਆ

**ਮੋਗਾ:** ਪਿੰਡ ਮੱਲਕੇ ਵਿਚ ਬਾਦਲ ਸਰਕਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਦੀ ਬੇਅਦਬੀ ਦੀ ਜਾਂਚ ਸਬੰਧੀ ਨਿਯੁਕਤ ਕੀਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਅਗਵਾਈ ਵਾਲੀ ਟੀਮ ਪਿੰਡ ਮੱਲਕੇ ਪੁੱਜੀ। ਇਸ ਟੀਮ ਵੱਲੋਂ ਬੇਅਦਬੀ ਕਾਂਡ ਸਬੰਧੀ ਤੱਥ ਇਕੱਠੇ ਕੀਤੇ ਜਾ ਰਹੇ ਹਨ। ਰਣਜੀਤ ਸਿੰਘ ਨੇ ਪਹਿਲਾਂ ਹੀ ਕਿਹਾ ਸੀ ਕਿ ਅਸੀਂ ਬੇਅਦਬੀ ਕਾਂਡ ਬਾਰੇ ਚਸ਼ਮਦੀਦਾਂ ਤੇ ਸਬੰਧਤ ਲੋਕਾਂ ਦੇ ਸਾਰੇ ਬਿਆਨ ਘਟਨਾਵਾਂ ਵਾਲੀਆਂ ਥਾਂਵਾਂ 'ਤੇ ਜਾ ਕੇ ਦਰਜ ਕਰਾਂਗੇ। ਚੇਤੇ ਰਹੇ, ਜਸਟਿਸ ਜ਼ੋਰਾ ਸਿੰਘ ਕਮਿਸ਼ਨ ਰੱਦ ਕਰਨ ਪਿਛੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ।


# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

Domestic fares available

# Housekeepers Needed

*in Upnorth Michigan*

**We need workers to clean a motel rooms. We will provide a house to live. They have to pay for food and utilities.**

**Contact: 956-373-0767**

## ਮਿਸ਼ੀਗਨ 'ਚ ਹਾਊਸਕੀਪਰਾਂ ਦੀ ਲੋੜ ਹੈ

ਕੰਮ ਮੋਟਲ ਦੇ ਕਮਰਿਆਂ ਦੀ ਸਾਫ-ਸਫਾਈ ਕਰਨਾ ਹੋਵੇਗਾ। ਰਿਹਾਇਸ਼ ਫਰੀ। ਖਾਣੇ ਅਤੇ ਬਿਜਲੀ-ਪਾਣੀ ਦੇ ਖਰਚੇ ਆਪਣੇ ਹੋਣਗੇ।

**ਸੰਪਰਕ ਕਰੋ, ਫੋਨ: 956-373-0767** 44

# ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ

## ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ।


**ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ**

*ਸੰਪਰਕ ਕਰੋ, ਮਨਜੀਤ ਸਿੰਘ*

**ਫੋਨ: 262-894-0913** 43-44

# ਤਾਜ ਮਹਿਲ ਤੱਕ ਜਾ ਪੁੱਜੇ ਰਾਜਨੀਤੀ ਦੇ ਛਿੱਟੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਇਸ ਹਫਤੇ ਇੱਕ ਵਾਰ ਫਿਰ ਅਸੀਂ ਭਾਰਤ ਦੀ ਰਾਜਨੀਤੀ ਨੂੰ ਫਿਰਕਾ-ਪ੍ਰਸਤੀ ਦੇ ਉਬਾਲੇ ਖਾਂਦੇ ਵੇਖਿਆ ਤੇ ਫਿਰ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਆਪਣੀ ਜ਼ਬਾਨ ਬਿਲਕੁਲ ਬੰਦ ਰੱਖ ਕੇ ਤਾਜ ਮਹਿਲ ਅੱਗੇ ਝਾੜੂ ਫੇਰਨ ਨਾਲ ਇਹ ਸੋਚ ਲਿਆ ਕਿ ਹੁਣ ਗੱਲ ਟਲ ਗਈ ਹੈ। ਇਹ ਭਰਮ ਪਾ ਲੈਣਾ ਗਲਤ ਹੈ। ਭਾਰਤ ਵਿਚ ਆਮ ਤੌਰ 'ਤੇ ਦੋਸ਼ ਲਾਇਆ ਜਾਂਦਾ ਹੈ ਕਿ ਵੋਟਾਂ ਲੈਣ ਖਾਤਰ ਘੱਟ-ਗਿਣਤੀਆਂ ਨੂੰ ਪਤਿਆਉਣ ਵਾਸਤੇ ਗਲਤ ਛੋਟਾਂ ਦਿੱਤੀਆਂ ਜਾਂਦੀਆਂ ਹਨ। ਕੁਝ ਹੱਦ ਤੱਕ ਇਹ ਠੀਕ ਵੀ ਹੈ, ਪਰ ਦੂਜੇ ਪਾਸੇ ਘੱਟ-ਗਿਣਤੀਆਂ ਨੂੰ ਮਿਲਦੀਆਂ ਛੋਟਾਂ ਦਾ ਰੌਲਾ ਪਾ ਕੇ ਬਹੁ-ਗਿਣਤੀ ਦੇ ਮਨਾਂ ਵਿਚ ਇੱਕ ਖਾਸ ਰੰਗ ਦਾ ਫਿਰਕੂਪੁਣਾ ਵੀ ਭਰਿਆ ਜਾਂਦਾ ਹੈ, ਜੋ ਭਾਰਤ ਦੇ ਭਵਿੱਖ ਵਾਸਤੇ ਚੰਗਾ ਨਹੀਂ। ਇਸ ਵਰਤਾਰੇ ਦੇ ਲੱਛਣ ਮੁੜ-ਮੁੜ ਉਭਰਦੇ ਹਨ ਤੇ ਜਦੋਂ ਇਸ ਖੇਡ ਦੀ ਸਿਖਰ ਹੋਣ ਲੱਗਦੀ ਹੈ, ਫਿਰ ਇਸ ਰਾਜਨੀਤਕ ਉਬਾਲੇ ਨੂੰ ਸ਼ੁਰੂ ਕਰਨ ਵਾਲੇ ਲੀਡਰ ਹੀ ਪਾਣੀ ਦਾ ਛੱਟਾ ਮਾਰ ਕੇ ਗੱਲ ਟਲ ਗਈ ਹੋਣ ਦਾ ਪ੍ਰਭਾਵ ਬਣਾਉਣ ਲੱਗਦੇ ਹਨ।

ਬੀਤੇ ਹਫਤੇ ਇੱਕ ਦਿਨ ਅਚਾਨਕ ਇਹ ਖਬਰ ਆਈ ਕਿ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਬਣਨ ਪਿੱਛੋਂ ਸੈਰ-ਸਪਾਟਾ ਵਿਭਾਗ ਨੇ ਜਦੋਂ ਬਰਾਊਸ਼ਰ ਛਾਪਿਆ ਤਾਂ ਉਸ ਵਿਚ ਸੰਸਾਰ ਪ੍ਰਸਿੱਧ ਤਾਜ ਮਹਿਲ ਦਾ ਨਾਂ ਲਿਖਣ ਤੋਂ ਪ੍ਰਹੇਜ਼ ਕੀਤਾ ਗਿਆ ਹੈ। ਹਾਲੇ ਇਹ ਗੱਲ ਸ਼ੁਰੂ ਹੀ ਹੋਈ ਸੀ ਕਿ ਭਾਜਪਾ ਦੇ ਇੱਕ ਵਿਵਾਦਤ ਵਿਧਾਇਕ ਸੰਗੀਤ ਸੋਮ ਦਾ ਬਿਆਨ ਆ ਗਿਆ ਕਿ ਤਾਜ ਮਹਿਲ ਦਾ ਜ਼ਿਕਰ ਕਰਨ ਦੀ ਲੋੜ ਵੀ ਨਹੀਂ, ਇਹ ਭਾਰਤ ਦੇ ਮੱਥੇ ਉਤੇ ਕਲੰਕ ਹੈ। ਭਾਜਪਾ ਦੇ ਇਸ ਵਿਧਾਇਕ ਦੇ ਬਿਆਨ ਤੋਂ ਬਾਅਦ ਸੰਘ ਪਰਿਵਾਰ ਨਾਲ ਜੁੜੇ ਕਈ ਲੋਕਾਂ ਨੇ ਆਨੇ-ਬਹਾਨੇ ਉਸ ਦੀ ਹਮਾਇਤ ਕੀਤੀ ਤੇ ਫਿਰ ਭਾਜਪਾ ਦੇ ਵਿਵਾਦਤ ਪਾਰਲੀਮੈਂਟ



*ਪਾਰਲੀਮੈਂਟ ਮੈਂਬਰ ਵਿਨੇ ਕਟਿਆਰ*

ਮੈਂਬਰ ਵਿਨੇ ਕਟਿਆਰ ਦਾ ਹੋਰ ਭੱਦਾ ਬਿਆਨ ਆ ਗਿਆ। ਜਦੋਂ ਸੰਗੀਤ ਸੋਮ ਨੇ ਤਾਜ ਮਹਿਲ ਨੂੰ ਕਲੰਕ ਕਿਹਾ ਸੀ, ਉਦੋਂ ਕਈ ਇਤਰਾਜ਼ ਦੀਆਂ ਆਵਾਜ਼ਾਂ ਉਠੀਆਂ ਸਨ ਕਿ ਦਿੱਲੀ ਦਾ ਲਾਲ ਕਿਲ੍ਹਾ ਵੀ ਤਾਜ ਮਹਿਲ ਬਣਵਾਉਣ ਵਾਲੇ ਬਾਦਸ਼ਾਹ ਨੇ ਬਣਵਾਇਆ ਸੀ, ਉਥੇ ਵੀ 15 ਅਗਸਤ ਨੂੰ ਝੰਡਾ ਝੁਲਾਉਣ ਤੋਂ ਨਰਿੰਦਰ ਮੋਦੀ ਨੂੰ ਰੋਕ ਲਓ। ਰਾਸ਼ਟਰਪਤੀ ਭਵਨ ਤੇ ਪਾਰਲੀਮੈਂਟ ਭਵਨ ਬ੍ਰਿਟਿਸ਼ ਸਰਕਾਰ ਨੇ ਬਣਵਾਏ ਸਨ, ਇਨ੍ਹਾਂ ਨੂੰ ਵੀ ਕਲੰਕ ਮੰਨ ਕੇ ਇਨ੍ਹਾਂ ਦੀ ਵਰਤੋਂ ਕਰਨੀ ਛੱਡ ਦਿਓ। ਅਜਿਹੇ ਕਈ ਹੋਰ ਟਿਕਾਣੇ ਵੀ ਗਿਣਾਏ ਜਾਣ ਲੱਗ ਪਏ ਸਨ।





*ਪੀ. ਐਨ. ਓਕ (ਵਿਚਕਾਰ) ਅਤੇ ਉਸ ਦੀਆਂ ਦੋ ਪੁਸਤਕਾਂ*

ਵਿਨੇ ਕਟਿਆਰ ਇਸ ਤੋਂ ਵੱਖਰੀ ਬੋਲੀ ਬੋਲਿਆ ਤੇ ਬਹੁਤ ਅੱਗੇ ਤੱਕ ਨਿਕਲ ਗਿਆ। ਉਸ ਨੇ ਤਾਜ ਮਹਿਲ ਲਈ ਕਲੰਕ ਲਫਜ਼ ਨਹੀਂ ਵਰਤਿਆ, ਸਗੋਂ ਇਹ ਆਖ ਦਿੱਤਾ ਕਿ ਮੁਗਲ ਬਾਦਸ਼ਾਹ ਨੇ ਇਹ ਬਣਵਾਇਆ ਹੀ ਨਹੀਂ, ਇਹ ਤਾਂ ਪੁਰਾਣਾ ਹਿੰਦੂ ਮੰਦਿਰ ਹੈ, ਜਿਸ ਨੂੰ ਉਸ ਮੁਗਲ ਬਾਦਸ਼ਾਹ ਨੇ ਮਜ਼ਾਰ ਵਿਚ ਬਦਲ ਦਿੱਤਾ ਸੀ। ਵਿਨੇ ਕਟਿਆਰ ਪਹਿਲਾਂ ਬਾਬਰੀ ਮਸਜਿਦ ਨੂੰ ਢਾਹੁਣ ਦੀ ਮੁਹਿੰਮ ਨਾਲ ਜੁੜਿਆ ਰਿਹਾ ਸੀ ਤੇ ਮਸਜਿਦ ਦੇ ਢਾਹੇ ਜਾਣ ਦਾ ਜੋ ਕੇਸ ਅਜੇ ਤੱਕ ਚੱਲ ਰਿਹਾ ਹੈ, ਉਸ ਦੇ ਦੋਸ਼ੀਆਂ ਵਿਚ ਵਿਨੇ ਕਟਿਆਰ ਵੀ ਹੈ। ਉਹ ਏਦਾਂ ਦੀਆਂ ਗੱਲਾਂ ਕਹਿਣ ਦਾ ਆਦੀ ਹੈ। ਇਸ ਵਾਰੀ ਜਦੋਂ ਉਹ ਤਾਜ ਮਹਿਲ ਨੂੰ ਹਿੰਦੂ ਮੰਦਿਰ ਕਹਿਣ ਲੱਗਾ ਤਾਂ ਨਾਲ ਇਹ ਦਲੀਲ ਜੋੜ ਲਈ ਕਿ ਇਤਿਹਾਸ ਵਿਚ ਇਹ ਜ਼ਿਕਰ ਹੈ ਕਿ ਇਹ ਤਾਜ ਮਹਿਲ ਬਣਨ ਤੋਂ ਪਹਿਲਾਂ ਤੇਜੋ ਮਹਿਲ ਹੁੰਦਾ ਸੀ। ਜਿਸ ਕਹਾਣੀ ਨੂੰ ਵਿਨੇ ਕਟਿਆਰ ਇਤਿਹਾਸ ਆਖਦਾ ਹੈ, ਉਹ ਬ੍ਰਿਟੇਨ ਸਰਕਾਰ ਦਾ ਕਾਰਿੰਦਾ ਰਹਿ ਚੁੱਕੇ ਪੀ. ਐਨ. ਓਕ ਦਾ ਲਿਖਿਆ ਹੋਇਆ ਇੱਕ ਕਿਤਾਬਚਾ ਹੈ। ਇੱਕ ਖਾਸ ਸੋਚਣੀ ਲਈ ਲਿਖੇ ਗਏ ਇਸ ਕਿਤਾਬਚੇ ਵਿਚ ਏਦਾਂ ਦੇ ਧੱਕੜ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਨੂੰ ਇਤਿਹਾਸ ਮੰਨਣ ਦਾ ਕੋਈ ਆਧਾਰ ਨਹੀਂ ਮਿਲਦਾ। ਅੱਜ-ਕੱਲ੍ਹ ਭਾਰਤੀ ਰਾਜਨੀਤੀ 'ਜੁਮਲੇ' ਪੇਸ਼ ਕਰਨ ਦੀ ਆਦੀ ਹੋ ਚੁੱਕੀ ਹੈ। 'ਇਤਿਹਾਸ' ਦੇ ਨਾਂ ਉਤੇ ਜੋ ਕੁਝ ਪੀ. ਐਨ. ਓਕ ਨੇ ਕਈ ਸਾਲ ਪਹਿਲਾਂ ਲਿਖਿਆ ਸੀ, ਉਹ ਉਸ ਵੱਲੋਂ ਉਦੋਂ ਪੇਸ਼ ਕੀਤੇ ਗਏ ਜੁਮਲੇ ਲੱਗਦੇ ਹਨ, ਜਦੋਂ ਇਸ ਦੇਸ਼ ਵਿਚ ਰਾਜਸੀ ਜੁਮਲੇ ਪੇਸ਼ ਹੋਣੇ ਹਾਲੇ ਸ਼ੁਰੂ ਨਹੀਂ ਸੀ ਹੋਏ।

ਕਈ ਕਿਤਾਬਾਂ ਨਾ ਚਾਹੁੰਦੇ ਹੋਏ ਵੀ ਸਾਡੇ ਵਰਗੇ ਲੋਕਾਂ ਨੂੰ ਇਸ ਲਈ ਪੜ੍ਹਨੀਆਂ ਪੈ ਜਾਂਦੀਆਂ ਹਨ ਕਿ ਇਨ੍ਹਾਂ ਵਿਚ ਲਿਖਿਆ ਹੋਇਆ ਮਸਾਲਾ ਵੇਖਣ ਪਿੱਛੋਂ ਹਕੀਕਤਾਂ ਸਮਝਣ ਦਾ ਯਤਨ ਕਰ ਸਕੀਏ। ਪੀ. ਐਨ. ਓਕ ਦੇ ਲਿਖੇ ਅਖੌਤੀ ਇਤਿਹਾਸ ਨੂੰ ਵੀ ਇਸੇ ਪੱਖ ਤੋਂ ਵੇਖਿਆ ਜਾ ਸਕਦਾ ਹੈ। ਉਹ ਜਦੋਂ ਗਪੌੜ ਛੱਡਦਾ ਹੈ ਤਾਂ ਉਨ੍ਹਾਂ ਨਾਲ ਇਤਿਹਾਸ ਦੇ ਹਵਾਲੇ ਨਹੀਂ ਦਿੰਦਾ, ਆਪਣੇ ਸੋਚਣੀ ਦੀ ਕਾੜ੍ਹਨੀ ਵਿਚੋਂ ਉਬਾਲੇ ਖਾ ਕੇ ਨਿਕਲੇ ਸਿੱਟੇ ਪੇਸ਼ ਕਰੀ ਜਾਂਦਾ ਹੈ। ਇਸ ਦੀ ਆਖਰੀ ਹੱਦ ਵੇਖੀਏ ਤਾਂ ਹਾਸੋਹੀਣੀਆਂ ਗੱਲਾਂ ਪੜ੍ਹਨ ਨੂੰ ਮਿਲਦੀਆਂ ਹਨ। ਪੀ. ਐਨ. ਓਕ ਕਹਿੰਦਾ ਹੈ ਕਿ ਸੰਸਾਰ ਵਿਚ ਫੈਲਿਆ ਈਸਾਈ ਮੱਤ ਆਪਣੇ ਆਪ ਵਿਚ ਧਰਮ ਹੀ ਨਹੀਂ, ਇਹ ਤਾਂ ਭਾਰਤੀ ਲੋਕਾਂ ਦੀ ਸ਼ਰਧਾ ਦੇ ਭਗਵਾਨ ਕ੍ਰਿਸ਼ਨ ਦੇ ਵਿਚਾਰਾਂ ਦੀ ਇੱਕ ਸ਼ਾਖਾ ਸੀ, ਜੋ ਪਹਿਲੇ ਦਿਨਾਂ ਵਿਚ 'ਕ੍ਰਿਸ਼ਨ ਨੀਤੀ', ਕਹਿਣ ਤੋਂ ਭਾਵ ਕ੍ਰਿਸ਼ਨ-ਮਾਰਗ ਸੀ, ਫਿਰ ਇਸ ਦੀ ਨਵੀਂ ਚੱਲੀ ਇਸ ਸ਼ਾਖਾ ਨੂੰ 'ਕ੍ਰਿਸ਼ਨ ਨੀਤੀ' ਤੋਂ ਥੋੜ੍ਹਾ ਬਦਲ ਕੇ 'ਕਿਸ਼ਚਨਟੀ' ਵਜੋਂ ਈਸਾਈ ਧਰਮ ਬਣਾ ਲਿਆ। ਇੱਕ ਹੋਰ ਕਦਮ ਅੱਗੇ ਵਧ ਕੇ ਉਹ ਨਵਾਂ ਧੱਕੜ ਮਾਰਦਾ ਹੈ ਕਿ ਈਸਾਈ ਲੋਕਾਂ ਦਾ ਜਿਹੜਾ ਸਭ ਤੋਂ ਵੱਡਾ ਧਰਮ ਅਸਥਾਨ ਵੈਟੀਕਨ ਹੈ, ਉਹ ਅਸਲੀ ਲਫਜ਼ ਨਹੀਂ। ਪੀ. ਐਨ. ਓਕ ਕਹਿੰਦਾ ਹੈ ਕਿ ਰਾਵਣ ਨੇ ਸੀਤਾ ਨੂੰ ਕੈਦ ਕਰਨ ਮਗਰੋਂ 'ਅਸ਼ੋਕ ਵਾਟਿਕਾ' ਵਿਚ ਤਿੰਨ ਸਾਲ ਤੱਕ ਰੱਖਿਆ ਸੀ, ਉਹ 'ਅਸ਼ੋਕ ਵਾਟਿਕਾ' ਦੇ ਰੂਪ ਵਿਚ 'ਅਸ਼ੋਕ ਬਗੀਚੀ' ਸੀ। ਉਸੇ ਤਰ੍ਹਾਂ ਕ੍ਰਿਸ਼ਨ-ਨੀਤੀ ਦੇ ਲੋਕਾਂ ਵਿਚੋਂ ਕਿਸੇ ਇੱਕ ਨੇ ਇਟਲੀ ਵਿਚ ਜਾ ਕੇ 'ਵਾਟਿਕਾ' ਯਾਨਿ ਬਗੀਚੀ



*ਵਿਧਾਇਕ ਸੰਗੀਤ ਸੋਮ*

ਬਣਾਈ ਤਾਂ ਉਸ ਨੂੰ ਹੌਲੀ-ਹੌਲੀ ਬਦਲ ਕੇ 'ਵਾਟਿਕਾ' ਤੋਂ ਈਸਾਈ ਲੋਕਾਂ ਨੇ 'ਵੈਟੀਕਨ' ਦਾ ਰੂਪ ਦੇ ਦਿੱਤਾ ਸੀ। ਕੁਝ ਹੋਰ ਕਦਮ ਪੁੱਟਣ ਪਿੱਛੋਂ ਪੀ. ਐਨ. ਓਕ ਈਸਾਈ ਧਰਮ ਦੀਆਂ ਮੁੱਢਲੀਆਂ ਹਸਤੀਆਂ ਵਿਚੋਂ 'ਅਬਰਾਹਮ' ਨੂੰ 'ਬ੍ਰਹਮ' ਤੋਂ ਬਦਲ ਕੇ ਬਣਿਆ ਮੰਨ ਬਹਿੰਦਾ ਹੈ ਤੇ 'ਜਾਰਜ' ਨੂੰ ਉਹ 'ਗਰਗ' ਦਾ ਬਦਲਿਆ ਰੂਪ ਬਣਾ ਕੇ ਪੇਸ਼ ਕਰਨ ਲੱਗਦਾ ਹੈ। ਏਹੋ ਜਿਹੀ ਖੁਸ਼ਫਹਿਮੀ ਖਿਲਾਰ ਕੇ ਆਪਣੇ ਆਪ ਨੂੰ 'ਇਤਿਹਾਸਕਾਰ' ਵਜੋਂ ਪੇਸ਼ ਕਰਨ ਵਾਲਾ ਉਹ ਬੰਦਾ ਬੜੀ ਦੂਰ ਤੱਕ ਚਲਾ ਜਾਂਦਾ ਹੈ।

ਭਾਰਤੀ ਲੋਕਾਂ ਲਈ ਇਹ ਸੋਚ ਬਹੁਤ ਵੱਡੇ ਬਖੇੜੇ ਪੈਦਾ ਕਰਨ ਵਾਲੀ ਹੋ ਸਕਦੀ ਹੈ। ਹਿੰਦੂ ਧਰਮ ਤੇ ਜੈਨ ਜਾਂ ਬੁੱਧ ਧਰਮ ਪੁਰਾਤਨ ਸਮਿਆਂ ਤੋਂ ਇੱਕੋ ਭਾਰਤ ਵਿਚ ਇੱਕ-ਦੂਜੇ ਨੂੰ ਬਰਦਾਸ਼ਤ ਕਰਦੇ ਆਏ ਸਨ, ਪਰ ਕੁਝ ਦਹਾਕੇ ਪਹਿਲਾਂ ਉਨ੍ਹਾਂ ਦੋਵਾਂ ਧਰਮਾਂ ਅੰਦਰ ਵੀ ਹਿੰਦੂ ਧਰਮ ਦੇ ਕੁਝ ਲੋਕਾਂ ਨੇ ਮੱਤਭੇਦ ਪੈਦਾ ਕਰ ਲਏ ਹਨ। ਬਿਹਾਰ ਵਿਚ ਬੁੱਧ ਧਰਮ ਦਾ ਬਹੁਤ ਵੱਡਾ ਤੀਰਥ ਬੋਧ ਗਯਾ ਵਿਚ ਹੈ ਅਤੇ ਸਾਰੀ ਦੁਨੀਆਂ ਵਿਚੋਂ ਲੋਕ ਉਥੇ ਪੂਜਾ ਕਰਨ ਤੇ ਮਨ ਦੀ ਸ਼ਾਂਤੀ ਹਾਸਲ ਕਰਨ ਆਇਆ ਕਰਦੇ ਹਨ। ਉਸ ਅਸਥਾਨ ਬਾਰੇ ਦੋਵਾਂ ਧਰਮਾਂ ਦੀ ਖਿੱਚੋਤਾਣ ਹੋ ਚੁਕੀ ਹੈ। ਜੈਨ ਧਰਮ ਨਾਲ ਹਿੰਦੂ ਧਰਮ ਨੂੰ ਸਦੀਆਂ ਤੱਕ ਕਦੇ ਕਿਸੇ ਤਰ੍ਹਾਂ ਦੀ ਸਮੱਸਿਆ ਨਹੀਂ ਸੀ, ਪਰ ਹੁਣ ਜੂਨਾਗੜ੍ਹ ਨੇੜੇ ਗਿਰਨਾਰ ਪਰਬਤ ਦੇ ਮੁੱਦੇ ਤੋਂ ਉਨ੍ਹਾਂ ਨਾਲ ਵੀ ਤਣਾਓ ਪੈਦਾ ਹੋਣ ਲੱਗ ਪਿਆ ਹੈ। ਜੈਨ ਭਾਈਚਾਰਾ ਇਸ ਤੋਂ ਦੁਖੀ ਹੈ, ਪਰ ਬੋਲ ਨਹੀਂ ਰਿਹਾ। ਏਹੋ ਜਿਹੇ ਕਈ ਹੋਰ ਮੁੱਦੇ ਦੱਸੇ ਜਾ ਸਕਦੇ ਹਨ, ਜਿਨ੍ਹਾਂ ਨੂੰ ਫੋਲਣ ਨਾਲ ਏਹੋ ਕਚਰਾ ਨਿਕਲੇਗਾ।

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੇ ਅੱਗੇ ਵਧਣਾ ਹੈ ਤਾਂ ਇਸ ਨੂੰ ਆਪਣੇ ਲੋਕਾਂ ਦੀ ਇੱਕ-ਸੁਰਤਾ ਪੈਦਾ ਕਰਨ ਦੀ ਲੋੜ ਹੈ, ਹਰ ਵਕਤ ਵਿਵਾਦਾਂ ਨੂੰ ਹਵਾ ਦੇਣ ਜਾਂ ਨਵੇਂ ਵਿਵਾਦ ਪੈਦਾ ਕਰਨ ਦੀ ਨੀਤੀ ਭਲਾ ਨਹੀਂ ਕਰ ਸਕਦੀ। ਜਿੱਥੋਂ ਤੱਕ ਸੰਗੀਤ ਸੋਮ ਤੇ ਵਿਨੇ ਕਟਿਆਰ ਵੱਲੋਂ ਉਠਾਏ ਤਾਜ ਮਹਿਲ ਦੇ ਮੁੱਦੇ ਦਾ ਸਵਾਲ ਹੈ, ਇਸ ਬਾਰੇ ਏਹੋ ਯਾਦ ਰੱਖਣਾ ਕਾਫੀ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਦੋ ਵਾਰੀ ਪਾਰਲੀਮੈਂਟ ਵਿਚ ਇਹ ਗੱਲ ਕਹੀ ਗਈ ਹੈ ਕਿ ਸਾਰੀ ਘੋਖ ਕਰ ਲੈਣ ਪਿੱਛੋਂ ਵੀ ਤਾਜ ਮਹਿਲ ਦੇ ਹਿੰਦੂ ਭਵਨ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ।

ਇਹ ਗੱਲ ਪਾਰਲੀਮੈਂਟ ਵਿਚ ਮਹੇਸ਼ ਸ਼ਰਮਾ ਨਾਂ ਦੇ ਉਸ ਸੱਭਿਆਚਾਰ ਮੰਤਰੀ ਨੇ ਬਾਕਾਇਦਾ ਇੱਕ ਸਵਾਲ ਦੇ ਜਵਾਬ ਵਿਚ ਕਹੀ, ਜੋ ਗਊ ਮਾਸ ਦੇ ਦੋਸ਼ ਨਾਲ ਕੁੱਟ-ਕੁੱਟ ਕੇ ਮਾਰੇ ਗਏ ਅਖਲਾਕ ਦੇ ਪਿੰਡ ਵਾਲੀ ਲੋਕ ਸਭਾ ਸੀਟ ਤੋਂ ਭਾਜਪਾ ਟਿਕਟ ਉਤੇ ਜਿੱਤਿਆ ਸੀ। ਉਸ ਨੇ ਇਹ ਗੱਲ ਜਦੋਂ ਕਹੀ ਹੈ ਤਾਂ ਇਸ ਲਈ ਨਹੀਂ ਕਹੀ ਕਿ ਉਹ ਸੈਕੂਲਰ ਬਣਨ ਲੱਗਾ ਹੈ, ਸਗੋਂ ਇਸ ਲਈ ਕਹੀ ਕਿ ਸਮੁੱਚੀ ਘੋਖ ਪਿੱਛੋਂ ਸਾਹਮਣੇ ਆਏ ਤੱਥਾਂ ਨੂੰ ਝੁਠਲਾਉਣਾ ਔਖਾ ਸੀ। ਇਸ ਪਿੱਛੋਂ ਵੀ ਜਦੋਂ ਕੋਈ ਗਿਆਨ ਦੇ ਗਲ ਰੱਸਾ ਪਾ ਕੇ ਆਪਣੀ ਮਰਜ਼ੀ ਦੇ ਮਾਰਗ ਉਤੇ ਧੂਹਣਾ ਚਾਹੁੰਦਾ ਹੈ ਤਾਂ ਉਸ ਤੋਂ ਦੇਸ਼ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

# ਦੀਵਾਲੀ ਦਾ ਕੱਚ-ਸੱਚ

ਕੁਝ ਸ਼ਖਸ ਅਜਿਹੇ ਮਿਲ ਜਾਣਗੇ ਜਿਹੜੇ ਹਰ ਸਾਲ ਲੋਹੜੀ, ਦੀਵਾਲੀ ਆਦਿਕ ਮੰਗਲਮਈ ਤਿਉਹਾਰਾਂ ਦੌਰਾਨ ਟਿੰਡ ਵਿਚ ਕਾਨਾ ਪਾ ਕੇ ਉਹ ਹਾਲ ਦੁਹਾਈ ਕਰਦੇ ਹਨ ਜਿਵੇਂ ਸਿੱਖੀ ਮੁਸ਼ਕ ਕਾਫੂਰ ਬਣ ਕੇ ਧਰਤੀ ਤੋਂ ਉਡੀ ਕਿ ਉਡੀ, ਕਿ ਸਿੱਖ ਹਿੰਦੂ ਹੋਏ ਕਿ ਹੋਏ। ਇਸ ਨੂੰ ਵਿਆਹ 'ਚ ਬੀ ਦਾ ਲੇਖਾ ਕਹੋ ਜਾਂ ਨੱਚ ਨਾ ਜਾਣੇ ਵਿਹੜਾ ਟੇਢਾ ਕਹੋ, ਨਗਾਰਖਾਨੇ ਵਿਚ ਹੈ ਇਹ ਮਹਿਜ਼ ਤੂਤੀ ਦੀ ਆਵਾਜ਼। ਇਨ੍ਹਾਂ ਨੂੰ ਭਰਮ ਹੈ ਕਿ ਸਿੱਖ ਸਾਡੇ ਆਖੇ ਲੱਗ ਕੇ ਤਿਉਹਾਰ ਮਨਾਉਣੋ ਹਟ ਜਾਣਗੇ।

ਹਰਪਾਲ ਸਿੰਘ ਪੰਨੂ
ਫੋਨ: 91-94642-51454

ਜਦੋਂ ਕਦੀ ਪੰਥ ਖਤਰੇ ਵਿਚ ਹੈ, ਸਿੱਖੀ ਖਤਮ ਹੋ ਜਾਏਗੀ ਆਦਿ ਵਾਕ ਸੁਣਦਾ ਹੈ, ਨਾਗਸੈਨ ਹੱਸ ਕੇ ਕਿਹਾ ਕਰਦੈ, "ਯਾਰੋ ਖਤਮ ਤਾਂ ਭਨਿਆਰੇ ਵਾਲਾ ਨਹੀਂ ਹੋਣਾ, ਕਿਉਂ ਖਾਹਮਖਾਹ ਸਿਰ ਖਾਣਾ ਕੀਤੈ ਤੁਸੀਂ।"

ਬਹੁਤੇ ਭਾਰਤੀ ਤਿਉਹਾਰ ਨਿਰੋਲ ਬਦਲਦੇ ਮੌਸਮਾਂ ਦੇ ਸਵਾਗਤ ਵਜੋਂ ਮਨਾਏ ਜਾਂਦੇ ਸਨ। ਆਪਾਂ ਹੋਲੀ ਤੋਂ ਸ਼ੁਰੂ ਕਰੀਏ। ਹੋਲੀ ਵਕਤ ਗਰਮੀ ਨੇ ਸਾਡੇ ਬੂਹੇ ਦਸਤਕ ਦਿੱਤੀ ਕਿ ਮੈਂ ਆ ਰਹੀ ਹਾਂ, ਸਰਦੀ ਵਿਦਾਇਗੀ ਮੰਗ ਰਹੀ ਹੈ। ਵਿਸਾਖੀ ਨੂੰ ਗਰਮੀ ਨੇ ਆਪਣੇ ਰਾਜਭਾਗ ਦਾ ਢੋਲ ਵਜਾ ਦਿੱਤਾ ਹੈ। ਨਿਰਜਲ-ਏਕਾਦਸ਼ੀ (ਜੇਠ ਸੁਦੀ ਗਿਆਰਾਂ) ਪੂਰਨ ਤਪਦਾ ਮਾਹੌਲ, ਲੂਅ, ਖੁਸ਼ਕੀ। ਹਿੰਦੂ ਮਤਿ ਅਨੁਸਾਰ ਇਸ ਦਿਨ ਨਾ ਪਾਣੀ ਪੀਣਾ ਹੈ, ਨਾ ਇਸ਼ਨਾਨ ਕਰਨਾ, ਪਰ ਹੁੰਦਾ ਉਲਟ ਹੈ, ਛਬੀਲਾਂ ਲਗਦੀਆਂ ਹਨ, ਲੋਕ ਤੀਰਥੀਂ ਨਹਾਉਂਦੇ ਹਨ। ਫਿਰ ਦੀਵਾਲੀ, ਸਰਦੀ ਦੇ ਆਗਮਨ ਦੀ ਦਸਤਕ ਹੈ। ਲੋਹੜੀ ਨੂੰ ਸਰਦੀ ਗੱਜ ਵੱਜ ਕੇ ਆਪਣੀ ਹਕੂਮਤ ਦਾ ਐਲਾਨ ਕਰਦੀ ਹੈ। ਮੌਸਮੀ ਤਿਉਹਾਰਾਂ ਦੀ ਪਵਿੱਤਰਤਾ ਬਣਾਈ ਰੱਖਣ ਲਈ ਸਾਡੇ ਬਜ਼ੁਰਗਾਂ ਨੇ ਇਨ੍ਹਾਂ ਨਾਲ ਧਾਰਮਿਕ ਮਿੱਥਾਂ ਜੋੜ ਦਿੱਤੀਆਂ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਾਲ ਵਿਚ ਦੋ ਵਾਰ ਦੀਵਾਲੀ ਅਤੇ ਵਿਸਾਖੀ ਨੂੰ ਸਿੱਖ ਸੰਗਤ ਅੰਮ੍ਰਿਤਸਰ ਇਕੱਠੀ ਹੋਇਆ ਕਰੇਗੀ, ਗੁਰੂ ਹੁਕਮ ਉਪਰੰਤ ਰਿਵਾਜ ਹੋ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਕਿਸ ਤਰੀਕ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋਏ, ਇਸ ਬਾਰੇ ਮੱਤਭੇਦ ਹਨ, ਹੁੰਦੇ ਰਹਿਣ। ਦੀਵਾਲੀ ਤੋਂ ਪਹਿਲਾਂ ਰਿਹਾ ਹੋਏ ਤਦ ਸੰਗਤ-ਦਰਸ਼ਨ ਹਿਤ ਦੀਵਾਲੀ ਨੂੰ ਉਨ੍ਹਾਂ ਦਾ ਅੰਮ੍ਰਿਤਸਰ ਹੋਣਾ ਯਕੀਨੀ ਹੈ, ਦੀਵਾਲੀ ਤੋਂ ਬਾਅਦ ਰਿਹਾ ਹੋਏ ਤਦ ਅਗਲੀ ਦੀਵਾਲੀ ਕਿਹੜੀ ਬਾਰਾਂ ਸਾਲ ਬਾਅਦ ਆਉਣੀ ਸੀ? ਜਦੋਂ ਗੁਰੂ ਜੀ ਦੀਵਾਲੀ ਨੂੰ ਹਰਿਮੰਦਰ ਮੱਥਾ ਟੇਕਣ ਗਏ, ਦੀਪਮਾਲਾ ਹੋਣੀ ਯਕੀਨੀ ਸੀ। ਦੀਪਮਾਲਾ ਦਾ ਨਾਮ ਦੀਵਾਲੀ ਹੈ।

ਚੇਤੇ ਕਰੀਏ ਕਿ ਪੰਜਵੇਂ ਗੁਰੂ ਜੀ ਦੇ ਵੇਲੇ ਤੋਂ ਸਿੱਖਾਂ ਦਾ ਸਟੇਟ ਨਾਲ ਟਾਕਰਾ ਸ਼ੁਰੂ ਹੋ ਗਿਆ ਸੀ ਜਿਸ ਦੇ ਫਲਸਰੂਪ ਗੁਰੂ ਤੇਗ ਬਹਾਦਰ ਸਾਹਿਬ, ਦਰਬਾਰ ਸਾਹਿਬ ਮੱਥਾ ਨਹੀਂ ਸੀ ਟੇਕ



ਸਕੇ ਅਤੇ ਗੁਰੂ ਗੋਬਿੰਦ ਸਿੰਘ ਕਦੀ ਅੰਮ੍ਰਿਤਸਰ ਨਾ ਜਾ ਸਕੇ। ਦਸਮ ਪਾਤਸ਼ਾਹ ਨੇ ਇਸੇ ਟਕਰਾਅ ਦੇ ਮੱਦੇਨਜ਼ਰ ਸੁਰੱਖਿਆ ਹਿਤ 1699 ਵਿਚ ਵਿਸਾਖੀ ਅੰਮ੍ਰਿਤਸਰ ਦੀ ਥਾਂ ਅਨੰਦਪੁਰ ਸਾਹਿਬ ਮਨਾ ਕੇ ਖਾਲਸਾ ਪੰਥ ਪ੍ਰਗਟ ਕੀਤਾ। ਬੇਸ਼ਕ ਵਿਸਾਖੀ ਗਲੋਬ ਉਪਰ ਹਰ ਗੁਰਦੁਆਰੇ ਵਿਚ ਮਨਾਈ ਜਾਂਦੀ ਹੈ ਪਰ ਦਿਲਚਸਪ ਤੱਥ ਇਹ ਹੈ ਕਿ ਖਾਲਸਾ ਪੰਥ ਰਸਮੀ ਤੌਰ 'ਤੇ ਵਿਸਾਖੀ ਹੁਣ ਅਨੰਦਪੁਰ ਸਾਹਿਬ ਦੀ ਥਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਵਿਖੇ ਮਨਾਉਂਦਾ ਹੈ।

ਉਕਤ ਵੇਰਵੇ ਅਸੀਂ ਇਸ ਲਈ ਦਿੱਤੇ ਹਨ ਕਿ ਕਿਸੇ ਤਿਉਹਾਰ ਨੂੰ ਮਨਾਉਣ ਵਾਸਤੇ ਖਾਲਸਾ ਪੰਥ ਨੇ ਨਾ ਸਮੇਂ ਦੀ ਪ੍ਰਵਾਹ ਕੀਤੀ ਹੈ, ਨਾ ਸਥਾਨ ਦੀ ਕਿਉਂਕਿ ਧਰਮ ਟਾਈਮ ਅਤੇ ਸਪੇਸ ਤੋਂ ਵੱਡਾ ਹੈ। ਪੱਛਮ ਵਿਚ ਗੁਰਪੁਰਬਾਂ ਨੂੰ ਛੁੱਟੀ ਨਹੀਂ ਹੁੰਦੀ, ਸਾਰੇ ਤਿਉਹਾਰ ਸਨਿਚਰਵਾਰ, ਐਤਵਾਰ ਮਨਾਏ ਜਾਂਦੇ ਹਨ, ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ। ਇਥੇ ਪੰਜਾਬੀ ਸਿੱਖਾਂ ਦਾ ਬਾਬਾ ਆਦਮ ਨਿਰਾਲਾ ਹੈ, ਜੇ ਦੀਵਾਲੀ ਮਨਾ ਲਈ ਤਾਂ ਸਿੱਖੀ ਵਿਚ ਚਿੱਬ ਪੈ ਗਿਆ, ਜੇ ਲੋਹੜੀ ਮਨਾ ਲਈ ਤਾਂ ਸਿੱਖੀ ਵਿਚ ਤਰੇੜ ਪੈ ਗਈ। ਇੰਨਾ ਕੁ ਕਰਨ ਨਾਲ ਸਾਰੇ ਸਿੱਖ ਹਿੰਦੂ ਹੋ ਜਾਣਗੇ!

ਜਿਵੇਂ ਭਾਰਤੀ ਸਿੱਖਾਂ ਦੇ ਵਡੇਰੇ ਹਿੰਦੂ ਸਨ, ਉਵੇਂ ਈਰਾਨੀ ਮੁਸਲਮਾਨਾਂ ਦੇ ਪੂਰਵਜ ਪਾਰਸੀ ਸਨ। ਈਰਾਨੀ ਮੁਸਲਮਾਨ ਆਪਣੇ ਵਡੇਰਿਆਂ ਦੀ ਇੰਨੀ ਕਦਰ ਕਰਦੇ ਹਨ ਕਿ ਲਗਾਤਾਰ ਦਸ ਦਿਨ ਨੌਰੋਜ਼ ਤਿਉਹਾਰ ਮਨਾਉਂਦੇ ਹਨ, ਸਰਕਾਰੀ ਛੁੱਟੀਆਂ ਹੁੰਦੀਆਂ ਹਨ, ਨੌਰੋਜ਼ ਮਾਇਨੇ ਨਵਾਂ ਦਿਨ, ਸਾਲ ਦਾ ਪਹਿਲਾ ਦਿਨ। ਚੇਤੇ ਰਹੇ, ਸਾਲ ਦਾ ਇਹ ਨਵਾਂ ਦਿਨ ਹਿਜਰੀ ਇਸਲਾਮਿਕ ਚੰਦਰਮਾ ਸੰਮਤ ਦਾ ਦਿਨ ਨਹੀਂ, ਪਾਰਸੀਆਂ ਦੇ ਸੂਰਜੀ ਸੰਮਤ ਦਾ ਦਿਨ ਹੈ। ਸਾਡੇ ਬਜ਼ੁਰਗ ਸ਼ਾਇਰ ਲਿਖਦੇ ਹਨ:

ਜੇ ਬੰਨ੍ਹ ਲਈ ਦਾਹੜੀ ਤਾਂ ਸਿੱਖੀ ਨੂੰ ਖਤਰਾ।
ਜੇ ਪਹਿਨ ਲਈ ਸਾੜ੍ਹੀ ਤਾਂ ਸਿੱਖੀ ਨੂੰ ਖਤਰਾ।
ਇਹ ਸਿੱਖੀ ਨਾ ਹੋਈ ਹੋ ਗਈ ਮੋਮਬੱਤੀ।
ਪੰਘਰ ਗਈ ਉਦੋਂ ਜਦ ਲੱਗੀ ਵਾਅ ਤੱਤੀ।

## ਗੀਤ

ਆਓ ਮਿਲ ਕੇ ਮਨਾਈਏ ਸਭ ਤਿਉਹਾਰਾਂ ਨੂੰ,
ਲੁੱਟੀਏ ਰਲ-ਮਿਲ ਕੇ ਫਿਰ ਮੌਜ ਬਹਾਰਾਂ ਨੂੰ।

ਹੋਵੇ ਈਦ, ਗੁਰਪੁਰਬ, ਕ੍ਰਿਸਮਸ ਜਾਂ ਦੀਵਾਲੀ,
ਜਾਂ ਫੇਰ ਹੋਵੇ ਕੋਈ ਵੀ ਗੱਲ ਖੁਸ਼ੀਆਂ ਵਾਲੀ।
ਢਾਹੋ ਮਿਲ ਕੇ ਨਫਰਤ ਦੀਆਂ ਦੀਵਾਰਾਂ ਨੂੰ...।

ਸਿਖਿਆ ਲਈਏ ਹਮੇਸ਼ਾ ਧਾਰਮਿਕ ਗ੍ਰੰਥਾਂ ਤੋਂ,
ਦੂਰ ਰਹੀਏ ਸਮਾਜ ਵਿਰੋਧੀ ਫਿਰਕੂ ਤੱਤਾਂ ਤੋਂ।
ਗਾਈਏ ਯੋਧਿਆਂ ਦੇ ਕਿੱਸੇ ਅਤੇ ਵਾਰਾਂ ਨੂੰ...।

ਆਓ ਗਿਆਨ ਦੇ ਦੀਵੇ ਮਨਦੀਪ ਜਗਾਈਏ,
ਅਗਿਆਨ ਦੇ ਹਨੇਰੇ ਨੂੰ ਦੂਰ ਭਜਾਈਏ।
ਇੱਜ਼ਤ ਦੇਈਏ ਹਮੇਸ਼ਾ ਨਾਰਾਂ ਨੂੰ...।
ਆਓ ਮਿਲ ਕੇ ਮਨਾਈਏ ਸਭ ਤਿਉਹਾਰਾਂ ਨੂੰ।

-ਮਨਦੀਪ ਗਿੱਲ ਧੜਾਕ
ਫੋਨ: 91-99881-11134

# ਸੁਖਬੀਰ ਦੇ ਨਿਜੀ ਕੰਪਨੀਆਂ ਨਾਲ ਕਰਾਰਾਂ ਨੇ ਮਹਿੰਗੀ ਕੀਤੀ ਬਿਜਲੀ?



**ਚੰਡੀਗੜ੍ਹ:** ਅਕਾਲੀ ਦਲ ਵੱਲੋਂ ਭਾਵੇਂ ਕੈਪਟਨ ਸਰਕਾਰ 'ਤੇ ਬਿਜਲੀ ਮਹਿੰਗੀ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ ਪਰ ਪਤਾ ਲੱਗਾ ਹੈ ਕਿ ਪਿਛਲੀ ਬਾਦਲ ਸਰਕਾਰ ਬਿਜਲੀ ਕੰਪਨੀਆਂ ਨਾਲ ਅਜਿਹੇ ਸਮਝੌਤੇ ਕਰ ਲਈ ਜਿਸ ਕਾਰਨ ਇਹ ਵਾਧਾ ਮਜਬੂਰੀ ਬਣ ਗਿਆ। ਅਕਾਲੀਆਂ ਵੱਲੋਂ ਤਲਵੰਡੀ ਸਾਬੋ ਥਰਮਲ ਪਲਾਂਟ ਤੋਂ 5.40 ਰੁਪਏ, ਗੋਇੰਦਵਾਲ ਤੋਂ 8.70 ਰੁਪਏ ਅਤੇ ਰਾਜਪੁਰਾ ਥਰਮਲ ਪਲਾਂਟ ਤੋਂ 3.80 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦਣ ਦਾ ਕਰਾਰ ਕੀਤਾ ਗਿਆ ਜਦਕਿ ਕਾਂਗਰਸ ਸਰਕਾਰ ਨੂੰ ਮੁਦਰਾ ਨੈਸ਼ਨਲ ਗਰਿੱਡ ਤੋਂ 2.20 ਰੁਪਏ ਅਤੇ ਸ਼ਾਨਨ ਪਲਾਂਟ ਤੋਂ 1.32 ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲ ਰਹੀ ਹੈ।

ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਬਿਜਲੀ ਦਰਾਂ 'ਚ ਵਾਧੇ ਲਈ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਸਿੱਧੇ ਤੌਰ ਉਤੇ ਜ਼ਿੰਮੇਵਾਰ ਹੈ। ਬਿਜਲੀ ਦਰਾਂ ਵਿਚ ਵਾਧੇ ਖਿਲਾਫ਼ ਧਰਨਾ ਦੇਣ ਵਾਲੇ ਅਕਾਲੀਆਂ ਨੂੰ ਦਿੱਲੀ ਵਿਚ ਧਰਨਾ ਦੇਣਾ ਚਾਹੀਦਾ ਹੈ ਕਿਉਂਕਿ ਅਕਾਲੀ ਸਰਕਾਰ ਵਲੋਂ ਕੇਂਦਰ ਨਾਲ ਕੀਤੇ ਪਾਵਰ ਸਮਝੌਤੇ ਤਹਿਤ ਮਜਬੂਰੀ ਵੱਸ ਇਹ ਦਰਾਂ ਵਧਾਉਣੀਆਂ ਪਈਆਂ ਹਨ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਨਿੱਜੀ ਥਰਮਲ ਪਲਾਂਟਾਂ ਨਾਲ 25 ਸਾਲ ਦੇ ਅਜਿਹੇ ਕਰਾਰ ਕੀਤੇ ਹਨ ਕਿ ਕਾਂਗਰਸ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਰੱਦ ਵੀ ਨਹੀਂ ਕਰ ਸਕਦੀ, ਪਰ ਕਾਂਗਰਸ ਸਰਕਾਰ ਨੇ ਇਨ੍ਹਾਂ ਬਿਜਲੀ ਸਮਝੌਤਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ, ਗੋਇੰਦਵਾਲ ਅਤੇ ਰਾਜਪੁਰਾ ਪਲਾਂਟਾਂ ਤੋਂ ਜੇਕਰ ਸਰਕਾਰ ਬਿਜਲੀ ਨਾ ਵੀ ਲਵੇ ਤਾਂ ਵੀ ਇਸ ਪਲਾਂਟਾਂ ਨੂੰ 1.35 ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਚਾਰਜ ਦੇਣਾ ਹੋਵੇਗਾ। ਬਿਕਰਮ ਸਿੰਘ ਮਜੀਠੀਆ ਨੇ ਸੋਲਰ ਪਾਵਰ 5.32 ਰੁਪਏ ਪ੍ਰਤੀ ਯੂਨਿਟ ਅਤੇ ਬਾਇਓਮਾਸ ਪਾਵਰ 5.90 ਰੁਪਏ ਪ੍ਰਤੀ ਯੂਨਿਟ ਖਰੀਦਣ ਦੇ ਕਰਾਰ ਕੀਤੇ ਜਦੋਂ ਕਿ ਇਸ ਦੋਵਾਂ ਤਰ੍ਹਾਂ ਦੀ ਬਿਜਲੀ ਅੱਜ 2 ਰੁਪਏ ਪ੍ਰਤੀ ਯੂਨਿਟ ਵਿਚ ਉਪਲਬਧ ਹਨ।

ਅਕਾਲੀ-ਭਾਜਪਾ ਦੇ ਦਸ ਸਾਲ ਦੇ ਸ਼ਾਸਨ ਦੇ ਦੌਰਾਨ ਬਿਜਲੀ ਟੈਰਿਫ ਵਿਚ 77.33 ਫੀਸਦੀ ਵਾਧਾ ਕੀਤਾ ਜਦੋਂ ਕਿ ਉਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਵਾਧੇ ਸਿਰਫ 22.51 ਫੀਸਦੀ ਰਹੇ।

ਜਾਖੜ ਨੇ ਕਿਹਾ ਕਿ ਗੁਨਾਹਗਾਰ ਸੁਖਬੀਰ ਹਨ ਜਿਨ੍ਹਾਂ ਨੇ 4 ਮਾਰਚ 2016 ਨੂੰ ਉਦੇ ਸਕੀਮ ਤਹਿਤ ਕੇਂਦਰੀ ਊਰਜਾ ਮੰਤਰੀ ਦੇ ਨਾਲ ਸਮਝੌਤੇ 'ਤੇ ਹਸਤਾਖਰ ਕੀਤੇ, ਜਿਸ ਤਹਿਤ ਪੰਜਾਬ ਵਿਚ 2016-17 ਵਿਚ 5 ਫੀਸਦੀ ਅਤੇ 2017-18 ਵਿਚ 9 ਫੀਸਦੀ ਬਿਜਲੀ ਦੇ ਮੁੱਲ ਵਧਾਏ ਜਾਣੇ ਸਨ। ਪੰਜਾਬ ਵਿਚ ਕਰਾਰ ਤੋਂ ਜ਼ਿਆਦਾ ਵਾਧੇ ਕਿਉਂ ਹੋਏ, ਸਬੰਧੀ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਦੌਰਾਨ ਰਾਜਨੀਤਕ ਫਾਇਦਾ ਲੈਣ ਲਈ ਅਕਾਲੀ ਸਰਕਾਰ ਨੇ ਤੈਅ ਸ਼ਰਤਾਂ ਅਨੁਸਾਰ ਮੁੱਲ ਨਹੀਂ ਵਧਾਏ ਜਿਸ ਦੇ ਤਹਿਤ ਹੁਣ ਕੇਂਦਰੀ ਸਕੀਮ ਅਨੁਸਾਰ ਪੈਨਲਟੀ ਵੀ ਜੋੜਨੀ ਪਈ।

## ਅਰਬਪਤੀ ਪੰਜਾਬੀ ਧੋਖਾਧੜੀ ਦੇ ਕੇਸ 'ਚ ਗ੍ਰਿਫਤਾਰ

**ਵਾਸ਼ਿੰਗਟਨ:** ਭਾਰਤ-ਅਮਰੀਕੀ ਫਾਰਮਾਸਿਊਟੀਕਲ ਕੰਪਨੀ ਇਨਸਿਸ ਦੇ ਅਰਬਪਤੀ ਮਾਲਕ ਜੌਹਨ ਨਾਥ ਕਪੂਰ (74) ਨੂੰ ਧੋਖਾਧੜੀ ਦੇ ਕੇਸ 'ਚ ਐਫ.ਬੀ.ਆਈ. ਨੇ ਐਰੀਜ਼ੋਨਾ ਤੋਂ ਗ੍ਰਿਫਤਾਰ ਕੀਤਾ ਹੈ।

ਉਸ 'ਤੇ ਮਰੀਜ਼ਾਂ ਨੂੰ ਦਵਾਈ ਦੀ ਵੱਧ ਡੋਜ਼ ਦੇਣ ਲਈ ਡਾਕਟਰਾਂ ਵੱਲੋਂ ਨੁਸਖੇ ਲਿਖਣ 'ਤੇ ਰਿਸ਼ਵਤ ਦੇਣ ਅਤੇ ਮੁਨਾਫੇ ਲਈ ਬੀਮਾ ਕੰਪਨੀਆਂ ਨਾਲ ਧੋਖਾਧੜੀ ਕਰਨ ਦੇ ਦੋਸ਼ ਲੱਗੇ ਹਨ। ਅੰਮ੍ਰਿਤਸਰ 'ਚ ਜੰਮਿਆਂ ਕਪੂਰ 1960ਵਿਆਂ 'ਚ ਭਾਰਤ ਤੋਂ ਅਮਰੀਕਾ ਗਿਆ ਸੀ।

## ਹੁਣ ਅਮਰੀਕਾ ਦਾ ਵੀਜ਼ਾ ਲੈਣਾ ਹੋਇਆ ਹੋਰ ਔਖਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ.ਬੀ 1 ਤੇ ਐਲ 1 ਵੀਜ਼ੇ ਵਿਚ ਵਾਧੇ ਨੂੰ ਹੋਰ ਔਖਾ ਬਣਾ ਦਿੱਤਾ ਹੈ। ਇਹ ਵੀਜ਼ਾ ਸਭ ਤੋਂ ਵੱਧ ਕਿੱਤਾਕਾਰੀ ਲੋਕ ਲੈਂਦੇ ਹਨ ਤੇ ਭਾਰਤ ਦੇ ਲੋਕ ਵੱਡੀ ਗਿਣਤੀ ਵਿਚ ਇਸੇ ਵੀਜ਼ੇ ਤਹਿਤ ਇਥੇ ਗਏ ਹੋਏ ਹਨ। ਬਹੁਤ ਸਾਰੇ ਇਸ ਵੀਜ਼ੇ ਨੂੰ ਹੋਰ ਵਧਾਉਣਾ ਚਾਹੁੰਦਾ ਸੀ ਪਰ ਹੁਣ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਪਹਿਲਾਂ ਲਗਾਤਾਰ ਵੀਜ਼ੇ ਦੀ ਸਮਾਂ ਸੀਮਾ ਵਧਦੀ ਰਹਿੰਦੀ ਸੀ। ਬੱਸ ਇਕ ਵਾਰ ਇਹ ਦੱਸਣਾ ਪੈਂਦਾ ਸੀ ਕਿ ਵਿਅਕਤੀ ਉਹੀ ਕੰਮ ਕਰ ਰਿਹਾ ਹੈ ਪਰ ਹੁਣ ਨੌਕਰੀ ਦੌਰਾਨ ਵੀ ਉਸ ਨੂੰ ਆਪਣੀ ਯੋਗਤਾ ਦਾ ਸਬੂਤ ਦੇਣਾ ਪਵੇਗਾ।

ਇਸ ਨਾਲ ਜੁੜੇ ਇਕ ਹੋਰ ਘਟਨਾਕ੍ਰਮ ਵਿਚ ਕਿਹਾ ਗਿਆ ਹੈ ਕਿ ਸੈਨੇਟ ਵਿਚ ਐਚ-1 ਬੀ ਤੇ ਐਲ-1 ਵੀਜ਼ਾ ਸੁਧਾਰ ਐਕਟ ਪੇਸ਼ ਹੋਵੇਗਾ, ਜਿਹੜਾ ਅਮਰੀਕੀ ਮੁਲਾਜ਼ਮਾਂ ਤੇ ਵੀਜ਼ਾ ਹੋਲਡਰਾਂ ਨੂੰ ਪਹਿਲਾਂ ਤੋਂ ਜ਼ਿਆਦਾ ਸੁਰੱਖਿਆ ਦੇਵੇਗਾ। ਮਾਹਿਰਾਂ ਅਨੁਸਾਰ ਭਾਵੇਂ ਕਿਹਾ ਜਾ ਰਿਹਾ ਹੈ ਕਿ ਨਵਾਂ ਵੀਜ਼ਾ ਕਾਨੂੰਨ ਵਿਦੇਸ਼ੀ ਮੁਲਾਜ਼ਮਾਂ ਦੇ ਹਿੱਤ ਵਿਚ ਹੋਵੇਗਾ, ਪਰ ਅਸਲ 'ਚ ਇਸ ਦੇ ਪਾਸ ਹੋਣ ਮਗਰੋਂ ਐਚ-1 ਬੀ ਵੀਜ਼ਾ ਹਾਸਲ ਕਰਨਾ ਮੁਸ਼ਕਲ ਹੋ ਜਾਵੇਗਾ।

ਜ਼ਿਕਰਯੋਗ ਹੈ ਕਿ ਟਰੰਪ ਨੇ ਅਮਰੀਕੀ ਕੰਪਨੀਆਂ 'ਚ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦੇ ਮੁੱਦੇ ਨੂੰ ਆਪਣੀ ਚੋਣ ਮੁਹਿੰਮ ਦੌਰਾਨ ਜ਼ੋਰ-ਸ਼ੋਰ ਨਾਲ ਉਠਾਇਆ ਸੀ ਤੇ ਰਾਸ਼ਟਰਪਤੀ ਬਣਨ ਮਗਰੋਂ ਵੀ ਉਹ ਲਗਾਤਾਰ ਕਹਿ ਰਹੇ ਹਨ ਕਿ ਉਹ ਅਮਰੀਕੀਆਂ ਦੀ ਥਾਂ ਵਿਦੇਸ਼ੀਆਂ ਨੂੰ ਨੌਕਰੀ ਉਤੇ ਰੱਖੇ ਜਾਣ ਦੀ ਪ੍ਰਵਾਨਗੀ ਨਹੀਂ ਦੇਣਗੇ।

## ਦੁਬਈ ਵਿਚ ਸੜਕ ਉਤੇ ਨਮਾਜ਼ ਪੜ੍ਹੀ ਤਾਂ ਲੱਗੇਗਾ ਜੁਰਮਾਨਾ

**ਦੁਬਈ:** ਦੁਬਈ ਵਿਚ ਹੁਣ ਸੜਕ ਕਿਨਾਰੇ ਗੱਡੀ ਰੋਕ ਕੇ ਨਮਾਜ਼ ਪੜ੍ਹਨਾ ਅਪਰਾਧ ਹੋਵੇਗਾ। ਇਸ ਉਤੇ ਸਖਤੀ ਨਾਲ ਲਗਾਮ



ਲਗਾਈ ਜਾਏਗੀ। ਕਿਸੇ ਨੇ ਅਜਿਹਾ ਕੀਤਾ ਤਾਂ ਉਸ ਉਤੇ 500 ਦਿਰਹਮ (8800 ਰੁਪਏ) ਦਾ ਜੁਰਮਾਨਾ ਲੱਗੇਗਾ।

ਟਰੈਫਿਕ ਪੁਲਿਸ ਪਹਿਲਾਂ ਵੀ ਕਈ ਵਾਰ ਲੋਕਾਂ ਨੂੰ ਅਪੀਲ ਕਰ ਚੁੱਕੀ ਹੈ ਕਿ ਉਹ ਸੜਕ ਕੰਢੇ ਨਮਾਜ਼ ਪੜ੍ਹਨ ਤੋਂ ਬਚਣ, ਪਰ ਕੁਝ ਦਿਨ ਪਹਿਲਾਂ ਇਸ ਨਾਲ ਵੱਡਾ ਹਾਦਸਾ ਹੋ ਗਿਆ। ਇਸ ਪਿੱਛੋਂ ਪ੍ਰਸ਼ਾਸਨ ਨੇ ਇਹ ਫੈਸਲਾ ਕੀਤਾ ਅਤੇ ਸਖਤੀ ਨਾਲ ਪਾਲਣ ਕਰਾਉਣ ਦੇ ਹੁਕਮ ਜਾਰੀ ਕੀਤੇ। ਦੁਬਈ ਦੇ ਫੈਡਰਲ ਟਰੈਫਿਕ ਕੌਂਸਲ ਦੇ ਮੁਖੀ ਮੇਜਰ ਜਨਰਲ ਮੁਹੰਮਦ ਸੈਫ ਅਲ ਜ਼ਫੀਨ ਨੇ ਵੀ ਟਵੀਟ ਕਰ ਕੇ ਲੋਕਾਂ ਨੂੰ ਗੁਜ਼ਾਰਸ਼ ਕੀਤੀ ਕਿ ਉਹ ਸੜਕ ਕਿਨਾਰੇ ਨਮਾਜ਼ ਨਾ ਪੜ੍ਹਨ। ਸੜਕ ਕਿਨਾਰੇ ਨਮਾਜ਼ ਪੜ੍ਹਨਾ ਦੁਬਈ ਵਿਚ ਵੱਡੀ ਸਮੱਸਿਆ ਬਣ ਚੁੱਕੀ ਹੈ।

ਦੁਬਈ ਪੁਲਿਸ ਵਿਭਾਗ ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ 23,763 ਵਾਹਨ ਚਾਲਕਾਂ 'ਤੇ ਸੜਕ ਕਿਨਾਰੇ ਪਾਰਕਿੰਗ ਕਰਨ 'ਤੇ ਜੁਰਮਾਨਾ ਲਗਾਇਆ ਗਿਆ ਸੀ। ਆਬੂ ਧਾਬੀ ਵਿਚ ਪਹਿਲਾਂ ਤੋਂ ਹੀ ਇਸ ਨਿਯਮ ਦੀ ਸਖਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ।

## ਮਾਤਾ ਪ੍ਰਕਾਸ਼ ਕੌਰ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼ਿਕਾਗੋ ਯੂਨਿਟ ਦੇ ਸੀਨੀਅਰ ਮੈਂਬਰ ਸੁਖਵਿੰਦਰ ਸਿੰਘ ਗਿੱਲ ਅਤੇ ਤਰਲੋਚਨ ਸਿੰਘ ਗਿੱਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਪ੍ਰਕਾਸ਼ ਕੌਰ (ਸੁਪਤਨੀ ਗੁਰਮੇਲ ਸਿੰਘ



ਗਿੱਲ) 29 ਅਕਤੂਬਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਢਿੱਲੇ ਚਲੇ ਆ ਰਹੇ ਸਨ।

ਉਹ ਆਪਣੇ ਪਿੱਛੇ ਪੁੱਤਰਾਂ, ਨੂੰਹਾਂ, ਧੀਆਂ, ਜਵਾਈਆਂ, ਪੋਤਰੇ, ਦੋਹਤੇ ਤੇ ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਪਰਿਵਾਰ ਨਾਲ ਸੰਪਰਕ ਸੁਖਵਿੰਦਰ ਸਿੰਘ ਗਿੱਲ 630-440-9860 ਅਤੇ ਤਰਲੋਚਨ ਸਿੰਘ ਗਿੱਲ ਫੋਨ: 630-489-8483 ਰਾਹੀਂ ਕੀਤਾ ਜਾ ਸਕਦਾ ਹੈ।

## ਮੋਦੀ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਨੂੰ ਵੱਡਾ ਝਟਕਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਨੈਸ਼ਨਲ ਬੱਚਤ ਸਰਟੀਫਿਕੇਟ (ਐਨ.ਐਸ.ਸੀ.) ਤੇ ਪਬਲਿਕ ਪ੍ਰਾਈਵੇਟ ਫੰਡ (ਪੀ.ਪੀ.ਐਫ) ਨਾਲ ਜੁੜੇ ਨਿਯਮ ਬਦਲ ਦਿੱਤੇ ਹਨ। ਬਦਲੇ ਨਿਯਮਾਂ ਨਾਲ ਪਰਵਾਸੀ ਭਾਰਤੀਆਂ (ਐਨ.ਆਰ.ਆਈ.) ਨੂੰ ਵੱਡਾ ਝਟਕਾ ਲੱਗੇਗਾ। ਨਵੇਂ ਨਿਯਮਾਂ ਤਹਿਤ ਕਿਸੇ ਵਿਅਕਤੀ ਨੂੰ ਐਨ.ਆਰ.ਆਈ. (ਪਰਵਾਸੀ ਭਾਰਤੀ) ਦਾ ਦਰਜਾ ਮਿਲਦੇ ਹੀ ਉਸ ਦੀ ਪੀ.ਪੀ.ਐਫ. ਖਾਤਾ ਤੇ ਐਨ.ਐਸ.ਸੀ. ਬੰਦ ਹੋ ਜਾਵੇਗਾ।

ਇਹ ਸੋਧ ਪੀ.ਪੀ.ਐਫ. ਯੋਜਨਾ, 1968 'ਚ ਕੀਤੀ ਗਈ ਹੈ। ਇਸ ਸਬੰਧੀ ਜਾਰੀ ਅਧਿਸੂਚਨਾ ਮੁਤਾਬਕ, 'ਪੀ.ਪੀ.ਐਫ. ਵਿਚ ਖਾਤਾ ਖੋਲ੍ਹਣ ਵਾਲਾ ਕੋਈ ਵਿਅਕਤੀ ਜੇਕਰ ਮਿਆਦ ਪੂਰੀ ਹੋਣ ਤੋਂ ਪਹਿਲਾਂ ਐਨ.ਆਰ.ਆਈ. ਬਣ ਜਾਂਦਾ ਹੈ, ਤਾਂ ਉਸ ਦਾ ਖਾਤਾ ਤਤਕਾਲ ਪ੍ਰਭਾਵ ਨਾਲ ਬੰਦ ਹੋ ਜਾਵੇਗਾ। ਇਸੇ ਤਰ੍ਹਾਂ ਕਿਸੇ ਵਿਅਕਤੀ ਨੂੰ ਇਹ ਦਰਜਾ ਮਿਲਦੇ ਹੀ ਉਸ ਦੇ ਐਨ.ਐਸ.ਸੀ. ਦਾ ਭੁਗਤਾਨ ਹੋ ਜਾਵੇਗਾ, ਜਾਂ ਅਜਿਹਾ ਮੰਨਿਆ ਜਾਵੇਗਾ ਕਿ ਭੁਗਤਾਨ ਹੋ ਚੁੱਕਿਆ ਹੈ। ਇਸ 'ਤੇ ਵਿਆਜ ਉਸੇ ਤਰੀਕ ਤੱਕ ਮਿਲੇਗਾ।




UMA TRAVELS

2535 W. Devon Ave., Chicago, IL 60659

For Lowest Fares & Reliable Service
Call For Special Sale Fares

Call: 773-338-5603



INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ




Ph: 317-534-5151, 916-524-0045



Help Wanted

Looking for a lady, live-in or live-out, to help with household and cleaning job.
Can be good for students also to make extra money.
Free food and lodging for live-one.

Please Call: 773-370-7106

ਪੰਜਾਬ ਟਾਈਮਜ਼

*ਸਨਿਚਰਵਾਰ, 4 ਨਵੰਬਰ 2017*

# ਪੰਜਾਬ ਦੀ ਸਿਆਸਤ ਅਤੇ ਸਲਾਮਤੀ

ਪੰਜਾਬ ਵਿਚ ਪਿਛਲੇ ਦੋ ਮਹੀਨਿਆਂ ਦੌਰਾਨ ਪੰਜ ਸਿਆਸੀ ਕਤਲਾਂ ਨੇ ਸੂਬੇ ਦੀ ਕਾਨੂੰਨ ਵਿਵਸਥਾ ਹੀ ਨਹੀਂ, ਸਮੁੱਚੀ ਸਿਆਸਤ ਉਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਜਦੋਂ ਕਾਂਗਰਸ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ ਤਾਂ ਬਿਨਾ ਸ਼ੱਕ ਸੂਬੇ ਦੇ ਹਾਲਾਤ ਕੋਈ ਸਾਜ਼ਗਾਰ ਨਹੀਂ ਸਨ, ਪਰ ਇਸ ਨੂੰ ਪਿਛਲੀ ਸਰਕਾਰ ਦੇ ਖਾਤੇ ਪਾ ਕੇ ਕੰਮ ਨਹੀਂ ਚਲਾਇਆ ਜਾ ਸਕਦਾ। ਅਜਿਹਾ ਸਮਾਂ ਤਾਂ ਆਖਰ ਆਉਂਦਾ ਹੀ ਹੈ ਕਿ ਸਰਕਾਰ ਨੂੰ ਖੁਦ ਜ਼ਿੰਮੇਵਾਰੀ ਚੁੱਕਣੀ ਪੈਂਦੀ ਹੈ ਅਤੇ ਇਸ ਮਾਮਲੇ 'ਤੇ ਕੈਪਟਨ ਸਰਕਾਰ ਦੀ ਹੀ ਜਵਾਬਦੇਹੀ ਬਣਦੀ ਹੈ। ਉਂਜ, ਮੁੱਖ ਮੰਤਰੀ ਨੇ ਇਨ੍ਹਾਂ ਮਾਮਲਿਆਂ ਵਿਚ ਵਿਦੇਸ਼ੀ ਹੱਥ ਹੋਣ ਵਾਲਾ ਬਿਆਨ ਦਾਗ ਕੇ ਸੁਰਖਰੂ ਹੋਣ ਦਾ ਯਤਨ ਕੀਤਾ ਹੈ, ਪਰ ਜਿਸ ਤਰ੍ਹਾਂ ਦੇ ਹਾਲਾਤ ਸੂਬੇ ਦੇ ਹਨ ਅਤੇ ਜਿਸ ਪਾਸੇ ਇਹ ਜਾ ਰਹੇ ਹਨ, ਮੁੱਖ ਮੰਤਰੀ ਦੇ ਸਿਰਫ ਇੰਨਾ ਕੁ ਕਹਿ ਦੇਣ ਨਾਲ ਤਸੱਲੀ ਹੋਣੀ ਨਾਮੁਮਕਿਨ ਹੈ। ਦਰਅਸਲ, ਇਹ ਮਸਲਾ ਮੁੱਖ ਰੂਪ ਵਿਚ ਸਿਆਸੀ ਆਪਾ-ਧਾਪੀ ਦਾ ਹੈ। ਕਾਂਗਰਸ ਦਾ ਅੰਦਰੂਨੀ ਕਲੇਸ਼ ਕਿਸੇ ਤੋਂ ਲੁਕਿਆ ਨਹੀਂ ਹੈ ਅਤੇ ਇਸ ਵੇਲੇ ਕਾਂਗਰਸ ਦੀ ਸਰਕਾਰ ਵਿਚ ਸੱਤਾ ਦੇ ਇਕ ਨਹੀਂ, ਅਨੇਕ ਕੇਂਦਰ ਬਣੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੰਘ ਸਿੱਧੂ ਅਤੇ ਮਨਪ੍ਰੀਤ ਸਿੰਘ ਬਾਦਲ ਆਪੋ-ਆਪਣੀਆਂ ਸਿਆਸੀ ਗੋਟੀਆਂ ਸੁੱਟ ਰਹੇ ਹਨ। ਪ੍ਰਤਾਪ ਸਿੰਘ ਬਾਜਵਾ ਅਤੇ ਰਾਜਿੰਦਰ ਕੌਰ ਭੱਠਲ ਦੇ ਧੜੇ ਭਾਵੇਂ ਫਿਲਹਾਲ ਬਹੁਤੇ ਦਮ-ਖਮ ਵਾਲੇ ਨਹੀਂ, ਪਰ ਕਿਸੇ ਨਾ ਕਿਸੇ ਮੋੜ 'ਤੇ ਇਹ ਨਾਇਤਫਾਕੀ ਵਧ ਸਕਦੀ ਹੈ। ਦੂਜੇ ਬੰਨੇ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਪਿਛਲੇ ਕਾਫੀ ਸਮੇਂ ਤੋਂ ਮਾਹੌਲ ਸਾਜ਼ਗਾਰ ਨਹੀਂ ਚੱਲ ਰਿਹਾ। ਭਾਰਤੀ ਜਨਤਾ ਪਾਰਟੀ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਆਪਣੇ ਵਡੇਰੇ ਰੋਲ ਲਈ ਖੰਭ ਫੈਲਾਅ ਰਹੀ ਹੈ। ਪਾਰਟੀ ਦੀ ਪੰਜਾਬ ਇਕਾਈ ਦਾ ਇਕ ਧੜਾ ਬਹੁਤ ਜ਼ੋਰ-ਸ਼ੋਰ ਨਾਲ ਇਸ ਦੀ ਪੈਰਵੀ ਵੀ ਕਰ ਰਿਹਾ ਹੈ ਅਤੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਵੀ ਇਹ ਨੁਕਤਾ ਜਚਦਾ ਰਿਹਾ ਹੈ। ਇਹ ਤੱਥ ਵੀ ਧਿਆਨ ਨਾਲ ਵਿਚਾਰਨ ਵਾਲਾ ਹੈ ਕਿ ਜਦੋਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਮੁਲਕ ਦੇ ਬਹੁਤੇ ਸੂਬਿਆਂ ਅੰਦਰ ਇਸ ਦੀ ਸਿਆਸੀ ਪਹੁੰਚ ਮੁਤਾਬਕ ਧਰੁਵੀਕਰਨ ਹੋ ਰਿਹਾ ਸੀ, ਤਾਂ ਪੰਜਾਬ ਉਤੇ ਇਸ ਸਿਆਸਤ ਦਾ ਕੋਈ ਖਾਸ ਅਸਰ ਨਹੀਂ ਸੀ ਪਿਆ। ਇਹੀ ਉਹ ਨੁਕਤਾ ਹੈ ਜਿਸ ਨੂੰ ਧਿਆਨ ਵਿਚ ਰੱਖ ਕੇ ਪੰਜਾਬ ਦੀ ਅੱਜ ਸਿਆਸਤ ਨੂੰ ਘੋਖਣ-ਪਰਖਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਸਵਾਲਾਂ ਦਾ ਸਵਾਲ ਇਹੀ ਹੈ ਕਿ ਕੀ ਪੰਜਾਬ ਵਿਚ ਹੋ ਰਹੇ ਸਿਆਸੀ ਕਤਲ ਕਿਤੇ ਧਰੁਵੀਕਰਨ ਵਾਲੀ ਇਸੇ ਸਿਆਸਤ ਦਾ ਹਿੱਸਾ ਤਾਂ ਨਹੀਂ ਹਨ?

ਇਸ ਸਵਾਲ ਨੂੰ ਰਤਾ ਕੁ ਵਿਸਥਾਰ ਦੇਣ ਲਈ ਡੇਰਾ ਸਿਰਸਾ ਦੀ ਚਰਚਾ ਜ਼ਰੂਰੀ ਹੈ। ਇਸ ਵਾਰ ਜਦੋਂ ਇਸ ਡੇਰੇ ਦਾ ਮਾਮਲਾ ਭਖਿਆ ਸੀ ਤਾਂ ਮੀਡੀਏ ਅੰਦਰ ਦੱਬਵੀਂ ਸੁਰ ਵਿਚ ਹੀ ਸਹੀ, ਪਰ ਇਹ ਗੱਲ ਨਸ਼ਰ ਜ਼ਰੂਰ ਹੋਈ ਸੀ ਕਿ ਡੇਰੇ ਨਾਲ ਸਬੰਧਤ ਇਹ ਸਾਰਾ ਘਟਨਾਕ੍ਰਮ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੀ ਜਾ ਰਹੀ ਸਿਆਸਤ ਦਾ ਹਿੱਸਾ ਜਾਪਦਾ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਦੀ ਨੀਤੀ ਇਹੀ ਹੈ ਕਿ ਡੇਰਾ ਸਿਆਸਤ ਨਾਲ ਜੁੜੀ ਸਿਆਸਤ ਨੂੰ ਢਹਿ-ਢੇਰੀ ਕੀਤਾ ਜਾਵੇ, ਭਾਵੇਂ ਇਹ ਕਿਸੇ ਵੀ ਕਿਸਮ ਦੀ ਕਿਉਂ ਨਾ ਹੋਵੇ! ਡੇਰਾ ਸਿਰਸਾ ਨੂੰ ਇਸ ਪਾਰਟੀ ਨੇ ਇਸੇ ਪ੍ਰਸੰਗ ਵਿਚ ਪੜ੍ਹਿਆ ਅਤੇ ਦਲਿਤਾਂ ਨੂੰ ਆਪਣੇ ਪਾਲੇ ਵਿਚ ਲਿਆਉਣ ਲਈ ਲਗਾਤਾਰ ਸਰਗਰਮੀ ਕੀਤੀ। ਅੱਜ ਹਾਲ ਇਹ ਹੈ ਕਿ ਡੇਰੇ ਦੀ ਸਮੁੱਚੀ ਕਮਾਨ ਇਸ ਪਾਰਟੀ ਦੇ ਇਸ਼ਾਰਿਆਂ ਮੁਤਾਬਕ ਚੱਲ ਰਹੀ ਹੈ। ਇਉਂ ਡੇਰਿਆਂ ਨੂੰ ਭੰਨ ਕੇ ਆਪਣੇ ਮੇਚ ਦੇ ਕਰਨਾ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦਾ ਹਿੱਸਾ ਹੈ ਅਤੇ ਇਹ ਪਾਰਟੀ ਪੰਜਾਬ ਅੰਦਰ ਵੀ ਉਸੇ ਤਰ੍ਹਾਂ ਸਿਆਸੀ ਭੰਨ-ਤੋੜ ਕਰਨ ਦੇ ਆਹਰ ਵਿਚ ਲੱਗੀ ਹੋਈ ਹੈ ਜਿਸ ਤਰ੍ਹਾਂ ਕਿਸੇ ਵੇਲੇ ਕਾਂਗਰਸ ਪਾਰਟੀ ਆਪਣੀ ਸੱਤਾ ਕਾਇਮ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਅੰਦਰ ਵਾਧ-ਘਾਟ ਕਰਨ ਵਿਚ ਰੁੱਝੀ ਰਹਿੰਦੀ ਸੀ। ਇਸੇ ਪ੍ਰਸੰਗ ਵਿਚ ਇਕ ਹੋਰ ਨੁਕਤਾ ਉਚੇਚੇ ਤੌਰ 'ਤੇ ਵਿਚਾਰਨ ਵਾਲਾ ਹੈ। ਸੂਬੇ ਵਿਚ ਗੈਂਗਸਟਰਾਂ ਦੇ ਦਾਬੇ ਦੀ ਗੱਲ ਹੁਣ ਸਰਕਾਰ ਅਤੇ ਸਰਕਾਰੀ ਮਸ਼ੀਨਰੀ ਵੀ ਮੰਨ ਚੁਕੀ ਹੈ। ਇਹ ਗੈਂਗਸਟਰ ਡੇਰਿਆਂ ਵਾਲੀ ਸਿਆਸਤ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ ਹਨ। ਜਦੋਂ ਹੀ ਗੈਂਗਸਟਰਾਂ ਦਾ ਸਿਆਸਤ ਵਿਚ ਦਖਲ ਹੋਰ ਵਧਿਆ, ਤਾਂ ਬਿਨਾ ਸ਼ੱਕ ਸੂਬੇ ਦੀ ਸਿਆਸਤ ਉਤੇ ਇਸ ਦਾ ਚੋਖਾ ਅਸਰ ਪੈਣਾ ਹੈ। ਇਸੇ ਕਰ ਕੇ ਜਦੋਂ ਮੁੱਖ ਮੰਤਰੀ ਸਿਆਸੀ ਕਤਲਾਂ ਵਿਚ ਵਿਦੇਸ਼ੀ ਹੱਥ ਆਖ ਕੇ ਪੱਲਾ ਝਾੜਨਾ ਚਾਹੁੰਦੇ ਹਨ, ਤਾਂ ਇਸ ਦਾ ਇਕ ਹੀ ਮਤਲਬ ਬਣਦਾ ਹੈ ਕਿ ਉਹ ਸੂਬੇ ਵਿਚ ਨਵੀਂ ਕਰਵਟ ਲੈ ਰਹੀ ਸਿਆਸਤ ਤੋਂ ਅੱਖਾਂ ਮੁੰਦੀ ਬੈਠੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਕਤਲਾਂ ਦੇ ਮਾਮਲਿਆਂ ਵਿਚ ਸਰਕਾਰ ਅਤੇ ਸਮੁੱਚੀਆਂ ਜਾਂਚ ਏਜੰਸੀਆਂ ਅਜੇ ਤੱਕ ਹਨੇਰੇ ਵਿਚ ਹੀ ਹੱਥ ਮਾਰ ਰਹੀਆਂ ਹਨ। ਇਸ ਤੋਂ ਸਾਫ ਸੰਕੇਤ ਮਿਲ ਰਹੇ ਹਨ ਕਿ ਆਉਣ ਵਾਲੇ ਸਮੇਂ ਅੰਦਰ ਸੂਬੇ ਵਿਚ ਕਿਸ ਤਰ੍ਹਾਂ ਦੀ ਸਿਆਸਤ ਭਾਰੂ ਹੋਣ ਵਾਲੀ ਹੈ। ਅਜਿਹੀ ਸੂਰਤ ਵਿਚ ਵਿਰੋਧੀ ਧਿਰ ਦੀ ਭੂਮਿਕਾ ਉਤੇ ਵੀ ਸਵਾਲ ਬਣਦੇ ਹਨ। ਇਸ ਵੇਲੇ ਮੁੱਖ ਵਿਰੋਧੀ ਧਿਰ ਵਾਲੀ ਭੂਮਿਕਾ ਆਮ ਆਦਮੀ ਪਾਰਟੀ ਕੋਲ ਹੈ, ਪਰ ਇਸ ਪਾਰਟੀ ਦੀ ਸਿਆਸਤ ਵੀ ਅਜੇ ਤਕ ਸੱਤਾਧਾਰੀ ਕਾਂਗਰਸ ਵਾਂਗ ਕੋਈ ਖਾਸ ਮਾਅਰਕਾ ਨਹੀਂ ਮਾਰ ਸਕੀ ਹੈ। ਜ਼ਾਹਰ ਹੈ ਕਿ ਅਜਿਹੇ ਸਿਆਸੀ ਖਲਾਅ ਦੌਰਾਨ ਜਿਹੜੀ ਵੀ ਧਿਰ ਪੈਂਠ ਵਾਲੀ ਸਿਆਸਤ ਦੇ ਨਿਸ਼ਾਨ ਛੱਡਣ ਵਿਚ ਕਾਮਯਾਬ ਰਹੀ, ਉਹ ਸਿਆਸੀ ਪਿੜ ਅੰਦਰ ਮੂਹਰੈਲ ਹੋ ਨਿਬੜੇਗੀ। ਉਂਜ, ਇਸ ਕਾਰਜ ਲਈ ਸਭ ਤੋਂ ਪਹਿਲਾਂ ਸੂਬੇ ਦੀਆਂ ਸਿਆਸੀ ਤਰਜੀਹਾਂ ਤੈਅ ਕਰਨ ਵੱਲ ਕਦਮ ਵਧਾਉਣਾ ਪਵੇਗਾ। ਜਾਪਦਾ ਇੰਜ ਹੈ ਕਿ ਫਿਲਹਾਲ ਕੋਈ ਵੀ ਧਿਰ ਇਸ ਪਾਸੇ ਅਹੁਲ ਨਹੀਂ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਾਇੰ ਕੁਹਾੜਾ ਮਾਰਿਆ !*

ਧੁਸ ਦੇ ਕੇ ਤੁਰੇ ਰਹਿਣਾ ਕਰਨੀ ਵਿਚਾਰ ਨਾਹੀਂ, ਕਿਹੜਾ ਆਗੂ ਦਾਨਾ ਅਤੇ ਕਿਹੜਾ ਐ ਹੰਕਾਰਿਆ।
ਖੁਸ਼ੀਆਂ ਮਨਾ ਲੈਂਦੇ ਨੇ ਜਿੱਤੇ ਕਿਸੇ ਹਾਰੇ ਦੀਆਂ, ਹੁੰਦਾ ਐ ਅਸਲ 'ਚ 'ਪੰਜਾਬ ਸਿੰਹੁ' ਈ ਹਾਰਿਆ।
ਵਾਰੀ ਸਿਰ 'ਦੋਹਾਂ' ਨੂੰ ਜਿਤਾਉਣ ਬਾਅਦ ਸੋਚਦੇ ਨੇ, ਤੀਸਰੇ ਬਦਲ ਤਾਈਂ ਕਾਹਤੋਂ ਸੀ ਵਿਸਾਰਿਆ।
ਰਾਜਿਆਂ ਦੇ ਰਗੜੇ ਸਹਾਰਦਿਆਂ ਪਛਤਾਉਂਦੇ, ਰੈਲੀਆਂ 'ਚ ਜਾ ਜਾ ਐਵੇਂ ਬਾਹਾਂ ਨੂੰ ਉਲਾਰਿਆ।
ਵਾਅਦੇ ਪੂਰੇ ਕਰੇ ਨਾ ਤੇ ਟੈਕਸ ਵੀ ਨਵੇਂ ਠੋਕੇ, ਫੇਰ ਪਤਾ ਲੱਗਦਾ ਐ ਕਿਹਨੇ ਸਾਨੂੰ ਚਾਰਿਆ।
ਸੋਂਹਦੇ ਨਾ ਉਹ ਲੋਕ ਸਰਕਾਰ ਕੋਲੋਂ ਦੁਖੀ ਹੁੰਦੇ, ਜਿਨ੍ਹਾਂ ਨੇ ਕੁਹਾੜਾ ਹੋਵੇ ਆਪ ਪੈਰੀਂ ਮਾਰਿਆ!

# ਮੀਡੀਆ, ਮਾਣਹਾਨੀ ਅਤੇ ਮੋਦੀ ਸਰਕਾਰ

***ਆਲੋਚਨਾ ਕਰਨ ਜਾਂ ਅਸਹਿਮਤੀ ਰੱਖਣ ਵਾਲੇ ਪੱਤਰਕਾਰ-ਲੇਖਕਾਂ 'ਤੇ ਦਬਾਅ ਪਾਉਣ ਦਾ ਇਹ ਨਵਾਂ ਤਰੀਕਾ ਇਨ੍ਹਾਂ ਨਵੇਂ ਭਾਰਤ ਦੇ ਨਵੇਂ ਦੇਸ਼ ਭਗਤਾਂ ਨੇ ਲੱਭ ਲਿਆ ਹੈ: ਜਿਹੜਾ ਖ਼ਿਲਾਫ਼ ਬੋਲੇ, ਉਸ ਵਿਰੁਧ ਅਕਸ ਦਾਗ਼ਦਾਰ ਕਰਨ ਜਾਂ ਅਪਰਾਧਿਕ ਮਾਣਹਾਨੀ ਦਾ ਮੁਕੱਦਮਾ ਠੋਕ ਦਿਓ।... ਢਿੱਡ ਦੀ ਭੁੱਖ ਨੇ ਮਨੁੱਖ ਨੂੰ ਜਾਨਵਰਾਂ ਦਾ ਸ਼ਿਕਾਰ ਕਰਨਾ ਸਿਖਾਇਆ ਸੀ, ਸੱਤਾ ਦੀ ਭੁੱਖ ਨੇ ਮਨੁੱਖ ਨੂੰ ਮਨੁੱਖ ਦਾ ਸ਼ਿਕਾਰ ਕਰਨਾ ਸਿਖਾ ਦਿੱਤਾ ਹੈ। ਬੰਦੂਕਾਂ ਆਪ ਨਹੀਂ ਚਲਦੀਆਂ, ਮਨੁੱਖ ਹੀ ਚਲਾਉਂਦਾ ਹੈ; ਪਰ ਅਹਿਮ ਸਵਾਲ ਇਹ ਹੈ ਕਿ ਮਨੁੱਖ ਦੇ ਹੱਥ ਵਿਚ ਬੰਦੂਕ ਫੜਾਉਂਦਾ ਕੌਣ ਹੈ?***

**ਦੇਵੇਂਦ੍ਰਪਾਲ**

ਨਵੇਂ 'ਦੇਸ਼ ਭਗਤਾਂ' ਵੱਲੋਂ ਖੜ੍ਹੇ ਕੀਤੇ ਜਾ ਰਹੇ 'ਨਵੇਂ ਭਾਰਤ' ਵਿਚ ਮੀਡੀਆ ਸੱਚਮੁਚ ਬੁਰੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਮਾਜ ਦੇ ਨਾਲ-ਨਾਲ ਮੀਡੀਆ ਵਿਚ ਵੀ ਧਰੁਵੀਕਰਨ ਚੱਲ ਰਿਹਾ ਹੈ। ਉਹ ਮੀਡੀਆ, ਜੋ ਜਥੇਬੰਦ ਨਹੀਂ ਹੈ ਤਾਂ 'ਝੋਲੀ ਚੁੱਕ ਮੀਡੀਆ' ਵਿਚ ਤਬਦੀਲ ਨਹੀਂ ਹੋਇਆ ਹੈ, ਆਰ-ਪਾਰ ਦੀ ਲੜਾਈ ਵਿਚ ਘਿਰਦਾ ਨਜ਼ਰ ਆ ਰਿਹਾ ਹੈ। ਉਂਜ ਤਾਂ ਫ਼ਿਲਮਸਾਜ਼ਾਂ, ਸਾਹਿਤਕਾਰਾਂ, ਕਾਰਟੂਨਿਸਟਾਂ, ਸਭਨਾਂ ਉਤੇ ਨਜ਼ਰ ਰੱਖੀ ਜਾ ਰਹੀ ਹੈ, ਪਰ ਖ਼ਾਸ ਤੌਰ 'ਤੇ ਮੀਡੀਆ ਕਰਮੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦਬਾਅ ਦੇ ਵੱਖ-ਵੱਖ ਹਥਕੰਡੇ ਅਪਣਾਏ ਜਾ ਰਹੇ ਹਨ ਤੇ ਦਬਾਅ ਹੇਠ ਨਾ ਆਉਣ ਵਾਲਿਆਂ ਦਾ ਕਤਲ ਕੀਤਾ ਜਾ ਰਿਹਾ ਹੈ। ਕਤਲ ਕੌਣ ਕਰ ਰਿਹਾ ਹੈ ਤੇ ਕੌਣ ਕਰਵਾ ਰਿਹਾ ਹੈ, ਇਸ ਸਵਾਲ ਨੂੰ ਕਾਰਪੋਰੇਟ ਮੀਡੀਆ ਕਿਸੇ ਹਨੀਪ੍ਰੀਤ ਜਾਂ ਬਗਦਾਦੀ ਪਿੱਛੇ ਲੁਕੋ ਵੀ ਦੇਵੇ, ਤਾਂ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਦੋਂ ਦੀ ਮੋਦੀ ਸਰਕਾਰ ਸੱਤਾ ਵਿਚ ਆਈ ਹੈ, ਦੇਸ਼ ਭਰ ਵਿਚ ਪੱਤਰਕਾਰ ਗੌਰੀ ਲੰਕੇਸ਼ ਸਮੇਤ 23 ਪੱਤਰਕਾਰ ਤੇ ਕਈ ਹੋਰ ਬੁੱਧੀਜੀਵੀ ਮਾਰੇ ਜਾ ਚੁੱਕੇ ਹਨ। ਇਨ੍ਹਾਂ ਹੱਤਿਆਵਾਂ ਦੇ ਪਿੱਛੇ ਇੱਕ ਗੱਲ ਸਾਂਝੀ ਜੁੜੀ ਹੋਈ ਦਿਖਾਈ ਦਿੰਦੀ ਹੈ ਕਿ ਇਹ ਸਭ ਮੋਦੀ ਸਰਕਾਰ ਅਤੇ ਹਿੰਦੂਤਵੀ ਸੋਚ ਖ਼ਿਲਾਫ਼ ਲਿਖ-ਬੋਲ ਰਹੇ ਸਨ। ਇਹ ਸਾਰੇ ਆਪਣੇ ਪੇਸ਼ੇ ਪ੍ਰਤੀ ਪ੍ਰਤੀਬੱਧ ਸਨ ਤੇ ਧਰਮਨਿਰਪੱਖਤਾ ਵਿਚ ਯਕੀਨ ਰੱਖਦੇ ਸਨ। ਇਹ ਸਭ ਆਪੋ-ਆਪਣੀ ਕਲਮ ਰਾਹੀਂ ਜੋ ਵੀ ਲੋਕਹਿਤ ਵਿਚ ਲਿਖ-ਬੋਲ ਰਹੇ ਸਨ, ਉਸ ਪਿੱਛੇ ਇਨ੍ਹਾਂ ਦਾ ਨਾ ਤਾਂ ਕੋਈ ਨਿੱਜੀ ਸਵਾਰਥ ਸੀ ਤੇ ਨਾ ਹੀ ਕੋਈ ਸਿਆਸੀ ਟੀਚਾ।

ਮਿਸਾਲ ਵਜੋਂ ਜੇ ਅਸੀਂ ਸਿਰਫ਼ ਗੌਰੀ ਲੰਕੇਸ਼ ਦੀ ਹੀ ਗੱਲ ਕਰੀਏ ਤਾਂ ਉਸ ਦੀ ਕਿਸ ਨਾਲ ਨਿੱਜੀ ਦੁਸ਼ਮਣੀ ਹੋ ਸਕਦੀ ਸੀ? ਉਹ ਲੋਕਾਂ ਦੇ ਹੱਕਾਂ ਲਈ ਸਾਰੀ ਉਮਰ ਲੜਦੀ ਰਹੀ। ਉਹ ਮੇਧਾ ਪਾਟਕਰ ਵੱਲੋਂ ਚਲਾਏ ਜਾ ਰਹੇ ਨਰਮਦਾ ਬਚਾਓ ਅੰਦੋਲਨ ਵਿਚ ਵਧ-ਚੜ੍ਹ ਕੇ ਹਿੱਸਾ ਇਸ ਲਈ ਲੈਂਦੀ ਰਹੀ, ਕਿਉਂਕਿ ਉਸ ਦੀ ਧਾਰਨਾ ਸੀ ਕਿ ਸਰਦਾਰ ਸਰੋਵਰ ਡੈਮ ਵਰਗੇ ਹਰ ਪ੍ਰੋਜੈਕਟ ਨਾਲ ਅਮੀਰ ਲੋਕਾਂ ਨੂੰ ਫਾਇਦਾ ਹੋਵੇਗਾ, ਗ਼ਰੀਬਾਂ ਨੂੰ ਤਾਂ ਭੁੱਖੇ ਮਰਨਾ ਪਵੇਗਾ। ਇਸ ਲਈ ਉਹ ਕਾਰਪੋਰੇਟ ਘਰਾਣਿਆਂ ਦੇ ਇਕਤਰਫ਼ਾ ਵਿਕਾਸ ਦੇ ਝੰਡਾਬਰਦਾਰ ਹਰ ਨੇਤਾ ਦੀ ਅੱਖ ਵਿਚ ਰੜਕਦੀ ਸੀ। 2002 ਵਿਚ ਗੁਜਰਾਤ ਵਿਚ ਹੋਈ ਕਤਲੋਗਾਰਤ ਵਿਚ ਸ਼ਾਮਲ ਸਿਆਸੀ ਆਗੂਆਂ ਅਤੇ ਅਪਰਾਧੀਆਂ ਦੇ ਬਾਰੇ ਕੀਤੀ ਤਫਤੀਸ਼ 'ਤੇ ਆਧਾਰਿਤ ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫਾਈਲਜ਼' ਦਾ ਕੰਨੜ ਵਿਚ ਅਨੁਵਾਦ ਗੌਰੀ ਲੰਕੇਸ਼ ਨੇ ਕੀਤਾ ਸੀ। ਉਹ ਇਨ੍ਹਾਂ ਕਾਤਲਾਂ ਬਾਰੇ ਖੁੱਲ੍ਹ ਕੇ ਬੋਲਦੀ-ਲਿਖਦੀ ਸੀ, ਇਸ ਲਈ ਹਿੰਦੂਤਵ ਦੇ ਝੰਡਾਬਰਦਾਰਾਂ ਦੇ ਵੀ ਨਿਸ਼ਾਨੇ 'ਤੇ ਸੀ।

ਮਸ਼ਹੂਰ ਇਤਿਹਾਸਕਾਰ ਤੇ ਕਾਲਮਨਵੀਸ ਰਾਮਚੰਦਰ ਗੁਹਾ ਨੇ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਤੋਂ ਬਾਅਦ ਆਪਣੇ ਲੇਖ ਵਿਚ ਭਾਜਪਾ ਤੇ ਆਰ.ਐਸ.ਐਸ. ਉਤੇ ਕੋਈ ਸਿੱਧਾ ਇਲਜ਼ਾਮ ਨਹੀਂ ਸੀ ਲਾਇਆ, ਪਰ ਇਹ ਜ਼ਰੂਰ ਕਿਹਾ ਸੀ ਕਿ "ਸੱਤਾ ਵਿਵਸਥਾ ਨੇ ਨਫ਼ਰਤ ਅਤੇ ਸ਼ੱਕ ਦਾ ਮਾਹੌਲ ਬਣਨ ਦੀ ਛੋਟ ਦਿੱਤੀ, ਜਿਸ ਕਰ ਕੇ ਲੇਖਕਾਂ ਤੇ ਵਿਦਵਾਨਾਂ ਦੀ ਹੱਤਿਆ ਸੰਭਵ ਹੋ ਸਕੀ। ਸੰਭਵ ਹੈ ਕਿ ਇਸ ਕੰਮ ਨੂੰ ਅੰਜ਼ਾਮ ਦੇਣ ਵਾਲੇ ਸੁਤੰਤਰ ਰੂਪ ਵਿਚ ਕੰਮ ਕਰਦੇ ਹੋਣ, ਪਰ ਇਹੋ ਜਿਹੇ ਲੋਕਾਂ ਨੂੰ ਸਿਆਸਤਦਾਨਾਂ, ਵਿਚਾਰਕਾਂ ਅਤੇ ਟੀ.ਵੀ. ਐਂਕਰਾਂ ਤੋਂ ਤਾਕਤ ਮਿਲਦੀ ਹੈ ਜੋ ਸੱਤਾਧਾਰੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਕਰਾਰ ਦਿੰਦੇ ਹਨ। ਸਿਆਸੀ ਮਾਹੌਲ ਐਮਰਜੈਂਸੀ ਤੋਂ ਬਾਅਦ ਸਭ ਤੋਂ ਜ਼ਹਿਰੀਲਾ ਅਤੇ ਦਵੈਤਪੂਰਨ ਹੈ ਤੇ ਇਸ ਦੇ ਲਈ ਭਾਜਪਾ ਅਤੇ ਉਸ ਨਾਲ ਸਬੰਧਤ ਜਥੇਬੰਦੀਆਂ ਜ਼ਿੰਮੇਵਾਰ ਹਨ।" ਇਹ ਗੱਲ ਭਾਜਪਾ ਤੋਂ ਬਰਦਾਸ਼ਤ ਨਹੀਂ ਹੋਈ। ਪਹਿਲਾਂ ਭਾਜਪਾ ਯੁਵਾ ਮੋਰਚਾ ਨੇ ਗੁਹਾ ਨੂੰ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਕਿਹਾ ਤੇ ਫਿਰ ਉਨ੍ਹਾਂ ਖ਼ਿਲਾਫ਼ ਥਾਣੇ ਵਿਚ ਸ਼ਿਕਾਇਤ ਦਰਜ ਕਰਵਾ ਕੇ ਅਪਰਾਧਿਕ ਮਾਮਲਾ ਦਰਜ ਕਰਨ ਦੀ ਮੰਗ ਕੀਤੀ।

ਆਲੋਚਨਾ ਕਰਨ ਜਾਂ ਅਸਹਿਮਤੀ ਰੱਖਣ ਵਾਲੇ ਪੱਤਰਕਾਰ-ਲੇਖਕਾਂ 'ਤੇ ਦਬਾਅ ਪਾਉਣ ਦਾ ਇਹ ਨਵਾਂ ਤਰੀਕਾ ਇਨ੍ਹਾਂ ਨਵੇਂ ਭਾਰਤ ਦੇ ਨਵੇਂ ਦੇਸ਼ ਭਗਤਾਂ ਨੇ ਲੱਭ ਲਿਆ ਹੈ: ਜਿਹੜਾ ਖ਼ਿਲਾਫ਼ ਬੋਲੇ, ਉਸ ਵਿਰੁਧ ਅਕਸ ਦਾਗ਼ਦਾਰ ਕਰਨ ਜਾਂ ਅਪਰਾਧਿਕ ਮਾਣਹਾਨੀ ਦਾ ਮੁਕੱਦਮਾ ਠੋਕ ਦਿਓ। ਗੌਰੀ ਲੰਕੇਸ਼ ਦੀ ਹੱਤਿਆ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਵੀ ਮਾਣਹਾਨੀ ਦੇ ਮੁਕੱਦਮੇ ਵਿਚ ਉਲਝਾ ਕੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਪਿਛਲੇ ਦਿਨੀਂ ਅਜਿਹਾ ਹੀ 100 ਕਰੋੜ ਦਾ 'ਅਪਰਾਧਿਕ ਮਾਣਹਾਨੀ' ਦਾ ਮੁਕੱਦਮਾ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁੱਤਰ ਜਯੇਸ਼ ਸ਼ਾਹ ਨੇ ਨਿਊਜ਼ ਪੋਰਟਲ 'ਦਿ ਵਾਇਰ' ਖ਼ਿਲਾਫ਼ ਦਾਇਰ ਕਰ ਦਿੱਤਾ ਹੈ। ਵਜ੍ਹਾ ਇਹ ਦੱਸੀ ਜਾ ਰਹੀ ਹੈ ਕਿ 'ਦਿ ਵਾਇਰ' ਦੀ ਵੈੱਬਸਾਈਟ 'ਤੇ ਕੁਝ ਦਿਨ ਪਹਿਲਾਂ ਖ਼ਬਰ ਛਪੀ ਸੀ, ਜਿਸ ਮੁਤਾਬਕ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਦਿਆਂ ਹੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁੱਤਰ ਜਯੇਸ਼ ਸ਼ਾਹ ਦੀ ਕੰਪਨੀ ਦਾ ਕਾਰੋਬਾਰ ਇੱਕ ਸਾਲ ਦੇ ਅੰਦਰ 50 ਹਜ਼ਾਰ ਰੁਪਏ ਤੋਂ 80 ਕਰੋੜ 'ਤੇ ਪੁੱਜ ਗਿਆ ਸੀ। ਇਸ ਤੋਂ ਬਾਅਦ ਇਹ ਕੰਪਨੀ ਅਚਾਨਕ ਬੰਦ ਕਰ ਦਿੱਤੀ ਗਈ। ਫਾਇਦੇ ਵਿਚ ਜਾ ਰਹੀ ਕੰਪਨੀ ਨੂੰ ਇਕਦਮ ਬੰਦ ਕਰਨ ਦੀ ਲੋੜ ਕਿਉਂ ਪਈ? ਇਨ੍ਹਾਂ ਸਵਾਲਾਂ ਨਾਲ ਇਹ ਖ਼ਬਰ ਵੀ ਉਸ ਵੇਲੇ ਆਈ ਹੈ, ਜਦੋਂ ਮੰਦੀ ਦੇ ਸ਼ਿਕਾਰ ਤੇ ਜੁਮਲਿਆਂ ਤੋਂ ਅੱਕੇ ਪਏ ਲੋਕਾਂ ਵਿਚ ਭਾਜਪਾ ਦਾ ਅਕਸ ਤੇਜ਼ੀ ਨਾਲ ਡਿੱਗ ਰਿਹਾ ਹੈ ਤੇ ਗੁਜਰਾਤ ਚੋਣਾਂ ਸਿਰ 'ਤੇ ਹਨ। ਇਸ ਖ਼ਬਰ ਨੇ ਭਾਜਪਾ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ ਅਤੇ ਅਮਿਤ ਸ਼ਾਹ ਦੇ ਪੁੱਤਰ ਦੇ ਬਚਾਓ ਵਿਚ ਪਾਰਟੀ ਦੇ ਕਈ ਮੰਤਰੀ-ਸੰਤਰੀ ਉਤਰ ਆਏ। ਉਨ੍ਹਾਂ ਪਹਿਲਾਂ ਸੋਚਿਆ ਸੀ ਕਿ 'ਦਿ ਵਾਇਰ' ਵਾਲੇ ਡਰ ਜਾਣਗੇ, ਪਰ ਜਦ ਉਨ੍ਹਾਂ ਨੇ ਮਾਣਹਾਨੀ ਦਾ ਮੁਕੱਦਮਾ ਲੜਨ ਦਾ ਫ਼ੈਸਲਾ ਕਰ ਲਿਆ ਹੈ, ਤਾਂ ਇਹ ਮੁਕੱਦਮਾ ਭਾਜਪਾ ਦੇ ਗਲੇ ਦੀ ਹੱਡੀ ਬਣਦਾ ਨਜ਼ਰ ਆ ਰਿਹਾ ਹੈ, ਕਿਉਂਕਿ ਜੇ ਕੋਈ ਉਨੀ-ਇੱਕੀ ਹੋ ਗਈ, ਤਾਂ ਪ੍ਰਧਾਨ ਮੰਤਰੀ ਮੋਦੀ ਦਾ 'ਨਾ ਖਾਊਂਗਾ ਨਾ ਖਾਨੇ ਦੂੰਗਾ' ਦਾ ਦਾਅਵਾ ਵੀ ਜੁਮਲਾ ਸਾਬਤ ਹੋ ਜਾਵੇਗਾ।

ਉਘੇ ਨਾਵਲਕਾਰ ਜੌਰਜ ਔਰਵੈਲ ਨੇ ਕਿਹਾ ਸੀ- "ਖ਼ਬਰ ਉਹ ਹੈ ਜਿਸ ਨੂੰ ਕੋਈ ਲੁਕਾਉਣ ਜਾਂ ਦਬਾਉਣ ਦੀ ਕੋਸ਼ਿਸ਼ ਕਰਦਾ ਹੈ, ਬਾਕੀ ਸਭ ਪ੍ਰਚਾਰ ਹੈ।" ਪਰ ਭਾਰਤ ਵਿਚ ਉਸ ਹਰ ਖ਼ਬਰ ਨੂੰ ਲੁਕਾਉਣ ਜਾਂ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਸੱਤਾਧਾਰੀਆਂ 'ਤੇ ਸਿੱਧੇ ਸਵਾਲ ਖੜ੍ਹੇ ਕਰਦੀ ਹੈ। ਕਰਨ ਥਾਪਰ ਨੇ ਸਵਾਲ ਖੜ੍ਹੇ ਕੀਤੇ ਤੇ ਉਸ ਨੂੰ ਆਪਣੀ ਨੌਕਰੀ ਤੋਂ ਹੱਥ ਧੋਣਾ ਪਿਆ। ਇਹ ਉਹੀ ਕਰਨ ਥਾਪਰ ਹੈ, ਜਿਸ ਦੇ ਸਵਾਲਾਂ ਤੋਂ ਪ੍ਰਧਾਨ ਮੰਤਰੀ ਮੋਦੀ ਇੰਨੇ ਨਾਰਾਜ਼ ਹੋ ਗਏ ਸਨ ਕਿ ਟੀ.ਵੀ. ਲਈ ਰਿਕਾਰਡ ਹੋ ਰਹੀ ਇੰਟਰਵਿਊ ਵਿਚਾਲੇ ਛੱਡ ਕੇ ਚਲੇ ਗਏ ਸਨ। ਚਲਦੇ ਕੈਮਰੇ ਅੱਗੇ ਝੂਠ ਬੋਲਣਾ ਹੰਢੇ ਹੋਏ ਸਿਆਸਤਦਾਨਾਂ ਲਈ ਵੀ ਔਖਾ ਹੁੰਦਾ ਹੈ। ਅੰਗਰੇਜ਼ੀ ਰਸਾਲੇ 'ਈ'ਪੀ'ਡਬਲਿਊ' ਦੇ ਸੰਪਦਾਕ ਪ੍ਰਣਯ ਗੁਹਾ ਠਾਕੁਰਤਾ ਨੇ ਮੋਦੀ ਸਰਕਾਰ ਨੂੰ ਸਿਰਫ਼ ਇੰਨਾ ਹੀ ਪੁੱਛਿਆ ਸੀ ਕਿ ਦੇਸ਼ ਦੇ ਸਭ ਤੋਂ ਵੱਡੇ ਕਾਰਪੋਰੇਟ ਘਰਾਣਿਆਂ ਵਿਚੋਂ ਇੱਕ ਅਡਾਨੀ ਸਮੂਹ ਨੂੰ ਸਪੈਸ਼ਲ ਇਕੋਨੋਮਿਕ ਜ਼ੋਨ ਦੇ ਨਿਯਮਾਂ ਵਿਚ ਚੁੱਪ-ਚੁਪੀਤੇ ਤਰਮੀਮ ਕਰ ਕੇ 500 ਕਰੋੜ ਦਾ ਫਾਇਦਾ ਕਿਉਂ ਪਹੁੰਚਾਇਆ ਗਿਆ?

ਅਡਾਨੀ ਸਮੂਹ ਦੇ ਮਾਲਕ ਗੌਤਮ ਅਡਾਨੀ ਪ੍ਰਧਾਨ ਮੰਤਰੀ ਮੋਦੀ ਦੇ ਦੋਸਤ ਹਨ। ਮੋਦੀ ਤੇ ਅਡਾਨੀ ਨੂੰ ਪ੍ਰਾਈਵੇਟ ਹਵਾਈ ਜਹਾਜ਼ 'ਤੇ ਸੈਰਾਂ ਕਰਦਿਆਂ ਦੁਨੀਆਂ ਦੇਖਦੀ ਰਹੀ ਹੈ। ਅਡਾਨੀ ਦੀ ਕੰਪਨੀ ਬਾਰੇ ਪੁੱਛੇ ਸਵਾਲਾਂ ਦਾ ਮੋਦੀ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ। ਅਡਾਨੀ ਸਮੂਹ ਨੇ 100 ਕਰੋੜ ਰੁਪਏ ਦੀ ਮਾਣਹਾਨੀ ਦੀ ਧਮਕੀ ਆਪਣੇ ਵਕੀਲ ਰਾਹੀਂ 'ਈ'ਪੀ'ਡਬਲਿਊ' ਨੂੰ ਭੇਜ ਦਿੱਤੀ। ਦੂਜੇ ਦਿਨ ਗੁਹਾ ਠਾਕੁਰਤਾ ਬੇਰੁਜ਼ਗਾਰਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਨਿਖਿਲ ਵਾਗਲੇ ਦਾ ਨਾਂ ਮਰਾਠੀ ਪੱਤਰਕਾਰਾਂ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਨਿਖਿਲ ਵਾਗਲੇ ਜੋ ਮੋਦੀ ਦਾ ਸਖ਼ਤ ਆਲੋਚਕ ਹੈ, ਮਸ਼ਹੂਰ ਟੀ.ਵੀ. ਚੈਨਲ 'ਤੇ ਪ੍ਰੋਗਰਾਮ ਕਰ ਰਿਹਾ ਸੀ। ਉਸ ਨੇ ਮਹਾਰਾਸ਼ਟਰ ਵਿਚ ਹੋ ਰਹੀਆਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ 'ਤੇ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਨੂੰ ਕੁਝ ਸਵਾਲ ਕੀਤੇ ਸਨ। ਪ੍ਰੋਗਰਾਮ ਪ੍ਰਸਾਰਿਤ ਹੋਣ ਤੋਂ ਇੱਕ ਘੰਟਾ ਪਹਿਲਾਂ ਨਿਖਿਲ ਵਾਗਲੇ ਨੂੰ ਚੈਨਲ 'ਤੇ ਫੋਨ ਕਰ ਕੇ ਕਹਿ ਦਿੱਤਾ ਗਿਆ ਕਿ ਪ੍ਰੋਗਰਾਮ ਬੰਦ ਕਰ ਦਿੱਤਾ ਗਿਆ ਹੈ। ਦਮਨ ਦੀਆਂ ਅਜਿਹੀਆਂ ਹੋਰ ਕਥਾਵਾਂ ਵੀ ਹਨ।

ਢਿੱਡ ਦੀ ਭੁੱਖ ਨੇ ਮਨੁੱਖ ਨੂੰ ਜਾਨਵਰਾਂ ਦਾ ਸ਼ਿਕਾਰ ਕਰਨਾ ਸਿਖਾਇਆ ਸੀ, ਸੱਤਾ ਦੀ ਭੁੱਖ ਨੇ ਮਨੁੱਖ ਨੂੰ ਮਨੁੱਖ ਦਾ ਸ਼ਿਕਾਰ ਕਰਨਾ ਸਿਖਾ ਦਿੱਤਾ ਹੈ। ਬੰਦੂਕਾਂ ਆਪ ਨਹੀਂ ਚਲਦੀਆਂ, ਮਨੁੱਖ ਹੀ ਚਲਾਉਂਦਾ ਹੈ; ਪਰ ਅਹਿਮ ਸਵਾਲ ਇਹ ਹੈ ਕਿ ਮਨੁੱਖ ਦੇ ਹੱਥ ਵਿਚ ਬੰਦੂਕ ਫੜਾਉਂਦਾ ਕੌਣ ਹੈ? ਇਸੇ ਸਵਾਲ ਨੂੰ ਧਿਆਨ ਵਿਚ ਰੱਖਦਿਆਂ ਬੰਬਈ ਹਾਈ ਕੋਰਟ ਦੇ ਜਸਟਿਸ ਧਰਮਾਧਿਕਾਰੀ ਅਤੇ ਜਸਟਿਸ ਭਾਰਤੀ ਡਾਂਗਰੇ ਨੇ ਤਰਕਸ਼ੀਲ ਗੋਬਿੰਦ ਪਾਨਸਰੇ ਅਤੇ ਨਰਿੰਦਰ ਦਾਭੋਲਕਰ ਦੇ ਕਤਲ ਦੀ ਜਾਂਚ ਦੀ ਨਿਗਰਾਨੀ ਦੀ ਬੇਨਤੀ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਗੌਰੀ ਲੰਕੇਸ਼ ਦੀ ਬੰਗਲੌਰ ਵਿਚ ਹੋਈ ਹੱਤਿਆ ਦਾ ਜ਼ਿਕਰ ਕਰਦੇ ਹੋਏ ਕਿਹਾ- "ਸਾਰੀਆਂ ਵਿਰੋਧੀ ਉਦਾਰਵਾਦੀ ਮੁੱਲਾਂ ਦਾ ਸਫਾਇਆ ਖ਼ਤਰਨਾਕ ਰੁਝਾਨ ਹੈ। ਇਸ ਨਾਲ ਦੇਸ਼ ਦਾ ਅਕਸ ਖ਼ਰਾਬ ਹੋ ਰਿਹਾ ਹੈ। ਉਦਾਰਵਾਦੀ ਮੁੱਲਾਂ ਅਤੇ ਵਿਚਾਰਾਂ ਦਾ ਕੋਈ ਸਨਮਾਨ ਨਹੀਂ ਹੈ। ਲੋਕ ਆਪਣੇ ਉਦਾਰਵਾਦੀ ਸਿਧਾਂਤਾਂ ਕਰ ਕੇ ਲਗਾਤਾਰ ਨਿਸ਼ਾਨਾ ਬਣਾਏ ਜਾ ਰਹੇ ਹਨ। ਸਿਰਫ਼ ਵਿਚਾਰਕ ਹੀ ਨਹੀਂ, ਕੋਈ ਵਿਅਕਤੀ ਜਾਂ ਜਥੇਬੰਦੀ, ਜੋ ਉਦਾਰਵਾਦੀ ਸਿਧਾਂਤਾਂ 'ਤੇ ਯਕੀਨ ਕਰਦੇ ਹਨ, ਨਿਸ਼ਾਨਾ ਬਣ ਸਕਦੇ ਹਨ। ਵਿਰੋਧੀਆਂ ਦੀ ਹੱਤਿਆ ਦਾ ਰੁਝਾਨ ਖ਼ਤਰਨਾਕ ਹੈ।" ਆਜ਼ਾਦ ਭਾਰਤ ਦੇ ਇਤਿਹਾਸ ਵਿਚ ਅਦਾਲਤ ਦਾ ਇਹ ਅਫ਼ਸੋਸ ਪ੍ਰਗਟਾਵਾ ਬਹੁਤ ਵੱਡੀ ਘਟਨਾ ਹੈ ਜੋ ਮੋਦੀ ਸਰਕਾਰ ਨੂੰ ਜਵਾਬਦੇਹੀ ਦੇ ਕਟਹਿਰੇ ਵਿਚ ਖੜ੍ਹਾ ਕਰਦੀ ਹੈ।

***ਉਘੇ ਨਾਵਲਕਾਰ ਜੌਰਜ ਔਰਵੈਲ ਨੇ ਕਿਹਾ ਸੀ- "ਖ਼ਬਰ ਉਹ ਹੈ ਜਿਸ ਨੂੰ ਕੋਈ ਲੁਕਾਉਣ ਜਾਂ ਦਬਾਉਣ ਦੀ ਕੋਸ਼ਿਸ਼ ਕਰਦਾ ਹੈ, ਬਾਕੀ ਸਭ ਪ੍ਰਚਾਰ ਹੈ।" ਪਰ ਭਾਰਤ ਵਿਚ ਉਸ ਹਰ ਖ਼ਬਰ ਨੂੰ ਲੁਕਾਉਣ ਜਾਂ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਸੱਤਾਧਾਰੀਆਂ 'ਤੇ ਸਿੱਧੇ ਸਵਾਲ ਖੜ੍ਹੇ ਕਰਦੀ ਹੈ। ਕਰਨ ਥਾਪਰ ਨੇ ਸਵਾਲ ਖੜ੍ਹੇ ਕੀਤੇ ਤੇ ਉਸ ਨੂੰ ਆਪਣੀ ਨੌਕਰੀ ਤੋਂ ਹੱਥ ਧੋਣਾ ਪਿਆ। ਇਹ ਉਹੀ ਕਰਨ ਥਾਪਰ ਹੈ, ਜਿਸ ਦੇ ਸਵਾਲਾਂ ਤੋਂ ਪ੍ਰਧਾਨ ਮੰਤਰੀ ਮੋਦੀ ਇੰਨੇ ਨਾਰਾਜ਼ ਹੋ ਗਏ ਸਨ ਕਿ ਟੀ.ਵੀ. ਲਈ ਰਿਕਾਰਡ ਹੋ ਰਹੀ ਇੰਟਰਵਿਊ ਵਿਚਾਲੇ ਛੱਡ ਕੇ ਚਲੇ ਗਏ ਸਨ।***

# ਪ੍ਰੋ. ਸਾਈਬਾਬਾ ਦੀ ਜੇਲ੍ਹ ਚਿੱਠੀ ਅਤੇ ਮਨੁੱਖੀ ਹੱਕ

ਮਾਓਵਾਦੀਆਂ ਨਾਲ ਸਬੰਧ ਰੱਖਣ ਦੇ ਜੁਰਮ ਵਿਚ ਮਹਾਰਾਸ਼ਟਰ ਦੀ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐਨ. ਸਾਈਬਾਬਾ ਨੇ 17 ਅਕਤੂਬਰ ਨੂੰ ਆਪਣੀ ਪਤਨੀ ਏ.ਐਸ. ਵਸੰਤਾ ਕੁਮਾਰੀ ਨੂੰ ਚਿੱਠੀ ਲਿਖੀ ਹੈ। ਇਸ ਵਿਚ ਪ੍ਰੋਫੈਸਰ ਨੇ ਆਪਣੀ ਦਰਦਨਾਕ ਹਾਲਤ ਬਿਆਨ ਕੀਤੀ ਹੈ। ਉਹ 90 ਫ਼ੀਸਦੀ ਅਪਾਹਜ ਹਨ ਅਤੇ ਦਿਲ ਦੀ ਬਿਮਾਰੀ ਸਮੇਤ ਕਈ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਹਨ, ਤੇ ਅੱਠ ਮਹੀਨਿਆਂ ਤੋਂ ਨਾਗਪੁਰ ਜੇਲ੍ਹ ਵਿਚ ਬੰਦ ਹਨ।

ਸੱਤ ਮਾਰਚ 2017 ਨੂੰ ਗੜ੍ਹਚਿਰੌਲੀ (ਮਹਾਰਾਸ਼ਟਰ) ਦੀ ਸੈਸ਼ਨਜ਼ ਅਦਾਲਤ ਵਲੋਂ ਤਿੰਨ ਉਘੇ ਜਮਹੂਰੀ ਕਾਰਕੁਨਾਂ ਅਤੇ ਤਿੰਨ ਆਦਿਵਾਸੀਆਂ ਸਮੇਤ 6 ਕਾਰਕੁਨਾਂ ਨੂੰ ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਦੋਸ਼ੀ ਕਰਾਰ ਦਿੰਦੇ ਹੋਏ ਪ੍ਰੋ. ਸਾਈਬਾਬਾ ਸਮੇਤ ਪੰਜ ਜਣਿਆਂ

ਬੂਟਾ ਸਿੰਘ
ਫੋਨ: +91-94634-74342

ਨੂੰ ਉਮਰ ਕੈਦ ਅਤੇ ਛੇਵੇਂ ਨੂੰ 10 ਸਾਲ ਦੀ ਸਜ਼ਾ ਸੁਣਾਈ ਗਈ ਸੀ। ਪ੍ਰੋ. ਸਾਈਬਾਬਾ ਦਿੱਲੀ ਯੂਨੀਵਰਸਿਟੀ ਦੇ ਰਾਮਲਾਲ ਕਾਲਜ ਵਿਚ ਅੰਗਰੇਜ਼ੀ ਵਿਭਾਗ ਦੇ ਅਧਿਆਪਕ ਹਨ। ਉਸ ਦੇ ਸਹਿ-ਮੁਲਜ਼ਿਮ ਪ੍ਰਸ਼ਾਂਤ ਰਾਹੀ, ਸਾਬਕਾ ਪੱਤਰਕਾਰ ਤੇ ਮਨੁੱਖੀ ਅਧਿਕਾਰ ਕਾਰਕੁਨ ਹਨ, ਹੇਮ ਮਿਸ਼ਰਾ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਇਨਕਲਾਬੀ ਕਲਾਕਾਰ ਹਨ। ਬਾਕੀ ਤਿੰਨ ਮਹੇਸ਼ ਟਿਰਕੇ, ਪਾਂਡੂ ਨਰੋਟੇ ਅਤੇ ਵਿਜੇ ਟਿਰਕੇ ਸਥਾਨਕ ਆਦਿਵਾਸੀ ਹਨ।

ਇਸ ਮਾਮਲੇ ਵਿਚ ਅਦਾਲਤੀ ਅਨਿਆਂ ਇਸ ਕਰ ਕੇ ਵੀ ਬੇਮਿਸਾਲ ਹੈ, ਕਿਉਂਕਿ ਪ੍ਰੋ. ਸਾਈਬਾਬਾ 90% ਅਪਾਹਜ ਹੋਣ ਕਾਰਨ ਵ੍ਹੀਲ ਚੇਅਰ ਤੋਂ ਬਿਨਾ ਇਕ ਕਦਮ ਵੀ ਨਹੀਂ ਚਲ ਸਕਦੇ, ਜਦਕਿ ਮਹਾਰਾਸ਼ਟਰ ਪੁਲਿਸ ਵਲੋਂ ਪ੍ਰੋਫੈਸਰ ਨੂੰ ਖ਼ਤਰਨਾਕ ਮਾਸਟਰਮਾਈਂਡ ਕਰਾਰ ਦੇ ਕੇ ਜੇਲ੍ਹ ਵਿਚ ਸਾੜਨ ਲਈ ਉਸ ਨੂੰ ਖਾਸ-ਮ-ਖਾਸ ਖ਼ਤਰਨਾਕ ਮੁਜਰਿਮ ਬਣਾ ਕੇ ਪੇਸ਼ ਕੀਤਾ ਗਿਆ। ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਇਹ ਮਾਮਲਾ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਰਜ ਕੀਤਾ ਗਿਆ ਅਤੇ ਇਸ ਪਿੱਛੇ ਹੁਕਮਰਾਨਾਂ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਸਨ। ਉਹ ਸਾਈਬਾਬਾ ਦੀ ਆਵਾਜ਼ ਨੂੰ ਬੰਦ ਕਰਨਾ ਚਾਹੁੰਦੇ ਸਨ।

ਪ੍ਰੋਫੈਸਰ ਉਪਰ ਦੰਡਕਾਰਨੀਆ ਦੇ ਜੰਗਲੀ ਖੇਤਰ, ਜੋ ਮਾਓਵਾਦੀ ਲਹਿਰ ਦਾ ਗੜ੍ਹ ਹੈ, ਦੇ ਇਕ ਥਾਣੇ ਅਹੀਰੀ (ਜ਼ਿਲ੍ਹਾ ਗੜ੍ਹਚਿਰੌਲੀ) ਵਿਚ ਚੋਰੀ ਦੇ ਮਾਮਲੇ ਨਾਲ ਸਬੰਧਤ ਹੋਣ ਦਾ ਇਲਜ਼ਾਮ ਲਗਾ ਕੇ ਛਾਪਾ ਮਾਰਿਆ ਗਿਆ ਜੋ ਉਸ ਦੀ ਰਿਹਾਇਸ਼ ਤੋਂ ਘੱਟੋਘੱਟ 1500 ਕਿਲੋਮੀਟਰ ਦੂਰ ਹੈ। ਜਦੋਂ ਇਸ ਹਾਸੋਹੀਣੇ ਬਹਾਨੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਦੁਨੀਆ ਭਰ ਦੇ ਇਨਸਾਫਪਸੰਦ ਲੋਕਾਂ ਵਲੋਂ ਡਟਵਾਂ ਵਿਰੋਧ ਕੀਤਾ ਗਿਆ ਤਾਂ ਪੁਲਿਸ ਨੇ ਉਸ ਦੇ ਕੰਪਿਊਟਰ ਦੀ ਹਾਰਡ ਡਿਸਕ ਅਤੇ ਪੈੱਨ ਡਰਾਈਵ ਦੀ ਛਾਣਬੀਣ ਦੇ ਅਧਾਰ 'ਤੇ ਮਫ਼ਰੂਰ ਮਾਓਵਾਦੀਆਂ ਆਗੂਆਂ ਨਾਲ ਰਾਬਤਾ ਰੱਖਣ ਦਾ ਨਵਾਂ ਇਲਜ਼ਾਮ ਘੜ ਲਿਆ ਅਤੇ ਉਸ ਨੂੰ ਡਿਊਟੀ ਤੋਂ ਘਰ ਆਉਂਦੇ ਵਕਤ ਅਗਵਾ ਕਰ ਕੇ ਮਹਾਰਾਸ਼ਟਰ ਦੀ ਨਾਗਪੁਰ ਜੇਲ੍ਹ ਵਿਚ ਲਿਜਾ ਕੇ ਬੰਦ ਕਰ ਦਿੱਤਾ ਗਿਆ। ਉਥੇ ਉਸ ਨੂੰ ਲਗਭਗ ਢਾਈ ਸਾਲ ਅੰਡਰ ਟਰਾਇਲ ਵਜੋਂ ਜੇਲ੍ਹ ਵਿਚ ਕੈਦ ਰੱਖਿਆ ਗਿਆ। ਦੁਨੀਆਂ ਭਰ ਵਿਚ ਇਸ ਨੂੰ ਲੈ ਕੇ ਵਿਆਪਕ ਵਿਰੋਧ ਪ੍ਰਦਰਸ਼ਨ ਹੋਣ ਤੋਂ ਬਾਅਦ ਸੁਪਰੀਮ ਕੋਰਟ ਦੇ ਦਖ਼ਲ ਨਾਲ



ਉਸ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ।

ਕੁਝ ਮਹੀਨੇ ਉਹ ਜ਼ਮਾਨਤ 'ਤੇ ਰਹੇ। ਫਿਰ ਇਸ ਮਾਮਲੇ ਵਿਚ ਮਨਘੜਤ ਕਹਾਣੀ ਤਿਆਰ ਕਰ ਕੇ ਉਸ ਦੇ ਖ਼ਿਲਾਫ਼ ਉਪਰੋਕਤ ਪੰਜ ਹੋਰ ਮੁਲਜ਼ਿਮਾਂ ਖ਼ਿਲਾਫ਼ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਜੱਜ ਵਲੋਂ ਨਿਆਂ ਸ਼ਾਸਤਰ ਦੀਆਂ ਧੱਜੀਆਂ ਉਡਾ ਕੇ ਤੁਅੱਸਬੀ ਜ਼ਿਹਨੀਅਤ ਦੀ ਖੁੱਲ੍ਹੀ ਨੁਮਾਇਸ਼ ਲਾਈ ਗਈ। ਜੱਜ ਨੇ ਮੁਲਕ ਦੀਆਂ ਉਚ ਅਦਾਲਤਾਂ ਦੇ ਉਨ੍ਹਾਂ ਬਹੁਤ ਹੀ ਅਹਿਮ ਫ਼ੈਸਲਿਆਂ ਨੂੰ ਵਿਚਾਰਨ ਦੀ ਵੀ ਜ਼ਰੂਰਤ ਨਹੀਂ ਸਮਝੀ ਜਿਨ੍ਹਾਂ ਅਨੁਸਾਰ ਮਹਿਜ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਦੇ ਆਧਾਰ 'ਤੇ ਹੀ ਕਿਸੇ ਨੂੰ ਮੁਜਰਿਮ ਕਰਾਰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਹ ਅਦਾਲਤੀ ਮਿਸਾਲਾਂ ਫਰਜ਼ੀ ਮਾਮਲੇ ਦੇ ਮਨੋਰਥ ਦੇ ਖ਼ਿਲਾਫ਼ ਜਾਂਦੀਆਂ ਸਨ।

ਅਦਾਲਤੀ ਫ਼ੈਸਲਾ ਐਨਾ ਤੁਅੱਸਬੀ ਸੀ ਕਿ ਗੜ੍ਹਚਿਰੌਲੀ ਦਾ ਵਿਕਾਸ ਨਾ ਹੋਣ ਲਈ ਨਕਸਲੀ ਲਹਿਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਅਤੇ ਉਥੋਂ ਦੀਆਂ ਹਿੰਸਕ ਨਕਸਲੀ ਕਾਰਵਾਈਆਂ ਦੀ ਸਜ਼ਾ ਦਿੱਲੀ ਤੇ ਉਤਰੀ ਸੂਬਿਆਂ ਦੇ ਜਮਹੂਰੀ ਕਾਰਕੁਨਾਂ ਨੂੰ ਦਿੱਤੀ ਗਈ। ਜੱਜ ਦੀਆਂ ਨਜ਼ਰਾਂ ਵਿਚ 'ਲਾਲ ਸਲਾਮ' ਦਾ ਨਾਅਰਾ ਇਨ੍ਹਾਂ ਜਮਹੂਰੀ ਕਾਰਕੁਨਾਂ ਦੇ ਮਾਓਵਾਦੀ ਪਾਰਟੀ ਨਾਲ ਸੰਪਰਕਾਂ ਦਾ ਸਬੂਤ ਸੀ ਅਤੇ ਇਸ ਦੀ ਮਨਸ਼ਾ ਦਹਿਸ਼ਤ ਪਾਉਣਾ ਹੈ, ਜਦਕਿ ਇਹ ਨਾਅਰਾ ਸਮੁੱਚੀ ਕਮਿਊਨਿਸਟ ਲਹਿਰ ਵਿਚ ਆਮ ਲਾਇਆ ਜਾਂਦਾ ਹੈ। ਜੱਜ ਨੇ ਇਨ੍ਹਾਂ ਜਮਹੂਰੀ ਕਾਰਕੁਨਾਂ ਨੂੰ 'ਸਟੇਟ ਵਿਰੁਧ ਜੰਗ ਛੇੜਨ' ਦੇ ਮੁਜਰਿਮ ਠਹਿਰਾਉਂਦੇ ਹੋਏ ਇਥੋਂ ਤਕ ਲਿਖ ਦਿੱਤਾ ਕਿ ਇਸ ਮਾਮਲੇ ਵਿਚ ਕੈਦ ਦੀ ਸਜ਼ਾ ਕਾਫ਼ੀ ਨਹੀਂ ਹੈ, ਪਰ ਉਨ੍ਹਾਂ ਉਪਰ ਲਗਾਏ ਕਾਨੂੰਨ ਨੇ ਅਦਾਲਤ ਦੇ ਹੱਥ ਬੰਨ੍ਹੇ ਹੋਏ ਹਨ ਅਤੇ ਇਸ ਮਾਮਲੇ ਵਿਚ ਉਮਰ ਕੈਦ ਤੋਂ ਵੱਧ ਸਜ਼ਾ ਨਹੀਂ ਦਿੱਤੀ ਜਾ ਸਕਦੀ, ਇਸ ਦਾ ਉਸ ਨੂੰ ਅਫ਼ਸੋਸ ਹੈ। ਇਹ ਫ਼ੈਸਲਾ ਇਸ ਕਰ ਕੇ ਵੀ ਗ਼ੌਰਤਲਬ ਹੈ, ਕਿਉਂਕਿ ਹਿੰਦੁਸਤਾਨੀ ਅਦਾਲਤੀ ਪ੍ਰਬੰਧ ਵਲੋਂ ਹਿੰਦੁਤਵੀ ਦਹਿਸ਼ਤਗਰਦ ਅਸੀਮਾਨੰਦ ਨੂੰ ਖ਼ਾਸ ਦਲੀਲ ਦੇ ਕੇ ਬਰੀ ਕਰ ਦਿੱਤਾ ਗਿਆ ਜਿਸ ਨੇ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਅੱਗੇ ਇਕਬਾਲੀਆ ਬਿਆਨ ਦੇ ਕੇ ਮੰਨਿਆ ਸੀ ਕਿ ਉਨ੍ਹਾਂ ਨੇ ਕਿਹੜੇ-ਕਿਹੜੇ ਬੰਬ ਧਮਾਕੇ ਕੀਤੇ ਸਨ। ਜੱਜ ਦੀ ਦਲੀਲ ਸੀ ਕਿ ਇਕਬਾਲੀਆ ਬਿਆਨ ਕਿਸੇ ਨੂੰ ਕਸੂਰਵਾਰ ਠਹਿਰਾਉਣ ਲਈ ਕਾਫ਼ੀ ਨਹੀਂ ਹੈ। ਇਸ ਦੇ ਐਨ ਉਲਟ ਪ੍ਰੋ. ਸਾਈਬਾਬਾ ਨੂੰ ਇਕ ਹੋਰ ਸਹਿ-ਮੁਲਜ਼ਿਮ ਹੇਮ ਮਿਸ਼ਰਾ ਦੇ 'ਇਕਬਾਲੀਆ ਬਿਆਨ' ਦੇ ਆਧਾਰ 'ਤੇ ਕਸੂਰਵਾਰ ਠਹਿਰਾ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਜੇਲ੍ਹ ਦੇ ਜ਼ਾਲਮ ਹਾਲਾਤ ਨਾਲ ਦੋ-ਚਾਰ ਹੋ ਰਹੇ ਸਾਈਬਾਬਾ ਨੇ ਜਿਸ ਤਰ੍ਹਾਂ ਆਪਣੀ ਨਾਜ਼ੁਕ ਹਾਲਤ ਬਿਆਨ ਕੀਤੀ ਹੈ, ਉਹ ਬਹੁਤ ਹੀ ਚਿੰਤਾਜਨਕ ਹੈ। ਹਿੰਦੁਸਤਾਨੀ ਸਟੇਟ ਵਲੋਂ ਬੇਖ਼ੌਫ਼ ਹੋ ਕੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਕੌਮਾਂਤਰੀ ਇਕਰਾਰਨਾਮਿਆਂ ਦੀ ਵੀ ਖੁੱਲ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ ਜਿਨ੍ਹਾਂ ਉਪਰ ਹੁਕਮਰਾਨਾਂ ਨੇ ਖ਼ੁਦ ਦਸਤਖ਼ਤ ਕੀਤੇ ਹੋਏ ਹਨ। 'ਨੈਲਸਨ ਮੰਡੇਲਾ ਰੂਲਜ਼' ਕੈਦੀਆਂ ਨਾਲ ਸਲੂਕ ਦੇ ਬਾਰੇ ਸੰਯੁਕਤ ਰਾਸ਼ਟਰ ਦਾ ਰੈਜ਼ੋਲੂਸ਼ਨ ਨੰਬਰ 70/175 ਹੈ ਜਿਸ ਮੁਤਾਬਿਕ ਕੈਦੀ ਦੀ ਜ਼ਿੰਦਗੀ ਦੇ ਹੱਕ ਅਤੇ ਉਸ ਦੇ ਮਾਣ-ਸਨਮਾਨ ਦੀ ਸੁਰੱਖਿਆ ਲਈ ਸਬੰਧਤ ਸਟੇਟ ਜਵਾਬਦੇਹ ਹਨ। ਇਸੇ ਤਰ੍ਹਾਂ ਸਿਵਲ ਅਤੇ ਸਿਆਸੀ ਹੱਕਾਂ ਬਾਰੇ ਕੌਮਾਂਤਰੀ ਸਮਝੌਤਾ ਹੈ ਜਿਸ ਉਪਰ ਹਿੰਦੁਸਤਾਨ ਨੇ ਦਸਤਖ਼ਤ ਕੀਤੇ ਹੋਏ ਹਨ। 2016 ਵਿਚ ਹਿੰਦੁਸਤਾਨੀ ਸਟੇਟ ਨੇ ਅਪਾਹਜ ਵਿਅਕਤੀਆਂ ਦੇ ਹੱਕਾਂ ਬਾਰੇ ਐਕਟ-2016 ਪਾਸ ਕੀਤਾ ਸੀ ਜਿਸ ਵਿਚ ਅਪਾਹਜ ਵਿਅਕਤੀਆਂ ਦੀ ਵਿਸ਼ੇਸ਼ ਜਿਸਮਾਨੀ ਹਾਲਤ ਦੇ ਮੱਦੇਨਜ਼ਰ ਉਨ੍ਹਾਂ ਪ੍ਰਤੀ ਹਮਦਰਦੀ ਵਾਲਾ ਸਲੂਕ ਕਰਨ ਦੀ ਜ਼ਰੂਰਤ ਸਵੀਕਾਰ ਕੀਤੀ ਗਈ, ਪਰ ਇਹ ਸਾਰੇ ਸਮਝੌਤੇ ਤੇ ਕਾਨੂੰਨ ਕਾਗਜ਼ਾਂ ਵਿਚ ਹਨ, ਸਿਆਸੀ ਤੇ ਰਾਜਕੀ ਵਿਹਾਰ ਵਿਚ ਇਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ।

ਇਨ੍ਹਾਂ ਹਾਲਾਤ ਵਿਚ ਸਾਈਬਾਬਾ ਦੀ ਜ਼ਿੰਦਗੀ ਜਮਹੂਰੀ ਤਾਕਤਾਂ ਦੀ ਦਖ਼ਲਅੰਦਾਜ਼ੀ ਉਪਰ ਮੁਨੱਸਰ ਹੈ। ਜੇ ਉਹ ਹੁਣ ਵੀ ਵਿਆਪਕ ਅਵਾਮੀ ਰਾਇ ਲਾਮਬੰਦ ਕਰ ਕੇ ਹਿੰਦੁਸਤਾਨੀ ਹਕੂਮਤ ਨੂੰ ਜਵਾਬਦੇਹ ਬਣਾਉਣ ਵਿਚ ਅਸਫ਼ਲ ਰਹਿੰਦੀਆਂ ਹਨ ਤਾਂ ਆਉਣ ਵਾਲੇ ਵਕਤ ਵਿਚ ਹਿੰਦੁਸਤਾਨੀ ਸਟੇਟ ਮਨੁੱਖੀ ਹੱਕਾਂ ਦੇ ਘਾਣ ਲਈ ਹੋਰ ਵੀ ਬੇਖ਼ੌਫ਼ ਹੋ ਜਾਵੇਗਾ ਅਤੇ ਨਾਗਰਿਕਾਂ ਦੀ ਜ਼ਿੰਦਗੀ ਹੋਰ ਵੀ ਅਸੁਰੱਖਿਅਤ ਹੋ ਜਾਵੇਗੀ।

## ਮੈਂ ਇਥੇ ਜ਼ਿੰਦਗੀ ਦੇ ਆਖਰੀ ਸਾਹ ਲੈ ਰਿਹਾ ਹਾਂ...

ਪਿਆਰੀ ਵਸੰਤਾ,

ਮੈਨੂੰ ਦਸਤਕ ਦੇ ਰਹੀ ਸਰਦੀ ਦੇ ਬਾਰੇ ਸੋਚ ਕੇ ਹੀ ਡਰ ਲੱਗ ਰਿਹਾ ਹੈ। ਪਹਿਲਾਂ ਹੀ ਮੈਨੂੰ ਲਗਾਤਾਰ ਬੁਖ਼ਾਰ ਹੈ, ਮੈਂ ਬੁਖ਼ਾਰ ਨਾਲ ਪ੍ਰੇਸ਼ਾਨ ਹਾਂ। ਮੇਰੇ ਕੋਲ ਸਰਦੀ ਤੋਂ ਬਚਣ ਲਈ ਕੰਬਲ ਤਕ ਨਹੀਂ ਹੈ। ਨਾ ਹੀ ਮੇਰੇ ਕੋਲ ਪਹਿਨਣ ਲਈ ਸਵੈਟਰ ਜਾਂ ਜੈਕਟ ਹੈ, ਜਿਸ ਨਾਲ ਮੈਂ ਠੰਢ ਤੋਂ ਆਪਣਾ ਬਚਾਓ ਕਰ ਸਕਾਂ। ਜਿਉਂ-ਜਿਉਂ ਠੰਢ ਦਸਤਕ ਦੇ ਰਹੀ ਹੈ, ਮੇਰੇ ਪੈਰਾਂ ਅਤੇ ਖੱਬੇ ਹੱਥ ਵਿਚ ਦਰਦ ਲਗਾਤਾਰ ਵਧ ਰਿਹਾ ਹੈ।

ਨਵੰਬਰ ਤੋਂ ਸ਼ੁਰੂ ਹੋਣ ਵਾਲੇ ਸਿਆਲ ਦੌਰਾਨ ਮੇਰੇ ਲਈ ਇਥੇ ਜਿਊਂਦਾ ਰਹਿ ਸਕਣਾ ਲਗਭਗ ਅਸੰਭਵ ਹੈ। ਮੈਂ ਇਥੇ ਉਸ ਜਾਨਵਰ ਵਾਂਗ ਜੀਅ ਰਿਹਾ ਹਾਂ ਜੋ ਆਪਣੇ ਆਖ਼ਰੀ ਸਵਾਸ ਲੈਣ ਲਈ ਸੰਘਰਸ਼ ਕਰ ਰਿਹਾ ਹੋਵੇ। ਮੈਂ ਇਥੇ ਇਹ ਅੱਠ ਮਹੀਨੇ ਕਿਸੇ ਤਰ੍ਹਾਂ ਕੱਟ ਲਏ, ਲੇਕਿਨ ਮੈਨੂੰ ਨਹੀਂ ਲੱਗਦਾ ਕਿ ਸਿਆਲ ਵਿਚ ਮੈਂ ਇਥੇ ਜਿਊਂਦਾ ਰਹਿ ਸਕਾਂਗਾ। ਇਸ ਗੱਲ ਦਾ ਮੈਨੂੰ ਪੂਰਾ ਯਕੀਨ ਹੈ। ਮੈਨੂੰ ਨਹੀਂ ਲੱਗਦਾ ਕਿ ਮੈਨੂੰ ਆਪਣੀ ਸਿਹਤ ਬਾਰੇ ਹੋਰ ਜ਼ਿਆਦਾ ਲਿਖਣ ਦੀ ਜ਼ਰੂਰਤ ਹੈ।

ਕ੍ਰਿਪਾ ਕਰ ਕੇ ਕਿਸੇ ਵੀ ਤਰ੍ਹਾਂ ਇਸ ਮਹੀਨੇ ਦੇ ਆਖ਼ਿਰ ਤਕ ਜਾਂ ਇਸ ਤੋਂ ਪਹਿਲਾਂ ਕਿਸੇ ਵਕੀਲ ਨੂੰ ਮੇਰੇ ਕੇਸ ਨੂੰ ਦੇਖਣ ਲਈ ਫ਼ਾਈਨਲ ਕਰੋ। ਸ੍ਰੀਮਾਨ ਗਾਡਲਿੰਗ ਨੂੰ ਮੇਰੀ ਜ਼ਮਾਨਤ ਦੀ ਅਰਜ਼ੀ ਨਵੰਬਰ ਦੇ ਪਹਿਲੇ ਹਫ਼ਤੇ ਜਾਂ ਅਕਤੂਬਰ ਦੇ ਆਖ਼ਰੀ ਹਫ਼ਤੇ ਵਿਚ ਹੀ ਤਿਆਰ ਕਰਨ ਲਈ ਕਹਿਣਾ। ਤੁਹਾਨੂੰ ਪਤਾ ਹੈ ਕਿ ਜੇ ਮੇਰੀ ਜ਼ਮਾਨਤ ਨਾ ਹੋਈ ਤਾਂ ਮੇਰੀ ਸਿਹਤ ਦੀ ਹਾਲਤ ਬੇਕਾਬੂ ਹੋ ਜਾਵੇਗੀ। ਇਸ ਦੇ ਲਈ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਹੁਣ ਮੈਂ ਇਸ ਬਾਰੇ ਵਿਚ ਅੱਗੇ ਲਈ ਤੁਹਾਨੂੰ ਹੋਰ ਕੁਝ ਨਹੀਂ ਕਹਾਂਗਾ।

ਤੁਹਾਨੂੰ ਮੇਰੀ ਹਾਲਤ ਬਾਰੇ ਰੇਬੇਕਾ ਜੀ (ਸੀਨੀਅਰ ਐਡਵੋਕੇਟ ਦਿੱਲੀ ਹਾਈਕੋਰਟ) ਅਤੇ ਨੰਦਿਤਾ ਨਰਾਇਣ (ਪ੍ਰਧਾਨ ਦਿੱਲੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ - ਅਨੁਵਾਦਕ) ਨਾਲ ਗੱਲ ਕਰਨੀ ਚਾਹੀਦੀ ਹੈ। ਇਸ ਬਾਰੇ ਵਿਚ ਪ੍ਰੋਫੈਸਰ ਹਰਗੋਪਾਲ



(ਤੇਲੰਗਾਨਾ ਤੋਂ ਮਨੁੱਖੀ ਹੱਕਾਂ ਦੇ ਕਾਰਕੁਨ - ਅਨੁਵਾਦਕ) ਅਤੇ ਹੋਰ ਲੋਕਾਂ ਨਾਲ ਵੀ ਗੱਲ ਕਰੋ। ਉਨ੍ਹਾਂ ਨੂੰ ਪੂਰੀ ਹਾਲਤ ਸਮਝਾਓ। ਕਿਰਪਾ ਕਰ ਕੇ ਛੇਤੀ ਕੁਝ ਕਰੋ। ਮੈਂ ਬਹੁਤ ਨਿਰਾਸ਼ ਹਾਂ। ਇਸ ਨਿਰਾਸ਼ਾ ਵਿਚ ਮੈਨੂੰ ਲੱਗਦਾ ਹੈ ਕਿ ਮੇਰੀ ਹਾਲਤ ਐਸੇ ਭਿਖਾਰੀ ਵਰਗੀ ਹੋ ਗਈ ਹੈ ਜੋ ਬਿਲਕੁਲ ਬੇਸਹਾਰਾ ਹੈ; ਲੇਕਿਨ ਤੁਹਾਡੇ ਵਿਚੋਂ ਕੋਈ ਵੀ ਇਕ ਇੰਚ ਵੀ ਨਹੀਂ ਹਿਲ ਰਿਹਾ, ਕੋਈ ਵੀ ਮੇਰੀ ਹਾਲਤ ਨੂੰ ਨਹੀਂ ਸਮਝ ਰਿਹਾ।

ਕੋਈ ਵੀ ਇਹ ਨਹੀਂ ਸਮਝ ਰਿਹਾ ਕਿ ਇਕ 90ਫ਼ੀਸਦੀ ਅਪਾਹਜ ਬੰਦਾ ਇਕ ਹੱਥ ਦੇ ਸਹਾਰੇ ਇਸ ਹਾਲਤ ਨਾਲ ਕਿਵੇਂ ਦੋ-ਚਾਰ ਹੋ ਰਿਹਾ ਹੈ, ਜੋ ਕਈਆਂ ਬਿਮਾਰੀਆਂ ਤੋਂ ਪੀੜਤ ਹੈ। ਕੋਈ ਵੀ ਮੇਰੀ ਜ਼ਿੰਦਗੀ ਦੀ ਪ੍ਰਵਾਹ ਨਹੀਂ ਕਰ ਰਿਹਾ। ਇਹ ਸਿਰਫ਼ ਮੁਜਰਮਾਨਾ ਲਾਪਰਵਾਹੀ ਹੈ, ਕਠੋਰ ਰਵੱਈਆ ਹੈ।

ਤੁਸੀਂ ਆਪਣਾ ਵੀ ਖ਼ਿਆਲ ਰੱਖੋ। ਤੁਹਾਡੀ ਤੰਦਰੁਸਤੀ ਮੇਰੀ ਅਤੇ ਪੂਰੇ ਪਰਿਵਾਰ ਦੀ ਤੰਦਰੁਸਤੀ ਹੈ। ਇਸ ਵਕਤ ਤੁਹਾਥੋਂ ਇਲਾਵਾ ਕੋਈ ਹੋਰ ਮੇਰਾ ਖ਼ਿਆਲ ਰੱਖਣ ਵਾਲਾ ਨਹੀਂ ਹੈ।

ਜਦੋਂ ਤਕ ਮੈਂ ਨਹੀਂ ਹਾਂ, ਉਦੋਂ ਤਕ ਤੁਹਾਨੂੰ ਬਿਨਾਂ ਕਿਸੇ ਲਾਪ੍ਰਵਾਹੀ ਦੇ ਆਪਣਾ ਖ਼ਿਆਲ ਖ਼ੁਦ ਹੀ ਰੱਖਣਾ ਹੋਵੇਗਾ।

ਬਹੁਤ ਸਾਰਾ ਪਿਆਰ
ਤੁਹਾਡਾ ਸਾਈ।
17 ਅਕਤੂਬਰ 2017

*(ਪੰਜਾਬੀ ਅਨੁਵਾਦ: ਬੂਟਾ ਸਿੰਘ)*

# ਬੈਂਕਾਂ ਦਾ ਪੂੰਜੀਕਰਨ, ਡਿਫਾਲਟਰ ਤੇ ਸਰਕਾਰ

ਐਨ.ਡੀ.ਏ. ਸਰਕਾਰ ਨੇ ਨੋਟਬੰਦੀ ਅਤੇ ਜੀ.ਐਸ.ਟੀ. ਦੀ ਨਾਕਾਮਯਾਬੀ ਮਗਰੋਂ ਨਵਾਂ ਸ਼ੁਗੂਫਾ ਸਿਰਜਿਆ ਹੈ ਜਿਸ ਨੇ ਕੁਝ ਮਾਹਿਰਾਂ ਤੇ ਵਿਸ਼ਲੇਸ਼ਕਾਂ ਨੂੰ ਇੰਨਾ ਕੁ ਜ਼ਰੂਰ ਕੀਲ ਲਿਆ ਹੈ ਕਿ ਉਹ ਕਹਿਣ ਲੱਗੇ ਹਨ ਕਿ ਸਰਕਾਰ ਹੁਣ ਆਰਥਿਕ ਵਿਕਾਸ ਨੂੰ ਲੀਹ 'ਤੇ ਲਿਆਉਣ ਲਈ ਦਲੇਰਾਨਾ ਕਦਮ ਚੁੱਕਣ ਦੇ ਰਾਹ ਪੈ ਗਈ ਹੈ। ਇਸ ਕਦਮ ਤਹਿਤ ਜ਼ਿਆਦਾ ਧਿਆਨ ਬੈਂਕਾਂ ਦੇ ਮੁੜ ਪੂੰਜੀਕਰਨ ਵੱਲ ਹੈ, ਜਦੋਂ ਕਿ ਬੁਨਿਆਦੀ ਢਾਂਚੇ ਦੇ ਸੜਕ ਨਿਰਮਾਣ ਪ੍ਰੋਜੈਕਟ ਸਮੇਤ ਉਸ ਕਥਿਤ ਨਿਵੇਸ਼ ਪ੍ਰੋਗਰਾਮ ਵੱਲ ਘੱਟ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਵਿਚ ਰੁਜ਼ਗਾਰ ਪੈਦਾ ਕਰਨ ਦੀ ਸੰਭਾਵਨਾ ਤੇ ਸਮਰੱਥਾ ਕਿਤੇ ਵੱਧ ਹੈ।

ਬੈਂਕਾਂ ਦੇ ਮੁੜ ਪੂੰਜੀਕਰਨ ਜਾਂ ਵਿੱਤੀਕਰਨ ਦੇ ਕਦਮ ਨੂੰ ਘੋਖਣ ਦੀ ਲੋੜ ਹੈ। ਇਸ ਬਾਰੇ ਚਾਰ ਸਵਾਲ ਮੁੱਖ ਹਨ। ਪਹਿਲਾ, ਬੈਂਕਾਂ ਦੇ ਮੁੜ ਵਿੱਤੀਕਰਨ ਦਾ ਕੀ ਅਰਥ ਹੈ? ਦੂਜਾ, ਬਹੁਤ ਕਾਹਲ ਨਾਲ ਕੀਤੀ ਨੋਟਬੰਦੀ ਦੀ ਪਹਿਲਕਦਮੀ ਤੇ ਬੈਂਕਾਂ ਦੇ ਮੁੜ ਵਿੱਤੀਕਰਨ ਵਿਚ ਕੋਈ ਆਪਸੀ ਸਬੰਧ ਹੈ? ਤੀਜਾ, ਸਰਕਾਰੀ ਬੈਂਕਾਂ ਦੇ ਮੁੜ ਵਿੱਤੀਕਰਨ ਦੀ ਲੋੜ ਪਿੱਛੇ ਮੁੱਖ ਕਾਰਨ ਕੀ ਹੈ? ਤੇ ਚੌਥਾ, ਬੈਂਕਾਂ ਦੇ ਮੁੜ ਵਿੱਤੀਕਰਨ ਨੂੰ ਕਿਸ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ?

ਬੈਂਕਾਂ ਦੇ ਮੁੜ ਵਿੱਤੀਕਰਨ ਤੋਂ ਭਾਵ ਹੈ, ਬੈਂਕਾਂ ਦੇ ਮਾਇਕ ਭੰਡਾਰਾਂ ਵਿਚ ਵਾਧਾ ਕਰਨਾ ਜਿਨ੍ਹਾਂ ਰਾਹੀਂ ਉਹ ਰਕਮਾਂ ਉਧਾਰ ਦਿੰਦੇ ਹਨ। ਇਹ ਹਾਲਤ ਉਦੋਂ ਪੈਦਾ ਹੁੰਦੀ ਹੈ, ਜਦੋਂ ਬੈਂਕਾਂ ਵੱਲੋਂ ਉਧਾਰ ਦੇਣ ਤੋਂ ਝਿਜਕਣ ਨਾਲ ਬਾਜ਼ਾਰ ਵਿਚ ਕਰਜ਼ਿਆਂ ਦੀ ਕਮੀ ਵਾਲੇ ਹਾਲਾਤ ਬਣ ਜਾਂਦੇ ਹਨ। ਕਰਜ਼ਿਆਂ, ਭਾਵ ਉਧਾਰ ਦੇ ਪੈਸਿਆਂ ਦੀ ਘਾਟ ਕਾਰਨ ਵਪਾਰ 'ਤੇ ਬੁਰਾ ਅਸਰ ਪੈਂਦਾ ਹੈ, ਕਿਉਂਕਿ ਪੂੰਜੀਵਾਦੀ ਅਰਥਵਿਵਸਥਾ ਵਿਚ ਛੋਟੇ ਵੱਡੇ ਕਾਰੋਬਾਰ ਕਰਜ਼ੇ ਲੈ ਕੇ ਕੀਤੇ ਗਏ ਨਿਵੇਸ਼ 'ਤੇ ਹੀ ਆਧਾਰਿਤ ਹੁੰਦੇ ਹਨ। ਜੇ ਕਰਜ਼ਿਆਂ ਵਿਚ ਖੜੋਤ ਆਉਣ ਕਾਰਨ ਕਰਜ਼ੇ ਵਧੇਰੇ ਉਚੇ ਵਿਆਜ 'ਤੇ ਮਿਲਣ ਜਾਂ ਕਰਜ਼ੇ ਲੈਣ ਵਿਚ ਔਖ ਆਵੇ ਤਾਂ ਕਾਰੋਬਾਰ ਦੇ ਉਧਾਰ ਲੈਣ ਦੀ ਕੀਮਤ ਵਿਚ ਵੀ ਵਾਧਾ ਹੁੰਦਾ ਹੈ। ਸਿੱਟੇ ਵਜੋਂ ਕਾਰੋਬਾਰ ਵਿਚ ਮੁਨਾਫੇ ਅਤੇ ਕੀਤੇ ਜਾਣ ਵਾਲੇ ਮੁੜ ਨਿਵੇਸ਼ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਲਈ ਬੈਂਕਾਂ ਦੇ ਮੁੜ ਪੂੰਜੀਕਰਨ ਤੋਂ ਭਾਵ ਹੈ, ਬੈਂਕਾਂ ਦੀ ਉਧਾਰ ਦੇਣ ਦੀ ਸਮਰੱਥਾ ਵਿਚ ਵਾਧਾ ਕਰਨਾ।

ਆਧੁਨਿਕ ਪੂੰਜੀਵਾਦੀ ਅਰਥਵਿਵਸਥਾਵਾਂ ਵਿਚ ਇਸ ਪੂੰਜੀਕਰਨ ਲਈ ਬੈਂਕਾਂ ਦਾ ਸੰਕਟ ਨਿਵਾਰਨ ਜਾਂ ਬੰਦਖ਼ਲਾਸੀ (ਬੇਲਆਊਟ) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸ਼ਬਦ ਸਰਕਾਰ ਵੱਲੋਂ ਬੈਂਕਾਂ ਦੀ ਕੀਤੀ ਜਾ ਰਹੀ ਸਹਾਇਤਾ ਦੇ ਤੱਤ-ਭਾਵ ਨੂੰ ਜ਼ਿਆਦਾ ਸਹੀ ਢੰਗ ਨਾਲ ਫੜਦਾ ਹੈ। ਨੋਟਬੰਦੀ ਅਤੇ ਬੈਂਕਾਂ ਦੇ ਮੁੜ ਪੂੰਜੀਕਰਨ ਵਿਚਲੇ ਸਬੰਧ ਦੇ ਮਾਮਲੇ ਵਿਚ ਨੋਟਬੰਦੀ ਲਾਗੂ ਕਰਨ ਪਿੱਛੇ ਕੰਮ ਕਰ ਰਹੀ ਮੁੱਢਲੀ ਤਾਕਤ ਸੀ ਬੈਂਕਾਂ ਦਾ ਮੁੜ ਪੂੰਜੀਕਰਨ ਕਰਨਾ। ਭਾਰਤ ਦੇ ਪੰਜਾਹ ਸਭ ਤੋਂ ਸਿਖ਼ਰਲੇ ਕਾਰੋਬਾਰੀਆਂ ਵੱਲੋਂ ਲਏ ਕਰਜ਼ੇ ਕਿਉਂਕਿ ਵਾਪਸ ਨਹੀਂ ਕੀਤੇ ਗਏ, ਇਸ ਲਈ ਭਾਜਪਾ ਜਿਸ ਨੂੰ ਚੋਣਾਂ ਦੌਰਾਨ ਮੱਧਵਰਗੀ ਭਾਈਚਾਰੇ ਤੋਂ ਸਭ ਤੋਂ ਵੱਧ ਸਮਰਥਨ ਮਿਲਿਆ, ਹੁਣ ਜਿੱਤ ਮਗਰੋਂ ਘੱਟ ਵਿਆਜ ਦਰਾਂ 'ਤੇ ਉਧਾਰ ਉਪਲਬਧ ਕਰਾ ਕੇ ਇਸ ਵਰਗ ਵੱਲੋਂ ਦਿੱਤੇ ਗਏ ਸਾਥ ਦਾ ਬਦਲਾ ਚੁਕਾਉਣ ਲਈ ਉਤਸੁਕ ਸੀ। ਇਹ ਤਾਂ ਹੀ ਸੰਭਵ ਸੀ, ਜੇ ਬੈਂਕਾਂ ਕੋਲ ਉਧਾਰ ਦੇਣ ਲਈ ਲੋੜੀਂਦੀ ਪੂੰਜੀ ਹੁੰਦੀ।

ਨੋਟਬੰਦੀ ਦੋ ਆਧਾਰਾਂ 'ਤੇ ਗ਼ਲਤ ਸਾਬਤ ਹੋਈ। ਪਹਿਲਾ, ਇਹ ਉਮੀਦ ਮੁਤਾਬਿਕ ਪੈਸੇ ਦੀ ਸਪਲਾਈ ਨਹੀਂ ਕਰਾ ਸਕੀ ਤੇ ਦੂਜਾ ਇਸ ਨੇ ਸਰਕਾਰ ਦੁਆਰਾ ਚਲਾਏ ਜਾਂਦੇ ਬੈਂਕਾਂ ਵੱਲੋਂ ਬਚਤਕਾਰਾਂ ਲਈ ਸਹੂਲਤਾਂ ਤੇ ਪ੍ਰੇਰਕ ਮੁਹੱਈਆ ਕਰਾਉਣ ਵਰਗੀਆਂ ਮੁੱਖ ਗਤੀਵਿਧੀਆਂ ਵਿਚ ਰੁਕਾਵਟ ਪਾਈ। ਇਸ ਦਾ ਸਿਆਸੀ ਉਦੇਸ਼ ਸਪਸ਼ਟ ਤੌਰ 'ਤੇ ਛੋਟੇ ਤੇ ਦਰਮਿਆਨੇ ਤਬਕਿਆਂ ਦੇ ਕਾਰੋਬਾਰੀ ਭਾਈਚਾਰੇ ਕੋਲੋਂ ਵੱਧ ਤੋਂ ਵੱਧ ਸਮਰਥਨ ਹਾਸਲ ਕਰਨਾ ਹੀ ਸੀ। ਇਹ ਸਿਆਸੀ ਕਾਹਲ ਗੁਜਰਾਤ ਵਿਚ ਹੋਣ ਵਾਲੀਆਂ ਚੋਣਾਂ ਕਰ ਕੇ ਪੈਦਾ ਹੋਈ, ਜਿਥੇ ਇਸ ਕਾਰੋਬਾਰੀ ਭਾਈਚਾਰੇ ਦਾ ਤਕੜਾ ਦਬਦਬਾ ਹੈ।

ਮੁੜ ਪੂੰਜੀਕਰਨ ਦੇ ਕਦਮ ਪਿਛਲਾ ਮੁੱਢਲਾ ਕਾਰਨ ਹੈ ਕਿ ਧਨਾਢ ਕਾਰੋਬਾਰੀਆਂ ਨੇ ਕਰਜ਼ੇ ਵਾਪਸ ਨਾ ਕਰ ਕੇ ਸਰਕਾਰੀ ਬੈਂਕਾਂ ਦੇ ਅਸਾਸਿਆਂ ਨੂੰ ਖੋਖਲਾ ਕਰ ਦਿੱਤਾ ਹੈ। ਇਨ੍ਹਾਂ ਕਾਰੋਬਾਰੀਆਂ ਵੱਲੋਂ ਅਸਲ ਰੂਪ ਵਿਚ ਜਨਤਕ ਫੰਡਾਂ ਦੀ ਲੁੱਟ ਦੀ ਕੌੜੀ ਸੱਚਾਈ ਨੂੰ ਲੁਕਾਉਣ ਲਈ ਇਸ ਨੂੰ ਗ਼ੈਰ-ਪੈਦਾਇਸ਼ੀ ਅਸਾਸਿਆਂ (ਐਨ.ਪੀ.ਏ.) ਦਾ ਤਕਨੀਕੀ ਨਾਂ ਦੇ ਦਿੱਤਾ ਗਿਆ ਹੈ। ਸਰਕਾਰੀ ਬੈਂਕਾਂ 'ਤੇ ਆਪਣਾ ਪ੍ਰਭਾਵ ਰੱਖਣ ਵਾਲੀ ਸਿਆਸੀ ਲੀਡਰਸ਼ਿਪ ਵੱਲੋਂ ਇੰਨੀ ਵੱਡੀ ਰਕਮ ਨੂੰ ਉਧਾਰ ਵਜੋਂ ਦੇਣ ਲਈ ਦਿੱਤੇ ਗਏ ਸਮਰਥਨ ਨਾਲ ਹੀ ਇਹ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਸਿਆਸਤ-ਬੈਂਕ-ਕਾਰੋਬਾਰ ਦੇ ਨਾਪਾਕ ਗੱਠਜੋੜ ਨੇ ਇਥੇ ਆਪਣੀ ਪੂਰੀ ਪਾਰੀ ਖੇਡੀ ਹੈ ਅਤੇ ਇਹ ਵਰਤਾਰਾ ਯੂ.ਪੀ.ਏ. ਤੇ ਐਨ.ਡੀ.ਏ., ਦੋਵੇਂ ਸਰਕਾਰਾਂ ਵੇਲੇ ਵਾਪਰਿਆ ਹੈ।


ਸਭ ਤੋਂ ਮਹੱਤਵਪੂਰਨ ਪੱਖ ਹੈ, ਮੁੜ ਪੂੰਜੀਕਰਨ ਤੋਂ ਉਪਜਣ ਵਾਲੇ ਹਾਲਾਤ ਤੇ ਸਿੱਟੇ। ਮੰਤਰੀ ਜਾਂ ਅਫਸਰ ਕੋਈ ਵੀ ਕਹਾਣੀ ਘੜਨ, ਇਹ ਸੱਚ ਨਹੀਂ ਲੁਕ ਸਕਦਾ ਕਿ ਸਰਕਾਰਾਂ ਵੱਲੋਂ ਬੈਂਕਾਂ ਦੇ ਮਾਇਕ ਭੰਡਾਰੇ ਭਰਦੇ ਜਾਣਾ ਸਰਕਾਰ ਦੇ ਵਿੱਤੀ ਘਾਟੇ ਵਿਚ ਵਾਧਾ ਕਰੇਗਾ। 2007-09 ਦੀ ਆਰਥਿਕ ਮੰਦੀ ਦਾ ਸਾਹਮਣਾ ਕਰਨ ਵੇਲੇ ਤਕਨੀਕੀ ਪੂੰਜੀਵਾਦੀ ਅਰਥਚਾਰਿਆਂ ਤੋਂ ਪ੍ਰਾਪਤ ਹੋਇਆ ਅਨੁਭਵ ਬਹੁਤ ਅਹਿਮ ਹੈ। ਉਦੋਂ ਸਬ-ਪ੍ਰਾਈਮ ਮੌਰਗੇਜ ਦੀ ਮੰਦੀ ਕਾਰਨ ਕਰਜ਼ੇ ਦੀਆਂ ਰਕਮਾਂ ਵਿਚ ਵਿਆਪਕ ਕਮੀ ਸਾਹਮਣੇ ਆਈ। ਇਹ ਸੰਕਟ ਅਮਰੀਕਾ ਵਿਚ ਪੈਦਾ ਹੋਇਆ ਜਿਸ ਦਾ ਤੇਜ਼ ਪ੍ਰਭਾਵ ਯੂਰਪ ਵਿਚ ਵੀ ਦਿਸਿਆ। ਦਸ ਸਾਲ ਪਛੜ ਕੇ ਹੀ ਸਹੀ, ਹੁਣ ਇਹ ਮੰਗ ਜ਼ੋਰ ਫੜ ਰਹੀ ਹੈ ਕਿ ਇਹ ਸੰਕਟ ਪੈਦਾ ਕਰਨ ਲਈ ਜ਼ਿੰਮੇਵਾਰ ਪੂੰਜੀਪਤੀਆਂ ਉਤੇ ਟੈਕਸ ਲਾਏ ਜਾਣ। ਹੁਣ ਦੇਖਣਾ ਬਾਕੀ ਹੈ ਕਿ ਮੁੜ ਪੂੰਜੀਕਰਨ ਕਾਰਨ ਵਿੱਤੀ ਘਾਟੇ ਵਿਚ ਹੋਣ ਵਾਲੇ ਅਟੱਲ ਵਾਧੇ ਨਾਲ ਸਰਕਾਰ ਆਪਣਾ ਇਹ ਮਕਸਦ ਕਿਵੇਂ ਪੂਰਾ ਕਰੇਗੀ। ਇਹ ਅਮੀਰਾਂ ਨੂੰ ਲਾਏ ਜਾਣ ਵਾਲੇ ਟੈਕਸ ਵਿਚ ਵਾਧਾ ਕਰ ਸਕਦੀ ਹੈ, ਖ਼ਾਸ ਤੌਰ 'ਤੇ ਉਪਰਲੇ ਪੰਜਾਹ ਡਿਫ਼ਾਲਟਰਾਂ ਨੂੰ, ਪਰ ਭਾਜਪਾ ਦੇ ਕਿਰਦਾਰ ਦੇ ਮੱਦੇਨਜ਼ਰ ਸੰਭਵ ਨਹੀਂ ਜਾਪਦਾ। ਸਰਕਾਰ ਵੱਖ ਵੱਖ ਗ਼ਰੀਬ-ਪੱਖੀ ਯੋਜਨਾਵਾਂ 'ਤੇ ਖ਼ਰਚਿਆਂ ਵਿਚ ਕਟੌਤੀ ਕਰ ਕੇ ਜਾਂ ਜੀ.ਐਸ.ਟੀ. ਵਰਗੇ ਅਸਿੱਧੇ ਟੈਕਸਾਂ ਵਿਚ ਵਾਧਾ ਕਰ ਕੇ ਘੱਟ ਆਮਦਨ ਵਾਲੇ ਵਰਗਾਂ ਦੇ ਬੋਝ ਨੂੰ ਹੋਰ ਵਧਾ ਸਕਦੀ ਹੈ।

-ਪ੍ਰੋ. ਪ੍ਰੀਤਮ ਸਿੰਘ

**ਸਾਡੇ ਊਣੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਦਾ ਸਭ ਤੋਂ ਵੱਧ ਨਾਜਾਇਜ਼ ਫਾਇਦਾ ਅਖੌਤੀ ਬਾਬਿਆਂ ਨੇ ਉਠਾਇਆ ਹੈ। ਅੰਧਵਿਸ਼ਵਾਸ ਵਿਚ ਫਸੇ ਲੋਕ ਅਕਸਰ ਇਨ੍ਹਾਂ ਬਾਬਿਆਂ ਦਾ ਖਾਜਾ ਬਣ ਜਾਂਦੇ ਹਨ। ਇਨ੍ਹਾਂ ਬਾਬਿਆਂ ਬਾਰੇ ਅਜਿਹੇ ਦਿਲ-ਕੰਬਾਊ ਖੁਲਾਸੇ ਹੁੰਦੇ ਹੀ ਰਹਿੰਦੇ ਹਨ, ਪਰ ਲੋਕ ਫਿਰ ਵੀ ਇਨ੍ਹਾਂ ਦੀ ਲਪੇਟ ਵਿਚ ਆਈ ਜਾਂਦੇ ਹਨ। 'ਪੰਜਾਬ ਟਾਈਮਜ਼' ਨਾਲ ਜੁੜੇ ਲਿਖਾਰੀ ਜਸਵੰਤ ਸਿੰਘ ਘਰਿੰਡਾ ਨੇ ਇਨ੍ਹਾਂ ਬਾਬਿਆਂ ਦਾ ਸੱਚ ਆਪਣੇ ਇਸ ਲੇਖ ਵਿਚ ਉਜਾਗਰ ਕੀਤਾ ਹੈ। -ਸੰਪਾਦਕ**

# ਬਾਬਾਵਾਦ

ਬਾਬਾ ਸ਼ਬਦ ਬੜਾ ਪਵਿਤਰ ਹੈ ਜੋ ਸੁਣ ਕੇ ਮਨ ਵਿਚ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ। ਇਕ ਵਾਰ ਬਾਬਾ ਸੋਹਣ ਸਿੰਘ ਭਕਨਾ, ਜੋ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਸਨ, ਬੱਸ ਵਿਚ ਮਿਲ ਪਏ। ਮੈਂ ਸਵਾਲ ਕੀਤਾ, "ਬਾਬਾ ਜੀ! ਜਦੋਂ ਤੁਸੀਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਗਦਰ ਪਾਰਟੀ ਬਣਾਈ, ਤੁਸੀਂ ਸਾਰੇ ਉਸ ਵਕਤ ਜਵਾਨ ਸੀ, ਫਿਰ ਲੋਕ ਤੁਹਾਨੂੰ ਬਾਬੇ ਕਿਉਂ ਕਹਿਣ ਲੱਗ ਪਏ?" ਉਨ੍ਹਾਂ ਦਾ ਜਵਾਬ ਸੀ, "ਬਰਖੁਰਦਾਰ! ਸਾਡੀਆਂ ਦਾੜ੍ਹੀਆਂ ਬੇਸ਼ੱਕ ਕਾਲੀਆਂ ਸਨ, ਪਰ ਸਾਡੀ ਸਭ ਦੀ ਸੋਚ ਬਾਬਿਆਂ ਵਾਲੀ ਸੀ। ਇਸ ਲਈ ਲੋਕ ਸਾਨੂੰ ਬਾਬੇ ਕਹਿਣ ਲੱਗ ਪਏ।" ਇਹ ਉਹ ਬਾਬੇ ਸਨ ਜਿਨ੍ਹਾਂ ਦੇਸ਼ ਦੀ ਆਜ਼ਾਦੀ ਵਾਸਤੇ ਕਾਲੇ ਪਾਣੀ ਦੇ ਨਰਕ ਕੱਟੇ ਅਤੇ ਫਾਂਸੀਆਂ ਦੇ ਰੱਸੇ ਚੁੰਮੇ, ਤਾਂ ਕਿ ਦੇਸ਼ ਦੇ ਲੋਕ ਖੁਸ਼ਹਾਲ ਜ਼ਿੰਦਗੀ ਜੀ ਸਕਣ।



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-516-5971**

ਅੱਜ ਕੱਲ੍ਹ ਵੀ 'ਬਾਬੇ' ਪ੍ਰਿੰਟ ਅਤੇ ਬਿਜਲਈ ਮੀਡੀਆ ਦੀਆਂ ਸੁਰਖੀਆਂ ਬਣੇ ਹੋਏ ਹਨ। ਇਨ੍ਹਾਂ 'ਬਾਬਿਆਂ' ਦੀਆਂ ਕਰਤੂਤਾਂ ਤੋਂ ਲੋਕ ਹੁਣ ਭਲੀ-ਭਾਂਤ ਜਾਣੂ ਹੋ ਚੁਕੇ ਹਨ, 'ਚੋਰਾਂ ਨੇ ਅੱਜ ਪਾ ਲਏ ਸਾਧਾਂ ਦੇ ਬਾਣੇ।' ਅੱਜ ਬਾਬਾ ਸ਼ਬਦ ਆਪਣੇ ਨਾਂ ਨਾਲ ਲਾਉਣ ਵਾਲਿਆਂ ਨੇ ਇਸ ਸ਼ਬਦ ਦੀ ਮਿੱਟੀ ਪਲੀਤ ਕਰ ਦਿੱਤੀ ਹੈ। ਅਨਪੜ੍ਹ, ਦਾਰੂ, ਭੰਗ ਤੇ ਚਿਲਮਾਂ ਦੇ ਨਸ਼ੇ 'ਚ ਚੂਰ ਦੰਭੀ ਬਾਬੇ ਵਹਿਮਾਂ ਭਰਮਾਂ, ਅੰਧਵਿਸ਼ਵਾਸ ਤੇ ਜਾਦੂ-ਟੂਣੇ ਵਿਚ ਯਕੀਨ ਰੱਖਣ ਵਾਲੇ ਲੋਕਾਂ ਦਾ ਪਾਰ ਉਤਾਰਾ ਕਰ ਰਹੇ ਨੇ; ਉਨ੍ਹਾਂ ਦਾ ਮਾਨਸਿਕ, ਆਰਥਿਕ ਤੇ ਸਰੀਰਕ ਸ਼ੋਸ਼ਣ ਕਰ ਰਹੇ ਨੇ, ਜਿਵੇਂ ਬਾਪੂ ਆਸਾਰਾਮ, ਬਾਬਾ ਰਾਮਪਾਲ, ਬਾਬਾ ਰਾਮ ਰਹੀਮ ਤੇ ਅਦਿਤਿਆ ਨੰਦ ਆਦਿ। ਸਿਆਸੀ ਲੀਡਰਾਂ ਦਾ ਵੋਟ ਖਾਤਰ ਇਨ੍ਹਾਂ ਦੇ ਦਰਬਾਰ ਵਿਚ ਹਾਜ਼ਰ ਹੋਣ ਅਤੇ ਦਰੀਆਂ 'ਤੇ ਬੈਠ ਕੇ ਬਾਬਿਆਂ ਦੇ ਚੇਲਿਆਂ ਤੋਂ ਵੋਟਾਂ ਪਵਾਉਣ ਲਈ ਅਰਜੋਈਆਂ ਕਰਨ ਨਾਲ ਅੰਧਵਿਸ਼ਵਾਸੀ ਅਤੇ ਅਨਪੜ੍ਹ ਸ਼ਰਧਾਲੂਆਂ ਦੇ ਮਨਾਂ ਵਿਚ ਬਾਬਿਆਂ ਦਾ ਹੋਰ ਰੋਅਬ ਬਣਦਾ ਹੈ। ਬਾਬਾਵਾਦ ਪੈਦਾ ਕਰਨ ਵਿਚ ਸਾਡੇ ਹਰ ਰਾਜਨੀਤਕ ਪਾਰਟੀ ਦੇ ਲੀਡਰਾਂ ਦਾ ਵੱਡਾ ਹੱਥ ਹੈ, ਕਿਉਂਕਿ ਬਾਬਿਆਂ ਦੇ ਡੇਰਿਆਂ ਤੋਂ ਉਨ੍ਹਾਂ ਨੂੰ ਥੋਕ ਵਿਚ ਵੋਟਾਂ ਮਿਲ ਜਾਂਦੀਆਂ ਹਨ। ਗੱਦੀ ਤੇ ਮਾਇਆ ਦੇ ਭੁੱਖੇ ਸਾਡੇ ਲੀਡਰਾਂ ਨੇ ਲੋਕਾਂ ਦੇ ਹਿਤ ਆਪਣੇ ਏਜੰਡੇ 'ਚੋਂ ਖਾਰਜ ਕਰ ਦਿੱਤੇ ਹਨ।

ਬਾਬਾਵਾਦ ਪੈਦਾ ਕਰਨ ਲਈ ਸਾਡਾ ਸਮਾਜ ਵੀ ਜ਼ਿੰਮੇਵਾਰ ਹੈ। ਮਨੋਵਿਗਿਆਨੀਆਂ ਅਨੁਸਾਰ, ਮਨੁੱਖ ਆਲੇ-ਦੁਆਲੇ ਦੀ ਉਪਜ ਹੈ। ਉਸ ਨੂੰ ਜਿਹੋ ਜਿਹਾ ਵਾਤਾਵਰਨ ਮਿਲੇਗਾ, ਉਹੋ ਜਿਹਾ ਬਣਦਾ ਜਾਵੇਗਾ। ਜਿਹੀ ਸੰਗਤ ਤੇਹੀ ਰੰਗਤ। ਪੰਜਾਬ ਦੇ ਬਹੁਤੇ ਲੋਕ ਕਿਸਾਨੀ ਨਾਲ ਸਬੰਧਤ ਹਨ। ਕਿਸਾਨ ਵੀਰ ਜਾਣਦੇ ਹਨ ਕਿ ਹਰੇ ਪੱਠਿਆਂ ਦਾ ਟਿੰਡਾ ਹਰਿਆ ਅਤੇ ਸੁੱਕੇ ਪੱਠਿਆਂ ਦਾ ਟਿੰਡਾ ਭੂਸਲੇ ਰੰਗ ਦਾ ਹੁੰਦਾ ਹੈ। ਇਹ ਸਭ ਵਾਤਾਵਰਨ ਜਾਂ ਆਲੇ-ਦੁਆਲੇ ਦਾ ਹੀ ਤਾਂ ਅਸਰ ਹੈ।

ਬਚਪਨ ਤੋਂ ਲੈ ਕੇ ਹੁਣ ਤੱਕ ਜੋ ਕੁਝ ਵੀ ਮੈਂ ਆਲੇ-ਦੁਆਲੇ ਤੋਂ ਗ੍ਰਹਿਣ ਕੀਤਾ ਜਾਂ ਕੁਝ ਘਟਨਾਵਾਂ ਅੱਖੀਂ ਵੇਖੀਆਂ ਤੇ ਹੰਢਾਈਆਂ ਹਨ, ਉਨ੍ਹਾਂ ਦਾ ਜ਼ਿਕਰ ਕਰਾਂਗਾ। ਬਚਪਨ ਵਿਚ ਹੀ ਸਾਨੂੰ ਵਰ, ਸਰਾਪਾਂ, ਕਰਾਮਾਤਾਂ ਤੇ ਕਲਪਿਤ ਕਹਾਣੀਆਂ ਸੁਣਾ ਸੁਣਾ ਕੇ ਵਹਿਮੀ ਤੇ ਅੰਧਵਿਸ਼ਵਾਸੀ ਬਣਾ ਦਿੰਦੇ ਹਨ। ਉਦੋਂ ਸੁਣੀਆਂ ਚੰਗੀਆਂ, ਮਾੜੀਆਂ ਗੱਲਾਂ ਸੋਚ ਦਾ ਸਦੀਵੀ ਅੰਗ ਬਣ ਜਾਂਦੀਆਂ ਹਨ।

ਮੈਂ ਬਾਰਾਂ ਕੁ ਸਾਲ ਦਾ ਸਾਂ। ਮੇਰੇ ਮਾਸੀ ਜੀ ਸਾਨੂੰ ਮਿਲਣ ਆਏ। ਰਾਤ ਨੂੰ ਰੋਟੀ ਪਾਣੀ ਖਾ ਕੇ ਮਾਸੀ ਜੀ, ਬੀਬੀ ਜੀ (ਮਾਤਾ) ਅਤੇ ਮੈਂ ਮੰਜੇ 'ਤੇ ਬੈਠੇ ਸਾਂ। ਮਾਸੀ ਜੀ ਬੀਬੀ ਜੀ ਨੂੰ ਕਿਸੇ ਪਿੰਡ ਦੇ ਬੱਚੇ ਬਾਰੇ ਦੱਸ ਰਹੇ ਸਨ ਕਿ ਅੱਠ-ਨੌਂ ਸਾਲ ਦਾ ਬੱਚਾ ਮਰ ਗਿਆ। ਉਸ ਦਾ ਸਸਕਾਰ ਕਰ ਆਏ। ਦਸਾਂ-ਪੰਦਰਾਂ ਦਿਨਾਂ ਬਾਅਦ ਉਹ ਮੁੰਡਾ ਗਹੀਰੇ ਓਹਲਿਓਂ ਝਾਤੀਆਂ ਮਾਰੇ। ਜਦ ਮਾਪੇ ਗਹੀਰੇ ਕੋਲ ਜਾ ਕੇ ਦੇਖਣ ਤਾਂ ਉਥੇ ਕੁਝ ਵੀ ਨਾ ਦਿਸੇ। ਜਦ ਵਾਪਸ ਆਉਣ ਤਾਂ ਉਹ ਫਿਰ ਝਾਤੀਆਂ ਮਾਰਨ ਲੱਗ ਪਵੇ; ਭਾਵ ਉਹ ਭੂਤ ਬਣ ਗਿਆ ਸੀ। ਇਹ ਗੱਲ ਸੁਣ ਕੇ ਮੈਨੂੰ ਹਰ ਗਹੀਰੇ ਤੋਂ ਡਰ ਲੱਗਣ ਲੱਗ ਪਿਆ। ਮੇਰਾ ਇਹ ਡਰ ਉਦੋਂ ਦੂਰ ਹੋਇਆ ਜਦੋਂ ਮੈਂ 'ਪ੍ਰੀਤ ਲੜੀ' ਦਾ ਪਾਠਕ ਬਣ ਗਿਆ।

ਸਾਡੇ ਪਿੰਡ ਫਕੀਰ ਸ਼ਾਹ ਸੁਲੇਮਾਨ ਦੀ ਜਗ੍ਹਾ ਹੈ, ਜਿਸ ਬਾਰੇ ਬਜ਼ੁਰਗ ਦੱਸਦੇ ਸਨ ਕਿ ਜੇ ਕੋਈ ਚੋਰ ਪਿੰਡ ਵਿਚੋਂ ਚੋਰੀ ਕਰ ਕੇ ਪਿੰਡ ਦੀ ਹੱਦ ਪਾਰ ਕਰਦਾ ਸੀ ਤਾਂ ਅੰਨ੍ਹਾ ਹੋ ਜਾਂਦਾ ਸੀ। ਬਾਬੇ ਦੀ ਕਬਰ ਛੇ ਕੁ ਫੁੱਟ ਉਚੀ ਮਿੱਟੀ ਦੀ ਬਣੀ ਹੋਈ ਸੀ। ਉਸ ਵਿਚ ਦੀਵਾ ਜਗਾਉਣ ਲਈ ਦਵਾਖਾ ਵੀ ਬਣਿਆ ਹੋਇਆ ਸੀ, ਜਿਥੇ ਅੰਧਵਿਸ਼ਵਾਸੀ ਲੋਕ ਵੀਰਵਾਰ ਨੂੰ ਦੀਵਾ ਜਗਾਉਂਦੇ ਸਨ। 'ਸ਼ਰਧਾਲੂ' ਦੀਵਾ ਜਗ੍ਹਾ ਕੇ ਬਾਬੇ ਦੀ ਜਗ੍ਹਾ ਤੋਂ ਅਜੇ ਬਾਹਰ ਵੀ ਨਾ ਨਿਕਲਦਾ ਕਿ ਕੁੱਤਾ ਓਕੜੂ ਲਾ ਕੇ ਦੀਵਾ ਥੱਲੇ ਸੁੱਟ ਵੱਤੀ ਸਣੇ ਤੇਲ ਚੱਟ ਕੇ ਤੁਰ ਜਾਂਦਾ। ਚੋਰ ਦੇ ਅੰਨ੍ਹੇ ਹੋਣ ਦੀ ਗੱਲ ਉਦੋਂ ਝੂਠ ਹੋ ਗਈ ਜਦੋਂ ਬਾਬੇ ਦੀ ਕਬਰ ਦਾ ਡੈਕ ਚੋਰੀ ਹੋ ਗਿਆ।

1964 ਵਿਚ ਮੈਂ ਟੀਚਰ ਬਣ ਕੇ ਇਕ ਪਿੰਡ ਗਿਆ। ਜਨਵਰੀ ਤੋਂ ਮਾਰਚ ਤੱਕ ਛੇ ਸਾਲ ਦੇ ਬੱਚਿਆਂ ਦੀ ਲਿਸਟ ਬਣਾਉਣੀ ਪੈਂਦੀ ਸੀ, ਜਿਨ੍ਹਾਂ ਨੂੰ ਅਪਰੈਲ ਵਿਚ ਲਾਜ਼ਮੀ ਵਿਦਿਆ ਦੇ ਕਾਨੂੰਨ ਅਨੁਸਾਰ ਦਾਖਲ ਕਰਨਾ ਹੁੰਦਾ ਸੀ। ਛੇ ਸਾਲ ਦੇ ਬੱਚੇ ਲਿਖਦਾ, ਮੈਂ ਇਕ ਘਰ ਗਿਆ ਤੇ ਮੁਖੀ ਨੂੰ ਕਿਹਾ ਕਿ "ਆਪਣੇ ਛੇ ਸਾਲ ਦੇ ਮੁੰਡੇ ਦਾ ਨਾਂ ਲਿਖਾਓ।" ਮਾਯੂਸ ਚਿਹਰੇ ਵਾਲੇ ਮੁਖੀ ਨੇ ਕਿਹਾ, "ਮਾਸਟਰ ਜੀ! ਮੇਰੇ ਘਰ ਤਾਂ ਛੇ ਲੜਕੀਆਂ ਨੇ, ਲੜਕਾ ਕੋਈ ਨਹੀਂ।" ਮੈਂ ਸਹਿਵਨ ਹੀ ਕਹਿ ਦਿੱਤਾ, "ਕੋਈ ਗੱਲ ਨਹੀਂ, ਵਾਹਿਗੁਰੂ ਲੜਕਾ ਵੀ ਦੇਵੇਗਾ।" ਉਸ ਵਕਤ ਉਸ ਦੀ ਘਰਵਾਲੀ ਗਰਭਵਤੀ ਸੀ। ਕੁਦਰਤੀ ਉਸ ਦੇ ਘਰ ਲੜਕਾ ਹੋ ਗਿਆ। ਲੜਕਾ ਹੋਣ ਪਿਛੋਂ ਉਹ ਝੱਟ ਮੇਰੇ ਕੋਲ ਆ ਗਿਆ ਤੇ ਮੇਰੇ ਪੈਰੀਂ ਹੱਥ ਲਾਈ ਜਾਵੇ।

ਮੈਂ ਕਿਹਾ, "ਵੀਰ ਜੀ, ਕੀ ਗੱਲ ਹੈ, ਤੁਸੀਂ ਪੈਰੀਂ ਹੱਥ ਲਾ ਕੇ ਮੇਰੇ ਸਿਰ ਭਾਰ ਚੜ੍ਹਾਈ ਜਾਂਦੇ ਹੋ।" ਉਸ ਨੇ ਲੜਕਾ ਹੋਣ ਦੀ ਗੱਲ ਦੱਸੀ ਕਿ ਇਹ ਤੁਹਾਡੇ ਆਸ਼ੀਰਵਾਦ ਕਰਕੇ ਹੈ। ਮੈਂ ਤੁਹਾਡੀ ਸੇਵਾ ਕਰਨੀ ਹੈ। ਮੈਂ ਕਿਹਾ, "ਵੀਰ! ਮੈਂ ਤਾਂ ਐਵੇਂ ਸਹਿਵਨ ਹੀ ਕਹਿ ਦਿੱਤਾ ਸੀ, ਮੈਂ ਕਿਹੜਾ ਕੋਈ ਕਰਾਮਾਤੀ ਬਾਬਾ ਹਾਂ। ਇਹ ਵਾਹਿਗੁਰੂ ਦੀ ਬਖਸ਼ਿਸ਼ ਹੈ।" ਪਰ ਉਸ ਨੇ ਬਦੋਬਦੀ ਸਾਰੇ ਸਟਾਫ ਨੂੰ ਘਰ ਬੁਲਾ ਕੇ ਚਾਹ ਪਾਣੀ ਨਾਲ ਸੇਵਾ ਕੀਤੀ। ਮੈਨੂੰ ਤਾਂ ਆਪਣੇ ਉਸ ਲੜਕੇ ਦੇ ਮੰਗਣੇ ਤੇ ਵਿਆਹ 'ਤੇ ਵੀ ਸੱਦਿਆ। ਇੰਜ ਬਣਦੇ ਨੇ ਬਾਬੇ।

ਸਾਡੇ ਲਾਗਲੇ ਪਿੰਡ ਵਿਚ ਇਕ ਗਰੀਬ ਪਰਿਵਾਰ ਦੀ ਲੜਕੀ ਯੋਗ ਉਮਰ ਵਿਚ ਵਿਆਹ ਨਾ ਹੋਣ ਕਾਰਨ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਗਈ। ਉਸ ਨੂੰ ਕਿਸੇ ਸਿਆਣੇ ਕੋਲ ਲੈ ਗਏ। ਉਸ ਨੇ ਢਾਈ ਤਵੀਤ ਦੱਸ ਦਿੱਤੇ। ਢਾਈ ਤਵੀਤ ਕੱਢਣ ਲਈ 25 ਕੁ ਸਾਲ ਦਾ ਅੰਨ੍ਹਾ ਬਾਬਾ ਲੈ ਆਂਦਾ। ਬਾਬੇ ਨੇ ਕਿਹਾ ਕਿ ਤਵੀਤ ਬੜੇ ਸਖਤ ਨੇ, ਇਸ ਨੂੰ ਸਵਾ ਮਹੀਨਾ ਇਕ ਕਮਰੇ ਵਿਚ ਮੇਰੇ ਪਾਸ ਇਕੱਲਿਆਂ ਰੱਖਣਾ ਪਵੇਗਾ। ਮਾਪੇ ਗਰੀਬੀ ਕਾਰਨ ਇਲਾਜ ਤੋਂ ਅੱਕੇ ਉਸ ਦੀ ਇਹ ਗੱਲ ਮੰਨ ਗਏ। ਦਸ ਕੁ ਦਿਨਾਂ ਪਿਛੋਂ ਲੜਕੀ ਖੁਸ਼ ਖੁਸ਼ ਨਜ਼ਰ ਆਈ। ਮਾਪੇ ਖੁਸ਼ ਸਨ ਕਿ ਲੜਕੀ ਠੀਕ ਹੋ ਰਹੀ ਹੈ। ਬਾਬੇ ਦੇ ਇਲਾਜ ਨਾਲ ਕੁੜੀ ਠੀਕ ਹੋ ਗਈ। ਇਲਾਜ ਤੋਂ ਬਾਅਦ ਅੰਨ੍ਹਾ ਬਾਬਾ ਚਲਾ ਗਿਆ। ਬਾਬੇ ਦਾ ਇਲਾਜ ਉਦੋਂ ਜ਼ਾਹਰ ਹੋਇਆ, ਜਦੋਂ ਪਤਾ ਲੱਗਾ ਕਿ ਕੁੜੀ ਤਾਂ ਗਰਭਵਤੀ ਹੈ।

ਗੱਲ 1958-59 ਦੀ ਹੈ। ਸਾਡੇ ਇਲਾਕੇ ਦੇ ਕਿਸੇ ਗਰਾਮ ਸੇਵਕ ਦਾ ਵਿਆਹ ਸੀ। ਉਸ ਦੇ ਸਹੁਰਿਆਂ ਨੇ ਤਿੰਨ ਤੋਲੇ ਦਾ ਕੜਾ ਤੇ ਮੁੰਦਰੀ ਪਾਈ। ਪਿੰਡ ਭਕਨਾ ਦੇ ਬਾਹਰਵਾਰ ਸਮਾਧਾਂ ਉਤੇ ਕੋਈ 'ਬਾਬਾ' ਰਹਿੰਦਾ ਸੀ। ਗਰਾਮ ਸੇਵਕ ਉਸ ਦਾ ਸ਼ਰਧਾਲੂ ਬਣ ਗਿਆ। ਬਾਬੇ ਨੇ ਮੋਟਾ ਕੜਾ ਅਤੇ ਮੁੰਦਰੀ ਵੇਖ ਕੇ ਗਰਾਮ ਸੇਵਕ ਨੂੰ ਕਿਹਾ, "ਮੈਂ ਤੇਰਾ ਸੋਨਾ ਦੁਗਣਾ ਕਰ ਸਕਦਾਂ। ਅੱਠ ਦਿਨਾਂ ਪਿਛੋਂ ਦੁਗਣਾ ਸੋਨਾ ਲੈ ਜਾਵੀਂ।" ਗਰਾਮ ਸੇਵਕ ਨੇ ਕੜਾ ਤੇ ਮੁੰਦਰੀ ਬਾਬੇ ਨੂੰ ਦੇ ਦਿੱਤੀ। ਅੱਠ ਦਿਨਾਂ ਬਾਅਦ ਜਦ ਗਰਾਮ ਸੇਵਕ ਆਇਆ ਤਾਂ ਸੋਨਾ ਦੁਗਣਾ ਹੋਣ ਦੀ ਖੁਸ਼ੀ ਵਿਚ ਉਸ ਨੂੰ ਮੀਟ ਸ਼ਰਾਬ ਨਾਲ ਰਜਾ ਕੇ ਮਾਰ ਦਿੱਤਾ ਤੇ ਪਹਿਲਾਂ ਪੁੱਟੇ ਟੋਏ ਵਿਚ ਦੱਬ ਦਿੱਤਾ। ਗਰਾਮ ਸੇਵਕ ਘਰ ਨਾ ਮੁੜਿਆ ਤਾਂ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਪਾਸ ਭਾਲ ਕੀਤੀ। ਪੁਲਿਸ ਨੂੰ ਇਤਲਾਹ ਦਿੱਤੀ। ਨਾ ਲੱਭਣ ਤੋਂ ਨਿਰਾਸ਼ ਹੋ ਕੇ ਘਰ ਵਾਲਿਆਂ ਨੇ ਪੁੱਤਰ ਜਿਉਂਦੇ ਹੋਣ ਦੀ ਆਸ ਛੱਡ ਦਿੱਤੀ।

ਚਾਰ-ਪੰਜ ਮਹੀਨੇ ਬਾਅਦ ਬਾਬਾ ਗੱਲ ਰਫਾ-ਦਫਾ ਹੋਈ ਸਮਝ ਕੇ ਕੜਾ ਤੇ ਛਾਪ ਕੁਦਰਤੀ ਉਸੇ ਸੁਨਿਆਰੇ ਕੋਲ ਵੇਚਣ ਚਲਾ ਗਿਆ, ਜਿਥੋਂ ਲੜਕੇ ਦੇ ਸਹੁਰਿਆਂ ਨੇ ਬਣਵਾਏ ਸਨ। ਸੁਨਿਆਰੇ ਨੇ ਕੜਾ ਤੇ ਮੁੰਦਰੀ 'ਬਾਬੇ' ਕੋਲੋਂ ਲੈ ਕੇ ਅਗਲੇ ਦਿਨ ਪੈਸੇ ਲੈ ਜਾਣ ਦਾ ਇਕਰਾਰ ਕੀਤਾ ਤੇ ਨਾਲ ਹੀ ਗਰਾਮ ਸੇਵਕ ਦੇ ਸਹੁਰਿਆਂ ਨੂੰ ਇਤਲਾਹ ਦੇ ਦਿੱਤੀ। ਉਨ੍ਹਾਂ ਪੁਲਿਸ ਨਾਲ ਲੈ ਕੇ ਬਾਬੇ ਨੂੰ ਗ੍ਰਿਫਤਾਰ ਕਰ ਕੇ ਗਰਾਮ ਸੇਵਕ ਦੀ ਗਲੀ-ਸੜੀ ਲਾਸ਼ ਕਢਵਾਈ ਅਤੇ ਘਰਿੰਡਾ ਥਾਣੇ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ। 'ਬਾਬਾ' ਉਸੇ ਰਾਤ ਕੁਝ ਖਾ ਕੇ ਖੁਦਕੁਸ਼ੀ ਕਰ ਗਿਆ।

1969 ਵਿਚ ਪਿਤਾ ਜੀ ਦੇ ਗੁਜ਼ਰ ਜਾਣ ਤੋਂ ਬਾਅਦ ਸਭ ਤੋਂ ਵੱਡਾ ਹੋਣ ਕਰ ਕੇ ਦੋ ਨਾਬਾਲਗ ਭਰਾਵਾਂ, ਇਕ ਭੈਣ ਅਤੇ ਮੇਰੇ ਆਪਣੇ ਪਰਿਵਾਰ ਦਾ ਬੋਝ ਮੇਰੇ ਸਿਰ ਆ ਪਿਆ। ਇਹ ਬੋਝ ਚੁੱਕਣ ਲਈ ਮੈਨੂੰ ਬੜੀ ਸਖਤ ਮਿਹਨਤ ਕਰਨੀ ਪਈ। ਦਿਨ ਵੇਲੇ ਸਕੂਲ ਜਾਣਾ ਤੇ ਰਾਤ ਨੂੰ ਕਣਕ ਕੱਢਣ ਲਈ ਕਾਮਿਆਂ ਨੂੰ ਨਾਲ ਲੈ ਕੇ ਸਾਰੀ ਰਾਤ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਥਰੈਸ਼ਰ ਚਲਾਉਣਾ। ਦੋ ਵਾਰ ਘਰੋਂ ਚਾਹ ਬਣਾ ਕੇ ਕਾਮਿਆਂ ਨੂੰ ਪਿਆਉਣੀ।

ਇਕ ਦਿਨ ਸਵੇਰੇ ਅੱਠ ਵਜੇ ਮੈਂ ਕਾਮਿਆਂ ਸਮੇਤ ਮਸ਼ੀਨ ਤੋਂ ਵਿਹਲਾ ਹੋ ਕੇ ਜਦ ਚਾਹ ਪੀ ਰਿਹਾ ਸਾਂ ਤਾਂ ਇਕ ਹੱਟਾ-ਕੱਟਾ 'ਬਾਬਾ' ਖੁਰਜੀਆਂ ਸਮੇਤ ਭਗਵੇਂ ਕੱਪੜੇ ਪਹਿਨੀਂ ਆਣ ਹਾਜ਼ਰ ਹੋਇਆ ਤੇ ਖੁਰਜੀਆਂ ਵਿਚੋਂ ਸਵਾ ਮਣ ਦਾਣੇ ਪੈ ਜਾਣ ਵਾਲਾ ਬਾਲਟਾ ਕੱਢ ਕੇ ਦਾਨ ਦੀ ਮੰਗ ਕੀਤੀ। ਨਾਲ ਹੀ ਗਿੱਦੜ ਸਿੰਙੀ ਮੈਨੂੰ ਦਿੱਤੀ ਕਿ ਤੇਰੇ ਸਾਰੇ ਕੰਮ ਹੋ ਜਾਇਆ ਕਰਨਗੇ। ਮੈਂ ਕਿਹਾ, "ਬਾਬਾ, ਜੇ ਤਨਖਾਹ ਤੇ ਖੇਤੀ ਦੀ ਆਮਦਨ ਤੋਂ ਬਗੈਰ ਮੈਨੂੰ ਕੋਈ ਵਾਧੂ ਆਮਦਨ ਹੋ ਗਈ ਤਾਂ ਅੱਧ ਤੇਰਾ, ਅੱਧ ਮੇਰਾ।" ਪਰ ਬਾਬਾ ਮੈਥੋਂ ਬਾਲਟਾ ਭਰ ਕੇ ਦਾਣੇ ਮੰਗੇ। ਮੈਂ ਕਿਹਾ, "ਬਾਬਾ, ਆਹ ਚਾਰ ਕਾਮੇ ਸਾਰੀ ਰਾਤ ਜਾਗ ਕੇ ਮੇਰੇ ਨਾਲ ਕਣਕ ਕਢਾ ਰਹੇ ਨੇ ਤੇ ਮੈਂ ਇਨ੍ਹਾਂ ਨੂੰ ਰੋਟੀ-ਚਾਹ ਸਮੇਤ ਸਾਰੀ ਰਾਤ ਦਾ ਇਕ ਪੀਪਾ ਕਣਕ ਦੇਣੀ ਹੈ। ਤੂੰ ਰਾਤ ਅਧੀਆ ਪੀ ਕੇ ਤੇ ਮੀਟ ਮੁਰਗਾ ਖਾ ਕੇ ਸੁੱਤਾ ਰਿਹਾ ਹੋਵੇਂਗਾ, ਤੇ ਹੁਣ ਮੰਗਣ ਆ ਗਿਆ। ਮੈਂ ਤੈਨੂੰ ਵਿਹਲੜ ਨੂੰ ਥਾਣੇ ਫੜਾਉਣਾ ਹੈ।" ਨਾਲ ਹੀ ਮੈਂ ਆਪਣੇ ਕਾਕੇ ਨੂੰ ਸਕੂਟਰ ਲਿਆਉਣ ਲਈ ਕਿਹਾ, ਥਾਣਾ ਵੀ ਕਿਲੋਮੀਟਰ ਦੀ ਵਿਥ 'ਤੇ ਦਿਸ ਰਿਹਾ ਸੀ। ਇਹ 'ਬਾਬਾ' ਫਿਰ ਮੁਆਫੀ ਮੰਗ ਕੇ ਛੁੱਟਾ।




ਸਾਡੇ ਦੁੱਖਾਂ, ਮੁਸੀਬਤਾਂ ਦਾ ਹੱਲ ਕਿਸੇ ਅਖੌਤੀ ਬਾਬੇ ਕੋਲ ਨਹੀਂ, ਬਲਕਿ ਸਾਡੇ ਰੋਸ਼ਨ ਦਿਮਾਗ ਦੀ ਸ਼ਕਤੀ ਅਤੇ ਹੱਥਾਂ ਦੀ ਕਮਾਈ ਦੀ ਤਾਕਤ ਰਾਹੀਂ ਹੋਵੇਗਾ। ਬਾਬੇ ਨਾਨਕ ਨੇ ਸਾਨੂੰ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ ਹੈ। ਇਸ ਵਿਚ ਕਿਰਤ ਕਰਨ ਵਾਲਾ ਸੁਨਹਿਰੀ ਅਸੂਲ ਹੈ। ਜੇ ਕਿਰਤ ਕਰਾਂਗੇ ਤਾਂ ਹੀ ਲੋੜਵੰਦਾਂ ਨੂੰ ਦਸਵੰਧ ਦੇ ਸਕਾਂਗੇ, ਵਿਹਲੇ ਪਾਖੰਡੀ ਤੇ ਵਿਭਚਾਰੀ 'ਬਾਬਿਆਂ' ਨੂੰ ਖੂਨ-ਪਸੀਨੇ ਦੀ ਕਮਾਈ ਲੁਟਾ ਕੇ ਨਹੀਂ।

ਗੁਰੂ ਸਾਹਿਬਾਨ ਨੇ ਸਾਨੂੰ ਕਿਰਤ ਤੇ ਬੁਧ ਵਿਵੇਕ ਦੇ ਲੜ ਲਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਦੁਨੀਆਂ ਦੀ ਇਨਸਾਨੀਅਤ ਵਾਸਤੇ ਚਾਨਣ ਮੁਨਾਰਾ ਹੈ। ਸਾਰੀ ਦੁਨੀਆਂ ਦਾ ਕਲਿਆਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਵਿਚ ਲੁਕਿਆ ਪਿਆ ਹੈ। ਗੁਰੂ ਗੋਬਿੰਦ ਸਿੰਘ ਇਨਸਾਨੀਅਤ ਨੂੰ ਇਸੇ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਗਏ ਤਾਂ ਕਿ ਅਸੀਂ ਦੇਹਧਾਰੀ ਪਾਖੰਡੀ ਬਾਬਿਆਂ ਤੋਂ ਬਚੇ ਰਹੀਏ। ਦਸ ਗੁਰੂ ਸਾਹਿਬਾਨ ਕੇਵਲ ਸਿੱਖਾਂ ਦੇ ਹੀ ਗੁਰੂ ਨਹੀਂ ਸਨ, ਉਹ ਸਾਰੀ ਮਨੁੱਖਤਾ ਦੇ ਗੁਰੂ ਸਨ।

ਗੁਰੂ ਸਾਹਿਬਾਨ ਦੀ ਸਿੱਖਿਆ ਹੈ, ਪੁੱਤਰ ਨਿਸ਼ਾਨ ਹੈ, ਦੌਲਤ ਗੁਜ਼ਰਾਨ ਹੈ ਤੇ ਔਰਤ ਈਮਾਨ ਹੈ। ਇਸੇ ਲਈ ਸਿੱਖ ਧਰਮ ਵਿਚ ਗ੍ਰਹਿਸਥ ਨੂੰ ਵੱਡਾ ਦਰਜਾ ਦਿੱਤਾ ਗਿਆ ਹੈ। ਔਰਤ ਤੋਂ ਬਗੈਰ ਆਦਮੀ ਦਾ ਮਨ ਡੋਲਣੋਂ ਨਹੀਂ ਰਹਿ ਸਕਦਾ। 'ਬ੍ਰਹਮਚਾਰੀ ਬਾਬੇ' ਅੱਜ ਬਲਾਤਕਾਰੀ ਦੇ ਰੂਪ ਵਿਚ ਲੋਕਾਂ ਵਿਚ ਜ਼ਾਹਰ ਹੋ ਰਹੇ ਨੇ।

ਇਨ੍ਹਾਂ ਬਾਬਿਆਂ ਦੀ ਗ੍ਰਿਫਤ ਵਿਚੋਂ ਭੋਲੀ ਭਾਲੀ ਲੋਕਾਈ ਨੂੰ ਕੱਢਣ ਦਾ ਇਕੋ ਹੀ ਤਰੀਕਾ ਹੈ ਕਿ ਲੋਕਾਂ ਨੂੰ ਵਿਦਿਆ ਤੇ ਵਿਗਿਆਨਕ ਸੋਚ ਰਾਹੀਂ ਤਰਕਵਾਦੀ ਬਣਾਇਆ ਜਾਵੇ। ਪਹਿਲਾਂ ਮਾਪੇ, ਅਧਿਆਪਕ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਲੀਡਰ ਆਪ ਅੰਧਵਿਸ਼ਵਾਸਾਂ, ਗੱਦੀ ਦੀ ਭੁੱਖ ਤੇ ਮਾਇਆ ਦੇ ਮੱਕੜ ਜਾਲ ਵਿਚੋਂ ਨਿਕਲ ਕੇ ਆਉਣ ਵਾਲੀ ਪੀੜ੍ਹੀ ਨੂੰ ਯੋਗ ਅਗਵਾਈ ਦੇਣ। ਸੰਗਮਰਮਰੀ ਆਲੀਸ਼ਾਨ ਗੁਰਦੁਆਰੇ, ਮੰਦਿਰ, ਮਸਜਿਦ ਤੇ ਚਰਚ ਬਣਾਉਣ ਦੀ ਥਾਂ ਵਿਦਿਆ ਵਾਸਤੇ ਸਕੂਲ ਕਾਲਜ ਖੋਲ੍ਹਣ। ਗਰੀਬ ਜਨਤਾ ਵਾਸਤੇ ਮੁਫਤ ਹਸਪਤਾਲ ਖੋਲ੍ਹਣ। ਇਸ ਕੰਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੜੀ ਆਸਾਨੀ ਨਾਲ ਕਰ ਸਕਦੀ ਹੈ ਜਿਸ ਕੋਲ ਅਰਬਾਂ ਦਾ ਬਜਟ ਹੈ। ਉਹ ਪੰਜਾਬੀਆਂ ਨੂੰ ਆਪਣੇ ਵਸੀਲਿਆਂ ਰਾਹੀਂ ਅੰਧਵਿਸ਼ਵਾਸੀ ਸੋਚ ਅਤੇ ਜਾਦੂ-ਟੂਣਿਆਂ ਦੀ ਗ੍ਰਿਫਤ ਤੋਂ ਨਿਜਾਤ ਦਿਵਾ ਸਕਦੀ ਹੈ।

ਜਿਸ ਜਨਾਨੀ ਦੇ ਘਰ ਔਲਾਦ ਨਾ ਹੋਵੇ, ਉਸ ਨੂੰ ਬਾਬੇ ਚੁਰਸਤੇ ਵਿਚ ਨਹਾਉਣ, ਪੀਰਾਂ ਦੀਆਂ ਕਬਰਾਂ 'ਤੇ ਚੂਰਮੇ ਚੜ੍ਹਾਉਣ, ਕੁੱਕੜ ਦੀ ਬਲੀ ਦੇਣ ਲਈ ਬਾਹਰ ਬੇ-ਆਬਾਦ ਥਾਂ 'ਤੇ ਕੁੱਕੜ ਛੱਡਣ, ਨਾਰੀਅਲ ਨੂੰ ਕਾਲੇ ਕੱਪੜੇ ਵਿਚ ਵਲੇਟ ਕੇ ਮੌਲੀ ਨਾਲ ਬੰਨ੍ਹ ਕੇ ਸਵਾ ਰੁਪਿਆ ਰੱਖਣ ਆਦਿ ਜਾਦੂ-ਟੂਣੇ ਕਰਨ ਲਈ ਕਹਿੰਦੇ ਹਨ। ਇਕ ਵਾਰ ਕੋਈ ਜਨਾਨੀ ਸਾਡੀ ਬੰਬੀ 'ਤੇ ਅੱਧਾ ਗਜ਼ ਕਾਲਾ ਕਪੜਾ, ਨਾਰੀਅਲ, ਸਵਾ ਰੁਪਿਆ ਰੱਖ ਕੇ ਟੂਣਾ ਕਰ ਗਈ। ਮੈਂ ਤੇ ਮੇਰਾ ਛੋਟਾ ਭਰਾ ਸਵੇਰੇ ਸਵਖਤੇ ਬੰਬੀ 'ਤੇ ਗਏ। ਇਹ ਸਾਰੀਆਂ ਚੀਜ਼ਾਂ ਅਤੇ ਸਵਾ ਰੁਪਿਆ ਘਰ ਲੈ ਆਂਦੇ। ਨਾਰੀਅਲ ਨੂੰ ਚੰਗੀ ਤਰ੍ਹਾਂ ਚੈਕ ਕਰ ਕੇ, ਭੰਨ ਕੇ ਸਾਰੇ ਟੱਬਰ ਨੇ ਖਾਧਾ ਅਤੇ ਕਾਲੇ ਕੱਪੜੇ ਦੀਆਂ ਫਿਫਟੀਆਂ ਬਣਾ ਲਈਆਂ। ਬੇਆਬਾਦ ਥਾਂ 'ਤੇ ਛੱਡੇ ਕਈ ਕੁੱਕੜ ਵੀ ਖਾਧੇ। ਅੱਜ 79 ਸਾਲ ਦੀ ਉਮਰੇ ਮੈਂ ਤੰਦਰੁਸਤ ਹਾਂ।

ਸਿੱਖ ਧਰਮ ਵਿਚ ਵਰ, ਸਰਾਪ, ਕਰਾਮਾਤਾਂ, ਕਬਰਾਂ ਤੇ ਦੇਹਧਾਰੀ ਪਾਖੰਡੀ ਬਾਬਿਆਂ ਨੂੰ ਪੂਜਣ ਦੀ ਕੋਈ ਥਾਂ ਨਹੀਂ। ਸਾਨੂੰ ਸਾਰਿਆਂ ਨੂੰ ਵਿਦਿਆ ਤੇ ਵਿਗਿਆਨਕ ਸੋਚ ਦਾ ਪ੍ਰਚਾਰ ਕਰ ਕੇ ਇਨ੍ਹਾਂ ਵਿਰੁਧ ਡਟਣਾ ਚਾਹੀਦਾ ਹੈ।

## ਕਰਮ ਭੂਮਿ ਮਹਿ ਬੋਅਹੁ ਨਾਮੁ

**ਗੁਰਬਾਣੀ ਗਿਆਨ**

**ਗਉੜੀ ਗੁਆਰੇਰੀ ਮਹਲਾ ੫**

ਕਰਮ ਭੂਮਿ ਮਹਿ ਬੋਅਹੁ ਨਾਮੁ॥
ਪੂਰਨ ਹੋਇ ਤੁਮਾਰਾ ਕਾਮੁ॥
ਫਲ ਪਾਵਹਿ ਮਿਟੈ ਜਮ ਤ੍ਰਾਸ॥
ਨਿਤ ਗਾਵਹਿ ਹਰਿ ਹਰਿ ਗੁਣ ਜਾਸ॥੧॥
ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ॥
ਸੀਘਰ ਕਾਰਜੁ ਲੇਹੁ ਸਵਾਰਿ॥੧॥ ਰਹਾਉ॥
ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ॥
ਤਾ ਤੂੰ ਦਰਗਹ ਪਾਵਹਿ ਮਾਨੁ॥
ਉਕਤਿ ਸਿਆਣਪ ਸਗਲੀ ਤਿਆਗੁ॥
ਸੰਤ ਜਨਾ ਕੀ ਚਰਣੀ ਲਾਗੁ॥੨॥
ਸਰਬ ਜੀਅ ਹਹਿ ਜਾ ਕੈ ਹਾਥਿ॥
ਕਦੇ ਨ ਵਿਛੁੜੈ ਸਭ ਕੈ ਸਾਥਿ॥
ਉਪਾਵ ਛੋਡਿ ਗਹੁ ਤਿਸ ਕੀ ਓਟ॥
ਨਿਮਖ ਮਾਹਿ ਹੋਵੈ ਤੇਰੀ ਛੋਟਿ॥੩॥
ਸਦਾ ਨਿਕਟਿ ਕਰਿ ਤਿਸ ਨੋ ਜਾਣੁ॥
ਪ੍ਰਭ ਕੀ ਆਗਿਆ ਸਤਿ ਕਰਿ ਮਾਨੁ॥
ਗੁਰ ਕੈ ਬਚਨਿ ਮਿਟਾਵਹੁ ਆਪੁ॥
ਹਰਿ ਹਰਿ ਨਾਮੁ ਨਾਨਕ ਜਪਿ ਜਾਪੁ॥੪॥

ਪੰਚਮ ਪਾਤਸ਼ਾਹ ਆਖਦੇ ਹਨ, ਹੇ ਭਾਈ! ਕਰਮ ਬੀਜਣ ਲਈ ਇਸ ਸਰੀਰ ਰੂਪੀ ਧਰਤੀ ਵਿਚ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਬੀਜ ਬੀਜ ਲੈ, ਤੇਰਾ ਮਾਨਸ ਜਨਮ ਦਾ ਮਨੋਰਥ ਸਿਰੇ ਚੜ੍ਹ ਜਾਵੇਗਾ, ਤੇਰਾ ਸੰਸਾਰ ਵਿਚ ਆਉਣਾ ਸਫਲ ਹੋ ਜਾਵੇਗਾ। ਹੇ ਭਾਈ! ਜੇ ਤੂੰ ਹਰੀ ਪ੍ਰਭੂ ਦੇ ਨਿੱਤ ਗੁਣ ਗਾਵੇਂ, ਨਿੱਤ ਉਹਦਾ ਜਸ ਗਾਵੇਂ, ਤਾਂ ਜਮਾਂ ਦਾ ਸਾਰਾ ਡਰ ਮੁੱਕ ਜਾਵੇਗਾ।

ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ॥
ਸੀਘਰ ਕਾਰਜੁ ਲੇਹੁ ਸਵਾਰਿ॥੧॥ ਰਹਾਉ॥

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਮਨੁੱਖ ਨੂੰ ਆਖਦੇ ਹਨ- ਹੇ ਭਾਈ! ਮਾਇਆ ਦੇ ਮੋਹ ਅਤੇ ਵਿਕਾਰਾਂ ਨਾਲ ਭਰੇ ਇਸ ਜਗਤ ਵਿਚ ਰਹਿੰਦੇ ਹੋਏ ਤੂੰ ਆਪਣੇ ਅੰਦਰ ਹਿਰਦੇ ਵਿਚ ਉਸ ਪਰਮਾਤਮਾ ਦੇ ਨਾਮ ਨੂੰ ਸੰਭਾਲ ਕੇ ਰੱਖ, ਇਸ ਨਾਲ ਤੂੰ ਆਪਣੇ ਮਨੁੱਖਾ ਜੀਵਨ ਦੇ ਕਾਰਜ ਨੂੰ ਛੇਤੀ ਸਵਾਰ ਲਵੇਂਗਾ।

ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ॥
ਤਾ ਤੂੰ ਦਰਗਹ ਪਾਵਹਿ ਮਾਨੁ॥
ਉਕਤਿ ਸਿਆਣਪ ਸਗਲੀ ਤਿਆਗੁ॥
ਸੰਤ ਜਨਾ ਕੀ ਚਰਣੀ ਲਾਗੁ॥੨॥

ਅਪਨੇ ਪ੍ਰਭ ਸਿਉ ਹੋਹੁ ਸਾਵਧਾਨ, ਗੁਰਦੇਵ ਜੀ ਆਖਦੇ ਹਨ- ਹੇ ਭਾਈ! ਆਪਣੇ ਪ੍ਰਭੂ ਦੇ ਪਿਆਰ ਤੇ ਉਸ ਦੀ ਯਾਦ ਵਿਚ ਸਾਵਧਾਨ, ਭਾਵ ਸੁਚੇਤ ਹੋ ਕੇ ਰਹੁ, ਨਾਮ ਸਿਮਰਨ ਕਰ, ਆਪਣੀਆਂ ਦਲੀਲਾਂ ਤੇ ਸਾਰੀਆਂ ਸਿਆਣਪਾਂ ਤਿਆਗ ਦੇ ਅਤੇ ਉਸ ਮਾਲਕ ਪ੍ਰਭੂ ਦੇ ਪਿਆਰੇ ਗੁਰਮੁਖਾਂ ਦੀ ਸ਼ਰਨ ਪੈ ਜਾ, ਉਨ੍ਹਾਂ ਦੀ ਸੰਗਤ ਕਰ ਕੇ ਤੂੰ ਦਰਗਾਹ ਵਿਚ, ਭਾਵ ਪ੍ਰਭੂ ਦੇ ਘਰ ਵਿਚ ਆਦਰ ਅਤੇ ਸਤਿਕਾਰ ਪਾਵੇਂਗਾ।

ਸਰਬ ਜੀਅ ਹਹਿ ਜਾ ਕੈ ਹਾਥਿ॥
ਕਦੇ ਨ ਵਿਛੁੜੈ ਸਭ ਕੈ ਸਾਥਿ॥
ਉਪਾਵ ਛੋਡਿ ਗਹੁ ਤਿਸ ਕੀ ਓਟ॥
ਨਿਮਖ ਮਾਹਿ ਹੋਵੈ ਤੇਰੀ ਛੋਟਿ॥੩॥

ਸਤਿਗੁਰੂ ਜੀ ਆਖਦੇ ਹਨ- ਸਰਬ ਜੀਅ ਹਹਿ ਜਾ ਕੈ ਹਾਥਿ, ਹੇ ਭਾਈ! ਜਗਤ ਦੇ ਸਾਰੇ ਜੀਵ ਉਸ ਪ੍ਰਭੂ ਦੇ ਹੱਥ, ਭਾਵ ਵੱਸ ਵਿਚ ਹਨ; ਕਦੇ ਨ ਵਿਛੁੜੈ ਸਭ ਕੈ ਸਾਥਿ, ਉਹ ਮਾਲਕ ਕਦੇ ਵੀ ਜੀਵਾਂ ਤੋਂ ਵੱਖ ਨਹੀਂ ਹੁੰਦਾ, ਸਦਾ ਜੀਵਾਂ ਦੇ ਨਾਲ ਹੀ ਰਹਿੰਦਾ ਹੈ; ਆਪਣੇ ਜਤਨ ਕਰਨੇ ਛੱਡ ਕੇ ਉਸ ਪ੍ਰਭੂ ਜੀ ਦਾ ਓਟ ਤੇ ਆਸਰਾ ਲੈ ਲੈ, ਇਸ ਆਸਰੇ ਨਾਲ ਇਕ ਪਲ 'ਚ ਹੀ ਮਾਇਆ ਮੋਹ ਦੇ ਬੰਧਨਾਂ ਤੋਂ ਖਲਾਸੀ ਹੋ ਜਾਵੇਗੀ।

ਸਦਾ ਨਿਕਟਿ ਕਰਿ ਤਿਸ ਨੋ ਜਾਣੁ॥
ਪ੍ਰਭ ਕੀ ਆਗਿਆ ਸਤਿ ਕਰਿ ਮਾਨੁ॥
ਗੁਰ ਕੈ ਬਚਨਿ ਮਿਟਾਵਹੁ ਆਪੁ॥
ਹਰਿ ਹਰਿ ਨਾਮੁ ਨਾਨਕ ਜਪਿ ਜਾਪੁ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਜੀ ਆਖਦੇ ਹਨ- ਸਦਾ ਨਿਕਟਿ ਕਰਿ ਤਿਸ ਨੋ ਜਾਣੁ, ਹੇ ਭਾਈ! ਉਸ ਪ੍ਰਭੂ ਪਰਮਾਤਮਾ ਨੂੰ ਸਦਾ ਹੀ ਆਪਣੇ ਨੇੜੇ ਵਸਦਾ ਸਮਝਿਆ ਕਰ; ਪ੍ਰਭ ਕੀ ਆਗਿਆ ਸਤਿ ਕਰਿ ਮਾਨੁ, ਹੇ ਭਾਈ! ਤੂੰ ਇਹ ਯਕੀਨ ਕਰ ਲੈ ਕਿ ਉਸ ਮਾਲਕ ਪ੍ਰਭੂ ਦੀ ਆਗਿਆ, ਉਹਦਾ ਹੁਕਮ ਸਦਾ ਹੀ ਅਟੱਲ ਹੈ, ਇਸ ਲਈ ਗੁਰੂ ਦੇ ਬਚਨਾਂ ਨਾਲ ਜੁੜ ਕੇ ਆਪਣੇ ਅੰਦਰੋਂ ਆਪਾ ਭਾਵ ਨੂੰ ਦੂਰ ਕਰ। ਹੇ ਨਾਨਕ! ਉਸ ਹਰੀ ਪ੍ਰਭੂ ਦਾ ਨਾਮ ਸਦਾ ਹੀ ਜਪਦਾ ਰਹੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ੴ ਸਤਿਗੁਰ ਪ੍ਰਸਾਦਿ॥

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

## ਸਿੱਖ ਧਰਮ ਦੇ ਬਾਨੀ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
# 548ਵੇਂ ਪ੍ਰਕਾਸ਼ ਦਿਹਾੜੇ ਦੀ

## ਕੁਲ ਲੋਕਾਈ ਨੂੰ

# ਕੋਟਾਨਿ ਕੋਟਿ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

## Major Gurcharn Singh Jhaj
## Jaidev Singh Bhathal & Sukhraj Singh Takher

# Akal Transport Corporation
# RKJ Properties LLC

# ਸਿੱਖ ਕਤਲੇਆਮ: ਟਰੰਪ ਕੋਲ ਪਟੀਸ਼ਨ ਭੇਜਣਗੀਆਂ ਸਿੱਖ ਜਥੇਬੰਦੀਆਂ




**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਮਾਮਲੇ ਵਿਚ ਨਿਆਂ ਪ੍ਰਾਪਤੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਸਬੰਧੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ ਇਕ ਦਸਤਖਤੀ ਪਟੀਸ਼ਨ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜੋ 26 ਨਵੰਬਰ ਨੂੰ ਅਮਰੀਕਾ ਦੀ ਟਰੰਪ ਸਰਕਾਰ ਨੂੰ ਸੌਂਪੀ ਜਾਵੇਗੀ।

ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ ਇਸ ਸਬੰਧੀ ਪਹਿਲੀ ਨਵੰਬਰ ਨੂੰ ਹਰਿਮੰਦਰ ਸਾਹਿਬ ਸਮੂਹ ਵਿਚ ਕੈਂਪ ਲਾਇਆ ਜਾਵੇਗਾ, ਜਿਥੇ ਲੋਕਾਂ ਕੋਲੋਂ ਇਸ ਪਟੀਸ਼ਨ 'ਤੇ ਦਸਤਖਤ ਕਰਾਏ ਜਾਣਗੇ। ਇਹ ਪਟੀਸ਼ਨ 26 ਨਵੰਬਰ ਨੂੰ ਟਰੰਪ ਸਰਕਾਰ ਨੂੰ ਸੌਂਪੀ ਜਾਵੇਗੀ, ਜਿਸ ਰਾਹੀਂ ਉਨ੍ਹਾਂ ਨੂੰ ਸਿੱਖ ਨਸਲਕੁਸ਼ੀ ਦੇ 33 ਵਰ੍ਹੇ ਬੀਤਣ ਮਗਰੋਂ ਵੀ ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਹੋਣ ਦੇ ਵਿਰੋਧ ਵਿਚ ਨਿੰਦਾ ਮਤਾ ਪਾਉਣ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਪਟੀਸ਼ਨ ਵ੍ਹਾਈਟ ਹਾਊਸ ਨੂੰ ਭੇਜੀ ਜਾਵੇਗੀ ਤੇ ਕਾਤਲਾਂ ਨੂੰ ਬਚਾਅ ਰਹੀ ਕੇਂਦਰ ਸਰਕਾਰ ਦੀ ਨਿੰਦਾ ਲਈ ਅਪੀਲ ਕੀਤੀ ਜਾਵੇਗੀ।

## ਵਰਮਾ ਵੱਲੋਂ ਪੌਲੀਗ੍ਰਾਫ ਟੈਸਟ 'ਤੇ ਸਵਾਲ

**ਨਵੀਂ ਦਿੱਲੀ:** ਹਥਿਆਰਾਂ ਦੇ ਵਿਵਾਦਤ ਡੀਲਰ ਤੇ 1984 ਸਿੱਖ ਕਤਲੇਆਮ ਕੇਸ ਦੇ ਗਵਾਹ ਅਭਿਸ਼ੇਕ ਵਰਮਾ ਨੇ 'ਲਾਈ ਡਿਟੈਕਟਰ' ਟੈਸਟ ਦੌਰਾਨ ਫੋਰੈਂਸਿਕ ਲੈਬ ਉਤੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਬਚਾਉਣ ਦਾ ਦੋਸ਼ ਲਾਉਂਦਿਆਂ ਅਦਾਲਤ ਦਾ ਦਰਵਾਜ਼ਾ ਖੜਕਾਇਆ। ਵਰਮਾ, ਜਿਨ੍ਹਾਂ ਦਾ ਰੋਹਿਨੀ ਵਿਚ ਸਰਕਾਰੀ ਫੋਰੈਂਸਿਕ ਸਾਇੰਸ ਲੈਬਾਰਟਰੀ ਵਿਚ ਪੌਲੀਗ੍ਰਾਫ ਟੈਸਟ ਕੀਤਾ ਗਿਆ ਸੀ, ਨੇ ਕੜਕੜਡੂਮਾ ਅਦਾਲਤ ਵਿਚ ਦਿੱਤੀ ਅਰਜ਼ੀ 'ਚ ਕਿਹਾ ਕਿ ਐਫ.ਐਸ.ਐਲ. 'ਮਿੰਨੀ ਟਰਾਇਲ' ਚਲਾ ਰਿਹਾ ਸੀ ਅਤੇ ਅਨੁਚਿਤ ਅਤੇ ਪੱਖਪਾਤੀ ਤਰੀਕੇ ਨਾਲ ਕੰਮ ਕਰ ਰਿਹਾ ਸੀ।

## ਹਰਸਿਮਰਤ 'ਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼

**ਮੁੱਲਾਂਪੁਰ ਦਾਖਾ:** 'ਆਪ' ਦੇ ਵਿਧਾਇਕ ਤੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਲਈ ਸੀ.ਬੀ.ਆਈ. ਵੱਲੋਂ ਹੁਣ ਮੁੜ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਦੇ ਲਾਏ ਗਏ ਦੋਸ਼ ਬੇਬੁਨਿਆਦ ਹਨ। ਸ੍ਰੀ ਫੂਲਕਾ ਨੇ ਕਿਹਾ ਕਿ ਕਤਲੇਆਮ ਦੇ ਮੁਲਜ਼ਮਾਂ ਨੂੰ ਸ੍ਰੀ ਕੇਜਰੀਵਾਲ ਨਹੀਂ ਸਗੋਂ ਕੇਂਦਰ ਦੀ ਮੋਦੀ ਸਰਕਾਰ, ਜਿਸ ਵਿਚ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਸ਼ਾਮਲ ਹੈ, ਬਚਾਅ ਰਹੀ ਹੈ। ਸ੍ਰੀ ਫੂਲਕਾ ਨੇ ਦੱਸਿਆ ਕਿ ਪਹਿਲਾਂ ਦੋ ਵਾਰ ਕੇਂਦਰ 'ਚ ਕਾਂਗਰਸ ਸਰਕਾਰ ਸਮੇਂ ਅਤੇ ਤੀਜੀ ਵਾਰ ਭਾਜਪਾ ਸਰਕਾਰ ਵੇਲੇ ਸੀ.ਬੀ.ਆਈ. ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਹਰਸਿਮਰਤ ਬਾਦਲ ਨੇ ਇਕ ਵਾਰ ਵੀ ਕੇਂਦਰ ਸਰਕਾਰ ਨੂੰ ਜਗਦੀਸ਼ ਟਾਈਟਲਰ ਖਿਲਾਫ਼ ਜਾਂਚ ਛੇਤੀ ਮੁਕੰਮਲ ਕਰਨ ਲਈ ਸੀ.ਬੀ.ਆਈ. ਨੂੰ ਆਦੇਸ਼ ਦਿੱਤੇ ਜਾਣ ਬਾਰੇ ਕੁਝ ਨਹੀਂ ਕਿਹਾ।

# ਭਾਜਪਾ ਆਗੂ ਦੀਆਂ 'ਕਰਤੂਤਾਂ' ਤੋਂ ਪਰਦਾ ਚੁੱਕਣ ਵਾਲਾ ਪੱਤਰਕਾਰ ਕਾਬੂ



**ਨਵੀਂ ਦਿੱਲੀ:** ਗਾਜ਼ੀਆਬਾਦ ਦੇ ਇੰਦਰਾਪੁਰਮ ਦੇ ਸੀਨੀਅਰ ਪੱਤਰਕਾਰ ਵਿਨੋਦ ਵਰਮਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਨੋਦ ਵਰਮਾ 'ਤੇ ਰੰਗਦਾਰੀ (ਬਲੈਕਮੇਲ ਕਰ ਕੇ ਵਸੂਲੀ ਕਰਨੀ) ਤੇ ਧਮਕਾਉਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।

ਵਿਨੋਦ ਇਨ੍ਹੀਂ ਦਿਨੀਂ ਕਾਂਗਰਸ ਦੇ ਛੱਤੀਸਗੜ੍ਹ ਤੋਂ ਪ੍ਰਧਾਨ ਭੂਪੇਸ਼ ਬਘੇਲ ਦੇ ਸੋਸ਼ਲ ਮੀਡੀਆ ਨੂੰ ਸੰਭਾਲ ਰਿਹਾ ਹੈ। ਪੁਲਿਸ ਨੇ ਵਿਨੋਦ ਵਰਮਾ ਪਾਸੋਂ ਇਕ ਸੀ.ਡੀ. ਬਰਾਮਦ ਕੀਤੀ ਹੈ, ਜਿਸ ਨੂੰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂ ਦੀ ਸੈਕਸ ਕਾਂਡ ਵਾਲੀ ਸੀ.ਡੀ. ਦੱਸਿਆ ਜਾ ਰਿਹਾ ਹੈ।

ਛੱਤੀਸਗੜ੍ਹ ਕਾਂਗਰਸ ਪ੍ਰਧਾਨ ਭੂਪੇਸ਼ ਬਘੇਲ ਨੇ ਇਸ ਗ੍ਰਿਫਤਾਰੀ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ ਹੈ। ਬਘੇਲ ਨੇ ਕਿਹਾ ਕਿ ਇਹ ਸੀ.ਡੀ. ਤਾਂ ਜਨਤਕ ਹੋਈ ਪਈ ਹੈ, ਉਸ ਕੋਲ ਵੀ ਹੈ। ਆਮ ਆਦਮੀ ਪਾਰਟੀ ਦੇ ਆਗੂ ਆਸ਼ੂਤੋਸ਼ ਨੇ ਵੀ ਪੱਤਰਕਾਰ ਵਿਨੋਦ ਵਰਮਾ ਨੂੰ ਗ੍ਰਿਫਤਾਰ ਕਰਨ ਦੀ ਨਿੰਦਾ ਕੀਤੀ ਹੈ।

# ਔਰਤ ਤੇ ਚਾਰ ਬੱਚੀਆਂ ਰੇਲ 'ਚੋਂ ਸੁੱਟੀਆਂ

**ਸੀਤਾਪੁਰ (ਉਤਰ ਪ੍ਰਦੇਸ਼):** ਉਤਰ ਪ੍ਰਦੇਸ਼ ਵਿਚੋਂ ਲੰਘ ਰਹੀ ਰੇਲ ਗੱਡੀ ਵਿਚੋਂ ਇਕ ਔਰਤ ਤੇ ਉਸ ਦੀਆਂ ਚਾਰ ਧੀਆਂ ਨੂੰ ਬਾਹਰ ਸੁੱਟ ਦਿੱਤਾ ਗਿਆ। ਇਸ ਕਾਰਨ ਦੋ ਦੀ ਮੌਤ ਹੋ ਗਈ ਤੇ ਤਿੰਨ ਹੋਰ ਗੰਭੀਰ ਜ਼ਖ਼ਮੀ ਹਨ।

ਮੁੱਢਲੇ ਤੌਰ 'ਤੇ ਪੁਲਿਸ ਨੇ ਕਿਹਾ ਸੀ ਕਿ ਅੰਮ੍ਰਿਤਸਰ-ਸਹਿਰਸਾ ਜਨ ਸੇਵਾ ਐਕਸਪ੍ਰੈੱਸ ਵਿਚੋਂ ਨਸ਼ੇੜੀ ਪਿਤਾ ਤੇ ਚਾਚੇ ਵੱਲੋਂ ਸੁੱਟੀ ਸੱਤ ਸਾਲਾ ਲੜਕੀ ਦੀ ਮੌਤ ਹੋਈ ਅਤੇ ਉਸ ਦੀਆਂ ਦੋ ਭੈਣਾਂ ਜ਼ਖ਼ਮੀ ਹੋਈਆਂ। ਹੁਣ ਪਤਾ ਚੱਲਿਆ ਕਿ ਬੱਚੀਆਂ ਦੀ ਮਾਂ ਤੇ ਇਕ ਹੋਰ ਭੈਣ ਵੀ ਇਸ ਘਟਨਾ ਦੀਆਂ ਸ਼ਿਕਾਰ ਹੋਈਆਂ। ਈਦੂ ਨਾਂ ਦਾ ਵਿਅਕਤੀ ਆਪਣੀ ਪਤਨੀ ਆਫਰੀਨ, ਚਾਰ ਧੀਆਂ ਤੇ ਭਰਾ ਇਕਬਾਲ ਨਾਲ ਬਿਹਾਰ ਜਾ ਰਿਹਾ ਸੀ, ਜਦੋਂ ਗੱਡੀ ਮੈਗਲਗੰਜ ਪੁੱਜੀ ਤਾਂ ਆਫਰੀਨ ਨੂੰ ਸਭ ਤੋਂ ਪਹਿਲਾਂ ਧੱਕਾ ਦਿੱਤਾ ਗਿਆ। ਮਗਰੋਂ ਧੀ ਰਾਬੀਆ ਨੂੰ ਬਾਹਰ ਸੁੱਟਿਆ ਗਿਆ। ਆਫਰੀਨ ਦੀ ਲਾਸ਼ ਲਖੀਮਪੁਰ ਦੇ ਮੈਗਲਗੰਜ ਤੋਂ ਬਰਾਮਦ ਹੋਈ, ਜਦੋਂ ਕਿ ਰਾਬੀਆ ਮਹਿਬੂਬਾਬਾਦ ਇਲਾਕੇ 'ਚ ਪਟੜੀਆਂ ਨੇੜੇ ਗੰਭੀਰ ਜ਼ਖ਼ਮੀ ਮਿਲੀ।

# ਔਕਸਫੋਰਡ ਸ਼ਬਦ ਕੋਸ਼ 'ਚ ਪੰਜਾਬੀ ਨੂੰ ਮਾਣ

**ਚੰਡੀਗੜ੍ਹ:** ਔਕਸਫੋਰਡ ਨੇ ਆਪਣੇ ਅੰਗਰੇਜ਼ੀ ਦੇ ਸ਼ਬਦ ਕੋਸ਼ ਵਿਚ ਪੰਜਾਬੀ, ਉਰਦੂ, ਹਿੰਦੀ, ਤਮਿਲ, ਤੇਲਗੂ ਤੇ ਗੁਜਰਾਤੀ ਭਾਸ਼ਾਵਾਂ ਦੇ ਕੁੱਲ 70 ਸ਼ਬਦਾਂ ਨੂੰ ਸ਼ਾਮਲ ਕਰ ਲਿਆ ਹੈ। ਇਸ ਵਾਰ ਕੀਤੇ ਵਾਧੇ ਪਿੱਛੋਂ ਹੁਣ ਭਾਰਤੀ ਭਾਸ਼ਾਵਾਂ ਦੇ ਉਨ੍ਹਾਂ ਸ਼ਬਦਾਂ ਦੀ ਗਿਣਤੀ 900 ਤੋਂ ਪਾਰ ਕਰ ਗਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਅਸਲ ਰੂਪ ਵਿਚ ਹੀ ਔਕਸਫੋਰਡ ਦੇ ਅੰਗਰੇਜ਼ੀ ਸ਼ਬਦ ਕੋਸ਼ ਵਿਚ ਸ਼ਾਮਲ ਕੀਤਾ ਗਿਆ ਹੋਵੇ।

ਆਨਾ, ਇਕ ਰੁਪਏ ਦਾ ਸੋਲ੍ਹਵਾਂ ਹਿੱਸਾ, ਤਾਂ ਪਹਿਲਾਂ ਹੀ ਔਕਸਫੋਰਡ ਸ਼ਬਦ ਕੋਸ਼ ਦਾ ਹਿੱਸਾ ਸੀ, ਪਰ ਇਸ ਵਾਰ ਤੇਲਗੂ ਭਾਸ਼ਾ ਦੇ ਸ਼ਬਦ 'ਅੰਨਾ', ਜਿਸ ਦਾ ਮਤਲਬ ਵੱਡਾ ਭਰਾ, ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਦੋਵਾਂ ਸ਼ਬਦਾਂ ਦਾ ਅੰਗਰੇਜ਼ੀ ਵਿਚ ਸ਼ਬਦ ਬਣਤਰ ਵੀ ਇਕੋ ਜਿਹੀ ਹੈ। ਇਸ ਤੋਂ ਇਲਾਵਾ ਉਰਦੂ ਭਾਸ਼ਾ ਦੇ ਸ਼ਬਦ 'ਅੱਬਾ', ਮਤਲਬ ਪਿਤਾ, ਨੂੰ ਵੀ ਸ਼ਬਦ ਕੋਸ਼ ਵਿਚ ਸਥਾਨ ਦਿੱਤਾ ਗਿਆ ਹੈ। ਸ਼ਬਦ ਕੋਸ਼ ਮਾਹਰਾਂ ਮੁਤਾਬਕ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਕਜ਼ਨ', ਅੰਕਲ ਆਦਿ ਦੇ ਸ਼ਬਦੀ ਪਾੜੇ ਨੂੰ ਅੱਬਾ, ਦੀਦੀ, ਮਾਤਾ, ਅੰਨਾ ਆਦਿ ਸ਼ਬਦਾਂ ਨਾਲ ਪੂਰਿਆ ਜਾ ਰਿਹਾ ਹੈ। ਕਈ ਤਰ੍ਹਾਂ ਦੇ ਭਾਵ-ਵਿਅਕਤ ਕਰਨ ਵਾਲੇ ਸ਼ਬਦ 'ਅੱਛਾ' ਨੂੰ ਵੀ ਔਕਸਫੋਰਡ ਨੇ ਆਪਣੇ ਸ਼ਬਦ ਕੋਸ਼ ਵਿਚ ਸ਼ਾਮਲ ਕਰ ਲਿਆ ਹੈ। ਔਕਸਫੋਰਡ ਅੰਗਰੇਜ਼ੀ ਸ਼ਬਦ ਕੋਸ਼ ਵਿਚ ਇਸ ਵਾਰ ਸ਼ਾਮਲ ਹੋਏ ਪ੍ਰਮੁੱਖ ਸ਼ਬਦ ਹਨ- ਬਦਮਾਸ਼, ਭੇਲਪੁਰੀ, ਗਾਂਜਾ (ਨਸ਼ਾ), ਘੀ, ਕੀਮਾ, ਮਸਾਲਾ, ਪਾਪੜ, ਪੂਰੀ, ਗੁਲਾਬ ਜਾਮਣ, ਸੂਰਿਆ ਨਮਸਕਾਰ ਆਦਿ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ 'ਚ ਅਨੁਵਾਦ

**ਪਟਿਆਲਾ:** ਸਿੱਖ ਵਿਦਵਾਨ ਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਰਤਨ ਸਿੰਘ ਜੱਗੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ 'ਚ ਅਨੁਵਾਦ ਕੀਤਾ ਹੈ। ਇਹ ਅਨੁਵਾਦ ਪੰਜ ਭਾਗਾਂ ਵਿਚ ਹੋਇਆ ਹੈ। ਇਹ ਸਾਰੇ ਭਾਗ ਫਿਲਹਾਲ ਛਪਣ ਲਈ ਪ੍ਰੈਸ ਵਿਚ ਹਨ। ਪ੍ਰੋ. ਜੱਗੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜ਼ਿੰਦਗੀ ਦੇ 55 ਵਰ੍ਹੇ ਇਸ ਕੰਮ ਵਿਚ ਲਾਏ ਹਨ। ਉਨ੍ਹਾਂ ਨੂੰ ਇਸ ਲਈ ਬੇਹੱਦ ਸਕੂਨ ਮਿਲਿਆ ਹੈ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੰਜਾਬੀ 'ਚ ਵਿਆਖਿਆ ਤੇ ਅਨੁਵਾਦ ਕੀਤਾ ਸੀ।

ਇਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਅਨੁਵਾਦ ਸਾਬਕਾ ਪ੍ਰੋ. ਜੋਗਾ ਸਿੰਘ ਤੇ ਮਨਮੋਹਨ ਸਿੰਘ ਸਹਿਗਲ ਨੇ ਕੀਤਾ ਹੈ। ਪ੍ਰੋ. ਜੱਗੀ ਨੇ ਕਿਹਾ ਕਿ ਉਨ੍ਹਾਂ ਹਿੰਦੀ ਦੇ ਅਨੁਵਾਦ ਤੇ ਵਿਆਖਿਆਵਾਂ ਪੜ੍ਹੀਆਂ ਸਨ ਪਰ ਉਹ ਸੰਤੁਸ਼ਟ ਨਹੀਂ ਸੀ। ਇਸੇ ਲਈ ਉਨ੍ਹਾਂ ਮੁੜ ਤਰਜਮਾ ਕੀਤਾ ਹੈ। ਦੱਸਣਯੋਗ ਹੈ ਕਿ ਪ੍ਰੋ. ਜੱਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਾਈਫ ਟਾਈਮ ਫੈਲੋ ਹਨ। ਉਨ੍ਹਾਂ 1963 'ਚ ਦਸਮ ਗ੍ਰੰਥ ਉਤੇ ਪੀ.ਐਚ.ਡੀ. ਕੀਤੀ ਸੀ। ਇਸ ਸਬੰਧੀ ਉਦੋਂ ਵਿਵਾਦ ਵੀ ਹੋਇਆ ਸੀ ਕਿਉਂਕਿ 1999 'ਚ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਜੱਗੀ ਨੇ ਦਸਮ ਗ੍ਰੰਥ ਦੀ ਵਿਆਖਿਆ ਆਪਣੇ ਨਾਂ 'ਤੇ ਜਾਰੀ ਕੀਤੀ ਸੀ।

# ਗੁਰਦੁਆਰੇ ਉਤੇ ਕਬਜ਼ਾ ਕਰਨ ਆਏ ਨਿਹੰਗ ਪਿੰਡ ਵਾਸੀਆਂ ਨੇ ਭਜਾਏ

**ਮੋਗਾ:** ਪਿੰਡ ਸੱਦ ਸਿੰਘ ਵਾਲਾ ਦੇ ਗੁਰਦੁਆਰਾ ਮੰਜੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਲਈ ਦੋ ਧੜਿਆਂ ਦੇ ਵਿਵਾਦ ਵਿਚ ਨਿਹੰਗਾਂ ਵੱਲੋਂ ਗੁਰਦੁਆਰੇ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਪਿੱਛੋਂ ਪਿੰਡ ਵਾਸੀਆਂ ਤੇ ਨਿਹੰਗਾਂ ਦੀ ਝੜਪ ਹੋ ਗਈ ਤੇ ਨਿਹੰਗਾਂ ਨੂੰ ਭੱਜਣ ਲਈ ਮਜਬੂਰ ਹੋਣਾ ਪਿਆ। ਪੁਲਿਸ ਨੇ ਨਿਹੰਗਾਂ ਦੀ 12 ਬੋਰ ਬੰਦੂਕ ਅਤੇ ਸਕਾਰਪੀਓ ਗੱਡੀ ਕਬਜ਼ੇ ਵਿਚ ਲੈ ਲਈ।

ਪਿੰਡ ਦੇ ਗੁਰਦੁਆਰੇ ਵਿਚ ਦੋ ਗੱਡੀਆਂ ਵਿਚ ਹਥਿਆਰਾਂ ਨਾਲ ਨਿਹੰਗ ਪਹੁੰਚੇ ਤਾਂ ਰੋਹ ਵਿਚ ਆਈ ਪਿੰਡ ਦੀ ਸੰਗਤ ਨਾਲ ਝੜਪ ਹੋ ਗਈ। ਇਸ ਮੌਕੇ ਨਿਹੰਗ ਸਿੰਘ ਆਪਣੀ ਬੰਦੂਕ ਤੇ ਸਕਾਰਪੀਓ ਛੱਡ ਕੇ ਦੌੜ ਗਏ। ਲੋਕਾਂ ਦੋਸ਼ ਲਾਇਆ ਕਿ ਨਿਹੰਗ ਸਿੰਘਾਂ ਨੇ ਦਹਿਸ਼ਤ ਪੈਦਾ ਕਰਨ ਲਈ ਹਵਾਈ ਫਾਇਰ ਵੀ ਕੀਤੇ। ਦੱਸ ਦਈਏ ਕਿ ਗੁਰਦੁਆਰਾ ਕਮੇਟੀ ਲਈ ਤਕਰੀਬਨ ਛੇ ਮਹੀਨੇ ਤੋਂ ਦੋ ਧੜੇ ਆਹਮੋ-ਸਾਹਮਣੇ ਹਨ।

ਦੋਵਾਂ ਧਿਰ ਨੇ ਆਪਣੀ ਪ੍ਰਬੰਧਕ ਕਮੇਟੀ ਬਣਾ ਲਈ ਤੇ ਬੀਤੀ 23 ਜੁਲਾਈ ਨੂੰ ਦੋਵਾਂ ਧਿਰਾਂ ਨੇ ਗੋਲਕ ਨੂੰ ਤਾਲੇ ਲਾ ਦਿੱਤੇ ਸਨ। ਡੇਢ ਮਹੀਨਾ ਪਹਿਲਾਂ 10 ਸਤੰਬਰ ਨੂੰ ਕਾਂਗਰਸ ਵਿਧਾਇਕ ਡਾਕਟਰ ਹਰਜੋਤ ਕਮਲ ਸਮਝੌਤਾ ਕਰਾਉਣ ਗਏ ਤਾਂ ਉਥੇ ਗੁਰਦੁਆਰੇ ਵਿਖੇ ਹੀ ਦੋਵੇਂ ਧਿਰਾਂ ਦੀ ਝੜਪ ਹੋ ਗਈ। ਉਸ ਪਿੱਛੋਂ ਪੁਲਿਸ ਨੇ ਦੋਵਾਂ ਧਿਰਾਂ ਦੇ 35 ਜਣਿਆਂ ਖਿਲਾਫ ਕੇਸ ਦਰਜ ਕੀਤਾ ਸੀ। ਫਿਰ ਇਕ ਧਿਰ ਨੇ ਨਿਹੰਗਾਂ ਨੂੰ ਇਸ ਗੁਰਦੁਆਰੇ ਦੀ ਸੇਵਾ ਲਈ ਆਖ ਦਿੱਤਾ।

ਮਿਸ਼ੀਗਨ ਵਿਚ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਹੈ, ਯਾਦ ਰੱਖੋ
ਰਾਜ ਸਿਆਨ
Your Neighborhood Realtor


Cell: 734-725-9380
734-890-1767
RajSyan@realestateone.com
www.rajsyan.com
REALTOR® EQUAL HOUSING LENDER
217 W. Ann Arbor Rd., Ste.# 102,
Plymouth, MI 48170

Raj Syan, Realtor

# ਗੁਰਦੁਆਰਾ ਇਲੀਨਾਏ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

## ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ



ਸਿੱਖ ਕੌਮ ਦੇ ਸ਼੍ਰੋਮਣੀ ਕੀਰਤਨੀਏ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਇਸ ਮਹਾਨ ਪੁਰਬ 'ਤੇ ਸੰਗਤਾਂ ਨੂੰ ਗੁਰੂ ਕੇ ਸ਼ਬਦ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਤੌਰ 'ਤੇ ਪੁਜ ਰਹੇ ਹਨ। ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਹਾਜਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲੈ ਕੇ ਜੀਵਨ ਸਫਲਾ ਕਰੋ ਜੀ।



### ਪ੍ਰੋਗਰਾਮਾਂ ਦਾ ਵੇਰਵਾ

**1 ਨਵੰਬਰ, ਬੁਧਵਾਰ ਸ਼ਾਮ**
ਕੀਰਤਨ ਭਾਈ ਮਹਿੰਦਰ ਸਿੰਘ, ਭਾਈ ਜਸਵੰਤ ਸਿੰਘ 7 ਤੋਂ 7:20 ਵਜੇ ਤਕ
ਕੀਰਤਨ ਭਾਈ ਹਰਜਿੰਦਰ ਸਿੰਘ ਜੀ 7:20 ਤੋਂ 8:30 ਵਜੇ ਤਕ

**3 ਨਵੰਬਰ, ਸ਼ੁਕਰਵਾਰ ਸ਼ਾਮ**
ਕੀਰਤਨ ਭਾਈ ਮਹਿੰਦਰ ਸਿੰਘ, ਭਾਈ ਜਸਵੰਤ ਸਿੰਘ 7 ਤੋਂ 7:20 ਵਜੇ ਤਕ
ਕੀਰਤਨ ਭਾਈ ਹਰਜਿੰਦਰ ਸਿੰਘ ਜੀ 7:20 ਤੋਂ 8:30 ਵਜੇ ਤਕ

**4 ਨਵੰਬਰ, ਸਨਿਚਰਵਾਰ**
ਸਵੇਰੇ: ਆਸਾ ਕੀ ਵਾਰ ਕੀਰਤਨ
ਭਾਈ ਮਹਿੰਦਰ ਸਿੰਘ, ਭਾਈ ਜਸਵੰਤ ਸਿੰਘ 7 ਤੋਂ 8:30 ਵਜੇ ਤਕ
ਕੀਰਤਨ ਭਾਈ ਹਰਜਿੰਦਰ ਸਿੰਘ ਜੀ 8:30 ਤੋਂ 9:15 ਵਜੇ ਤਕ
ਸ਼ਾਮ: ਕੀਰਤਨ ਭਾਈ ਮਹਿੰਦਰ ਸਿੰਘ, ਭਾਈ ਜਸਵੰਤ ਸਿੰਘ 7 ਤੋਂ 7:30 ਵਜੇ ਤਕ
ਕੀਰਤਨ ਭਾਈ ਹਰਜਿੰਦਰ ਸਿੰਘ ਜੀ 7:30 ਤੋਂ 8:45 ਵਜੇ ਤਕ

**5 ਨਵੰਬਰ, ਐਤਵਾਰ**
ਨਾਮ ਸਿਮਰਨ ਸਵੇਰੇ 7:30 ਤੋਂ 9 ਵਜੇ ਤਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9 ਤੋਂ 9:30 ਵਜੇ ਤਕ
ਕੀਰਤਨ ਭਾਈ ਮਹਿੰਦਰ ਸਿੰਘ, ਭਾਈ ਜਸਵੰਤ ਸਿੰਘ 9:30 ਤੋਂ 11:10 ਵਜੇ ਤਕ
ਕੀਰਤਨ ਗੁਰਮਤਿ ਸਕੂਲ ਦੇ ਬੱਚੇ 11:10 ਤੋਂ 11:30 ਵਜੇ ਤਕ
ਕੀਰਤਨ ਭਾਈ ਹਰਜਿੰਦਰ ਸਿੰਘ ਜੀ 11:30 ਤੋਂ 1:00 ਵਜੇ ਤਕ

**ਬੇਨਤੀ ਕਰਤਾ: ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਵ੍ਹੀਟਨ**

## ILLINOIS SIKH COMMUNITY CENTER

2131 Creekside Drive, Wheaton, IL 60189, Ph: 630.510.9700
www.ilscc.com e-mail: ilsccwheaton@gmail.com

# ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਘਟ ਰਹੀ ਹੈ ਸਿੱਖ ਯਾਤਰੀਆਂ ਦੀ ਰੁਚੀ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਭਾਰਤ ਤੋਂ ਭੇਜੇ ਜਾਂਦੇ ਜਥਿਆਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਿੱਸੇ ਆਉਂਦੇ ਕੋਟੇ ਵਿਚੋਂ ਸਿੱਖ ਤੀਰਥ ਯਾਤਰੀਆਂ ਦੀ ਗਿਣਤੀ ਦਿਨੋਂ ਦਿਨ ਘਟਦੀ ਜਾ ਰਹੀ ਹੈ, ਜਿਸ ਦਾ ਮੁੱਖ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਇਸ ਪ੍ਰਤੀ ਗੰਭੀਰਤਾ ਨਾ ਦਿਖਾਏ ਜਾਣਾ ਸਮਝਿਆ ਜਾ ਰਿਹਾ ਹੈ।

ਇਕ ਦਹਾਕਾ ਪਹਿਲਾਂ ਚਾਹਵਾਨ ਸ਼ਰਧਾਲੂਆਂ ਵੱਲੋਂ ਸਿਫਾਰਸ਼ਾਂ ਸਮੇਤ ਵੱਡੀ ਗਿਣਤੀ ਵਿਚ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਂਦੇ ਸਨ, ਪਰ ਕੁਝ ਵਰ੍ਹਿਆਂ ਤੋਂ ਬਹੁਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਧਰਮ ਪ੍ਰਚਾਰ ਵੱਲ ਧਿਆਨ ਘੱਟ ਤੇ ਸਿਆਸਤ ਵੱਲ ਵਧੇਰੇ ਦਿੱਤੇ ਜਾਣ ਕਾਰਨ ਪਾਕਿਸਤਾਨ ਜਾਣ ਲਈ ਦਰਖਾਸਤਾਂ ਭੇਜਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਭਾਰਤ ਤੋਂ ਸਾਲ ਵਿਚ ਚਾਰ ਵਾਰ ਸਿੱਖ ਯਾਤਰੀ ਜਥੇ ਪਾਕਿਸਤਾਨ ਭੇਜੇ ਜਾਂਦੇ ਹਨ।

ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਭਾਰਤ ਤੋਂ 3-3 ਹਜ਼ਾਰ ਦੇ ਵੱਡੇ ਜਥੇ ਜਾਂਦੇ ਹਨ, ਜਦਕਿ ਸ਼ਹੀਦੀ ਪੁਰਬ ਮੌਕੇ ਇਕ ਹਜ਼ਾਰ ਤੇ ਸ਼ੇਰ-ਏ-ਪੰਜਾਬ ਦੀ ਬਰਸੀ ਮੌਕੇ 750 ਯਾਤਰੀਆਂ ਦੇ ਜਥੇ ਹੁੰਦੇ ਹਨ। ਮਿਲੇ ਵੇਰਵਿਆਂ ਅਨੁਸਾਰ ਵਿਸਾਖੀ ਅਤੇ ਨਵੰਬਰ ਵਿਚ ਪ੍ਰਕਾਸ਼ ਪੁਰਬ ਮੌਕੇ ਭਾਰਤ ਤੋਂ ਜਾਣ ਵਾਲੇ ਜਥਿਆਂ ਦੇ 3 ਹਜ਼ਾਰ ਦੇ ਕੋਟੇ ਵਿਚੋਂ ਸਭ ਤੋਂ ਵੱਧ ਸਿੱਖ ਯਾਤਰੀਆਂ ਦਾ ਕੋਟਾ 1800 ਸ਼੍ਰੋਮਣੀ ਕਮੇਟੀ (ਪੰਜਾਬ) ਕੋਲ ਹੈ ਜਦਕਿ ਦੂਜੇ ਨੰਬਰ ਉਤੇ ਦਿੱਲੀ (ਦਿੱਲੀ ਸਿੱਖ ਗੁਰਦੁਆਰਾ ਕਮੇਟੀ)-555, ਤੀਜੇ ਨੰਬਰ ਉਤੇ ਹਰਿਆਣਾ-200 ਹੈ।

90 ਦੇ ਕੋਟੇ ਨਾਲ ਮਹਾਰਾਸ਼ਟਰ ਚੌਥੇ ਤੇ ਰਾਜਸਥਾਨ-50 ਨਾਲ ਪੰਜਵੇਂ ਨੰਬਰ ਉਤੇ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਯੂ.ਟੀ. ਲਈ 45, ਆਂਧਰਾ ਪ੍ਰਦੇਸ਼ -25, ਬਿਹਾਰ-14, ਛੱਤੀਸਗੜ੍ਹ-20, ਗੁਜਰਾਤ-15, ਹਿਮਾਚਲ ਪ੍ਰਦੇਸ਼-15, ਜੰਮੂ ਕਸ਼ਮੀਰ -40, ਝਾਰਖੰਡ ਤੋਂ 16, ਕਰਨਾਟਕਾ, ਮੱਧ ਪ੍ਰਦੇਸ਼ ਤੇ ਉੜੀਸਾ ਤੋਂ 10-10, ਉਤਰ ਪ੍ਰਦੇਸ਼-35, ਉਤਰਾਂਚਲ ਪ੍ਰਦੇਸ਼-25 ਤੇ ਪੱਛਮੀ ਬੰਗਾਲ-5 ਤੇ ਰਾਖਵਾਂ ਕੋਟਾ-20 ਤੀਰਥ ਯਾਤਰੀ ਸ਼ਾਮਲ ਹੁੰਦੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਚਾਹਵਾਨ ਸ਼ਰਧਾਲੂਆਂ ਤੋਂ ਦੋ ਮਹੀਨੇ ਪਹਿਲਾਂ ਪਾਸਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਹਰ ਸ਼੍ਰੋਮਣੀ ਕਮੇਟੀ ਮੈਂਬਰ 7 ਸ਼ਰਧਾਲੂਆਂ ਦੇ ਨਾਵਾਂ ਦੀ ਸਿਫਾਰਸ਼ ਕਰ ਸਕਦਾ ਹੈ ਤੇ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਹੋਰ ਸੀਨੀਅਰ ਅਧਿਕਾਰੀ ਵੀ ਆਪਣੀ ਸਿਫਾਰਸ਼ ਕਰ ਸਕਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ 170 ਤੋਂ ਵਧੇਰੇ ਮੈਂਬਰ ਤੇ ਅਨੇਕਾਂ ਸੀਨੀਅਰ ਅਧਿਕਾਰੀ ਹੋਣ ਦੇ ਬਾਵਜੂਦ ਪਾਕਿਸਤਾਨ ਗੁਰਧਾਮ ਯਾਤਰਾ 'ਤੇ ਜਾਣ ਸਬੰਧੀ ਯੋਗ ਪ੍ਰਚਾਰ ਨਾ ਕੀਤੇ ਜਾਣ ਕਾਰਨ ਸ਼ਰਧਾਲੂਆਂ ਦੀ ਗਿਣਤੀ ਘਟ ਰਹੀ ਹੈ।

ਸੰਗਤ ਦਾ ਰੁਝਾਨ ਘੱਟ ਹੋਣ ਦਾ ਕਾਰਨ ਸੁਰੱਖਿਆ ਏਜੰਸੀਆਂ ਵੱਲੋਂ ਕੀਤੀ ਜਾਂਦੀ ਬੇਲੋੜੀ ਦੇਰੀ ਅਤੇ ਪਾਕਿ ਦੂਤਾਵਾਸ ਵੱਲੋਂ ਹਮੇਸ਼ਾ ਇਕ-ਦੋ ਦਿਨ ਪਹਿਲਾਂ ਹੀ ਵੀਜ਼ਾ ਜਾਰੀ ਕਰਨ ਕਰ ਕੇ ਪੰਜਾਬ ਦੇ ਦੂਰ ਦੁਰਾਡੇ ਰਹਿੰਦੇ ਸ਼ਰਧਾਲੂਆਂ ਨੂੰ ਤਿਆਰੀ ਕਰਨ ਵਿਚ ਭਾਰੀ ਮੁਸ਼ਕਲ ਪੇਸ਼ ਆਉਣਾ ਵੀ ਹੈ। ਜਾਣਕਾਰੀ ਅਨੁਸਾਰ 2014 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਿਰਫ 1114 ਯਾਤਰੀ ਭੇਜੇ ਗਏ ਸਨ ਤੇ ਇਸ ਵਾਰ 2 ਨਵੰਬਰ ਨੂੰ ਜਾਣ ਵਾਲੇ ਜਥੇ ਲਈ 947 ਨਾਵਾਂ ਦੀ ਸੂਚੀ ਭੇਜੀ ਗਈ ਹੈ। ਕਈ ਸਿੱਖ ਸੰਸਥਾਵਾਂ ਦੀ ਮੰਗ ਹੈ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਾਕਿ ਜਾਣ ਵਾਲੇ ਸਿੱਖ ਤੀਰਥ ਯਾਤਰੀਆਂ ਨੂੰ ਹੱਜ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਵਾਂਗ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਕਿ ਉਹ ਆਪਣੇ ਵਿੱਛੜੇ ਗੁਰਧਾਮਾਂ ਦੀ ਯਾਤਰਾ ਆਸਾਨੀ ਨਾਲ ਕਰ ਸਕਣ।



## ਪਾਕਿਸਤਾਨ ਵਿਚ ਸਿੱਖ ਮੈਰਿਜ ਐਕਟ ਨੂੰ ਮਨਜ਼ੂਰੀ

**ਲਾਹੌਰ:** ਪਾਕਿਸਤਾਨ ਦੇ ਸਿੱਖਾਂ ਲਈ ਇਹ ਵੱਡੀ ਮਾਣ ਵਾਲੀ ਗੱਲ ਹੈ ਕਿ ਲਹਿੰਦੇ ਪੰਜਾਬ ਦੀ ਵਿਧਾਨ ਸਭਾ ਵਿਚ ਸਿੱਖ ਮੈਰਿਜ ਐਕਟ ਦੇ ਮਤੇ ਨੂੰ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ ਹੈ। ਇਸ ਬਾਰੇ ਸਾਰੀਆਂ ਧਿਰਾਂ ਨੇ ਆਪਣੀ ਸਹਿਮਤੀ ਪ੍ਰਗਟਾਈ ਹੈ। ਲਹਿੰਦੇ ਪੰਜਾਬ ਦੀ ਵਿਧਾਨ ਸਭਾ ਵਿਚ ਪਾਕਿਸਤਾਨ ਸਿੱਖ ਮੈਰਿਜ ਐਕਟ ਦਾ ਮਤਾ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ ਹੈ ਅਤੇ ਅਸੈਂਬਲੀ ਨੇ ਇਸ ਮਸਲੇ ਉਤੇ ਕਿਹਾ ਕਿ ਪੂਰੀ ਦੁਨੀਆਂ ਵਿਚ ਪਾਕਿਸਤਾਨ ਅਜਿਹਾ ਪਹਿਲਾ ਦੇਸ਼ ਹੋਵੇਗਾ, ਜਿਥੇ ਆਨੰਦ ਮੈਰਿਜ ਐਕਟ ਲਾਗੂ ਹੋਵੇਗਾ। ਅਜਿਹਾ ਅਜੇ ਤੱਕ ਭਾਰਤ ਵਿਚ ਵੀ ਨਹੀਂ ਹੋ ਸਕਿਆ, ਜਿਥੇ ਵੱਡੀ ਗਿਣਤੀ ਵਿਚ ਸਿੱਖ ਵੱਸਦੇ ਹਨ। ਪਾਕਿਸਤਾਨ ਮੁਸਲਿਮ ਲੀਗ-ਐਨ. ਵੱਲੋਂ ਮੈਂਬਰ ਪ੍ਰੋਵਿੰਸ਼ੀਅਲ ਤੇ ਪੰਜਾਬ ਅਸੈਂਬਲੀ ਦੇ ਪਹਿਲੇ ਸਿੱਖ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਵਿਧਾਨ ਸਭਾ ਵਿਚ ਸਿੱਖ ਮੈਰਿਜ ਐਕਟ ਦਾ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਮੈਨੂੰ ਆਸ ਹੈ ਕਿ ਇਸ ਬਿੱਲ ਦੇ ਪਾਸ ਹੋਣ ਵਿਚ ਸਾਰੇ ਮੈਂਬਰ ਮੇਰਾ ਸਾਥ ਦੇਣਗੇ। ਭਾਵੇਂ ਸਿੱਖਾਂ ਨੂੰ ਵਿਆਹ ਰਜਿਸਟਰ ਕਰਨ ਦੀ ਕਾਨੂੰਨੀ ਮਾਨਤਾ ਹੈ, ਪਰ ਜਿਥੋਂ ਤੱਕ ਗੱਲ ਧਰਮ ਦੀ ਹੈ, ਉਨ੍ਹਾਂ ਲਈ ਆਨੰਦ ਮੈਰਿਜ ਐਕਟ ਲਾਗੂ ਹੋਣਾ ਲਾਜ਼ਮੀ ਹੈ ਤੇ ਇਹ ਸਮੇਂ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਬੱਚਿਆਂ ਨੂੰ ਇਸ ਐਕਟ ਦੀ ਅਣਹੋਂਦ ਕਾਰਨ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਸ ਦੇ ਪਾਸ ਹੋਣ ਨਾਲ ਉਨ੍ਹਾਂ ਨੂੰ ਕਾਨੂੰਨੀ ਤੌਰ ਉਤੇ ਇਕ ਵੱਖਰੀ ਪਛਾਣ ਮਿਲੇਗੀ, ਜਿਵੇਂ ਇਸ ਸਮੇਂ ਪਾਕਿਸਤਾਨ ਦੇ ਮੁਸਲਮਾਨ ਭਾਈਚਾਰੇ ਕੋਲ ਹੈ।



# ਲੰਗਰ ਵਿਚ ਵਰਤਣਗੀਆਂ ਜੈਵਿਕ ਸਬਜ਼ੀਆਂ

**ਕੀਰਤਪੁਰ ਸਾਹਿਬ:** ਹੁਣ ਸਥਾਨਕ ਗੁਰਦੁਆਰਾ ਪਤਾਲਪੁਰੀ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰਾਂ ਵਿਚ ਸ਼ਰਧਾਲੂਆਂ ਨੂੰ ਜੈਵਿਕ ਖੇਤੀ ਵਾਲੀਆਂ ਸਬਜ਼ੀਆਂ ਵਰਤਾਈਆਂ ਜਾਣਗੀਆਂ।

ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਰਤਪੁਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਰੋਜ਼ਾਨਾ ਆਉਣ ਵਾਲੇ ਵੱਡੀ ਗਿਣਤੀ ਸ਼ਰਧਾਲੂਆਂ ਦੀ ਸਹੂਲਤ ਲਈ ਗੁਰਦੁਆਰਾ ਪਤਾਲਪੁਰੀ ਸਾਹਿਬ ਨੇੜੇ ਸਥਿਤ ਫਾਰਮ ਵਿਚ ਡੇਢ ਏਕੜ ਥਾਂ ਵਿਚ ਜੈਵਿਕ ਖੇਤੀ ਕਰ ਕੇ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਜਿਵੇਂ ਬੈਂਗਣ, ਬੈਂਗਣੀ, ਭਿੰਡੀਆਂ, ਤੋਰੀਆਂ ਤੇ ਕੱਦੂ ਆਦਿ ਦੀ ਭਰਪੂਰ ਪੈਦਾਵਾਰ ਕਰ ਕੇ ਪਹਿਲੀ ਵਾਰ ਕੀਤਾ ਗਿਆ ਪ੍ਰਯੋਗ ਪੂਰੀ ਤਰ੍ਹਾਂ ਸਫਲ ਰਿਹਾ ਹੈ। ਇਹੀ ਨਹੀਂ ਇਸ ਪੈਦਾਵਾਰ ਨਾਲ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਲੰਗਰ ਵਿਚ ਸੰਗਤ ਨੂੰ ਲੰਗਰ ਵੀ ਵਰਤਾਇਆ ਜਾਂਦਾ ਰਿਹਾ ਹੈ। ਇਹੀ ਕਾਰਨ ਹੈ ਕਿ ਅਗਲੇ ਸਾਲ ਸ਼੍ਰੋਮਣੀ ਕਮੇਟੀ ਨੇ ਡੇਢ ਏਕੜ ਵਿਚ ਹੋਣ ਵਾਲੀ ਜੈਵਿਕ ਖੇਤੀ ਦੇ ਟੀਚੇ ਨੂੰ ਵਧਾ ਕੇ ਪੰਜ ਤੋਂ 10 ਏਕੜ ਦੇ ਰਕਬੇ ਤੱਕ ਪਹੁੰਚਾਉਣ ਦਾ ਫੈਸਲਾ ਲਿਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਜੋ ਖੁਦ ਖੇਤੀਬਾੜੀ ਵਿਸ਼ੇ ਵਿਚ ਬੀ.ਐਸ.ਸੀ. ਹਨ, ਨੇ ਦੱਸਿਆ ਕਿ ਪ੍ਰੋ. ਬਡੂੰਗਰ, ਭਾਈ ਅਮਰਜੀਤ ਸਿੰਘ ਚਾਵਲਾ ਅਤੇ ਉਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਲੋੜੀਂਦੀ ਥਾਂ ਦੀ ਨਿਸ਼ਾਨਦੇਹੀ ਕਰ ਲਈ ਹੈ ਅਤੇ ਹਰ ਹਾਲ ਵਿਚ ਜੈਵਿਕ ਖੇਤੀ ਨਾਲ ਤਿਆਰ ਸਬਜ਼ੀਆਂ ਹੀ ਸੰਗਤ ਨੂੰ ਲੰਗਰ ਵਿਚ ਵਰਤਾਈਆਂ ਜਾਣਗੀਆਂ।

# ਤਖਤ ਕੇਸਗੜ੍ਹ ਦੇ ਜਥੇਦਾਰ ਦੀ ਸੁਰੱਖਿਆ ਘਟਾਈ

**ਸ੍ਰੀ ਆਨੰਦਪੁਰ ਸਾਹਿਬ:** ਸੂਬੇ ਵਿਚ ਸੱਤਾ ਪਰਿਵਰਤਨ ਮਗਰੋਂ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਸੁਰੱਖਿਆ ਛਤਰੀ ਦੀ ਸਮੀਖਿਆ ਕਰਦਿਆਂ ਪੰਜਾਬ ਪੁਲਿਸ ਨੇ ਸਭ ਤੋਂ ਪਹਿਲਾ ਝਟਕਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੂੰ ਦਿੰਦਿਆਂ ਉਨ੍ਹਾਂ ਨਾਲ ਤਾਇਨਾਤ ਸੁਰੱਖਿਆ ਅਮਲੇ ਦੀ ਗਿਣਤੀ ਘਟਾ ਕੇ ਸਿਰਫ ਦੋ ਕਰ ਦਿੱਤੀ ਹੈ।

ਪੰਜਾਬ ਪੁਲਿਸ ਨੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨਾਲ ਸੁਰੱਖਿਆ ਅਮਲੇ ਦੇ ਸਿਰਫ ਦੋ ਮੁਲਾਜ਼ਮ ਤਾਇਨਾਤ ਕੀਤੇ ਹਨ ਜਦਕਿ ਇਸ ਤਖ਼ਤ ਦੇ ਪੁਰਾਣੇ ਜਥੇਦਾਰ ਨਾਲ ਜਿਥੇ ਦੋ ਪਾਇਲਟ ਜਿਪਸੀਆਂ ਜਾਂ ਜੀਪਾਂ ਚੱਲਦੀਆਂ ਸਨ, ਉਥੇ ਤਕਰੀਬਨ ਇਕ ਦਰਜਨ ਸੁਰੱਖਿਆ ਮੁਲਾਜ਼ਮਾਂ ਦਾ ਦਸਤਾ ਵੀ ਤਾਇਨਾਤ ਹੁੰਦਾ ਸੀ। ਸੂਤਰਾਂ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਣੇ ਤਖਤ ਦਮਦਮਾ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਨਾਲ ਪਹਿਲਾਂ ਵਾਲੀ ਤਰਜ਼ 'ਤੇ ਹੀ ਸੁਰੱਖਿਆ ਅਮਲਾ ਤਾਇਨਾਤ ਕੀਤਾ ਹੋਇਆ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਆਪਣੇ ਵੱਲੋਂ ਜਥੇਦਾਰ ਨਾਲ ਮੁਲਾਜ਼ਮਾਂ ਦਾ ਇਕ ਦਸਤਾ ਜ਼ਰੂਰ ਲਗਾਇਆ ਹੋਇਆ ਹੈ।

ਇਸ ਬਾਰੇ ਗਿਆਨੀ ਰਘੁਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਵਾਰ ਪੰਜਾਬ ਪੁਲਿਸ ਦੇ ਡੀ.ਜੀ.ਪੀ. (ਸੁਰੱਖਿਆ) ਨੂੰ ਈਮੇਲ ਰਾਹੀਂ ਅਤੇ ਜ਼ਿਲ੍ਹਾ ਪੁਲਿਸ ਮੁਖੀ, ਡੀ.ਐਸ.ਪੀ. ਅਤੇ ਐਸ.ਐਚ.ਓ. ਸ੍ਰੀ ਆਨੰਦਪੁਰ ਸਾਹਿਬ ਨੂੰ ਲਿਖਤੀ ਬੇਨਤੀ ਕੀਤੀ ਹੈ ਪਰ ਪੁਲਿਸ ਪ੍ਰਸ਼ਾਸਨ ਇਸ ਪਾਸੇ ਧਿਆਨ ਨਹੀਂ ਦੇ ਰਿਹਾ।

ਡੀ.ਐਸ.ਪੀ. ਸ੍ਰੀ ਆਨੰਦਪੁਰ ਸਾਹਿਬ ਰਮਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਪੁਰਾਣੇ ਜਥੇਦਾਰ ਕੋਲ ਵੱਧ ਸੁਰੱਖਿਆ ਇਸ ਕਰ ਕੇ ਸੀ ਕਿਉਂਕਿ ਉਸ ਵੇਲੇ ਡੇਰਾ ਵਿਵਾਦ ਚੱਲ ਰਿਹਾ ਸੀ ਜਦਕਿ ਹੁਣ ਅਜਿਹੀ ਕੋਈ ਵੀ ਗੱਲ ਨਹੀਂ ਹੈ। ਇਸ ਲਈ ਸੁਰੱਖਿਆ ਘਟਾ ਕੇ ਸਿਰਫ ਦੋ ਮੁਲਾਜ਼ਮਾਂ ਤੱਕ ਸੀਮਤ ਕਰ ਦਿੱਤੀ ਗਈ ਹੈ।



# ਗੁਰੂ ਗੋਬਿੰਦ ਸਿੰਘ ਨੇ ਸਾਂਝੀ ਸੰਸਕ੍ਰਿਤੀ ਬਚਾਉਣ ਲਈ ਸਰਬੰਸ ਵਾਰਿਆ: ਰਾਜਨਾਥ

**ਨਵੀਂ ਦਿੱਲੀ:** ਰਾਸ਼ਟਰੀ ਸਿੱਖ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਸਬੰਧੀ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਕਰਵਾਏ ਸਮਾਗਮ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇਸ਼ ਦੀ ਸੰਸਕ੍ਰਿਤੀ ਦੇ ਰਾਖੇ ਸਨ ਤੇ ਉਨ੍ਹਾਂ ਭਾਰਤੀ ਸੱਭਿਆਚਾਰ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਾਂਝੀ ਸੰਸਕ੍ਰਿਤੀ ਨੂੰ ਬਚਾਉਣ ਲਈ ਸਰਬੰਸ ਵਾਰਿਆ ਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੂੰ ਦੇਸ਼ ਆਦਰਸ਼ਕ ਵਜੋਂ ਜਾਣਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਤੋਂ ਚੱਲੀ ਪਰੰਪਰਾ ਨੂੰ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਨੇ ਸ਼ਹੀਦੀਆਂ ਤੇ ਦਸਮ ਪਾਤਸ਼ਾਹ ਨੇ ਸਰਬੰਸ ਵਾਰ ਕੇ ਨਿਭਾਇਆ।

ਰਾਜਨਾਥ ਸਿੰਘ ਨੇ ਕਿਹਾ ਕਿ ਹੁਣ ਵੀ ਦਸਮ ਪਾਤਸ਼ਾਹ ਦੇ ਸਿੱਖ ਦੇਸ਼ ਦੇ 'ਰੱਖਿਆ ਕਵਚ' ਹਨ। ਉਨ੍ਹਾਂ ਕਿਹਾ ਕਿ ਜੋ ਹਿੰਦੂ ਸਿੱਖ ਦਾ ਵਿਵਾਦ ਖੜ੍ਹਾ ਕਰਦੇ ਹਨ, ਉਨ੍ਹਾਂ ਨੂੰ ਦੱਸਿਆ ਜਾਵੇ ਕਿ ਹਿੰਦੂ ਸਿੱਖ ਭਾਈ-ਭਾਈ ਹਨ, ਸਗੋਂ ਸਿੱਖ ਵੱਡੇ ਭਰਾ ਹਨ। ਉਨ੍ਹਾਂ ਦੱਸਿਆ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਲਈ ਬਣਾਈ 'ਸਿਟ' ਨੇ ਕਈ ਮਾਮਲੇ ਮੁੜ ਖੋਲ੍ਹ ਕੇ ਜਾਂਚ ਕੀਤੀ ਤੇ ਕੁਝ ਦੀ ਜਾਂਚ ਚੱਲ ਰਹੀ ਹੈ।

ਸੌ ਤੋਂ ਵੱਧ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਕੱਟੇ ਜਾ ਚੁੱਕੇ ਹਨ ਤੇ ਅੱਗੇ ਵੀ ਇਹ ਪ੍ਰਕਿਰਿਆ ਜਾਰੀ ਹੈ। ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਗੁਰਚਰਨ ਸਿੰਘ ਗਿੱਲ ਨੇ ਕਿਹਾ ਕਿ ਸਿੱਖਾਂ ਨੇ ਮੁਗਲਾਂ ਨਾਲ ਟੱਕਰ ਲਈ ਅਫਗਾਨੀਆਂ ਜੋ ਅਮਰੀਕਾ ਵਰਗੇ ਮੁਲਕ ਤੋਂ ਕਾਬੂ ਨਹੀਂ ਹੋਏ, ਨੂੰ ਪਛਾੜਿਆ ਸੀ। ਇਸ ਮੌਕੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰੁਪਿੰਦਰ ਸਿੰਘ ਸੂਰੀ, ਨਾਮਧਾਰੀ ਸੰਪਰਦਾਇ ਵੱਲੋਂ ਠਾਕੁਰ ਦਲੀਪ ਸਿੰਘ ਤੇ ਗਿਆਨ ਦੀਪ ਪੰਡਤ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੋਹਨ ਭਾਗਵਤ ਨੂੰ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਭੇਟ ਕੀਤੀ ਗਈ। ਇਸ ਮੌਕੇ ਕਿਤਾਬ ਵੀ ਰਿਲੀਜ਼ ਕੀਤੀ ਗਈ।

ਰਾਸ਼ਟਰੀ ਸਿੱਖ ਸੰਗਤ ਦੇ ਇਸ ਸਮਾਗਮ ਦਾ ਸਿੱਖ ਸਦਭਾਵਨਾ ਦਲ (ਦਿੱਲੀ) ਵੱਲੋਂ ਵਿਰੋਧ ਕੀਤਾ ਗਿਆ ਤੇ ਸਿੱਖਾਂ ਦੇ ਇਕ ਧੜੇ ਨੂੰ ਤਾਲਕਟੋਰਾ ਸਟੇਡੀਅਮ ਵੱਲ ਜਾਣ ਤੋਂ ਰੋਕਿਆ ਗਿਆ। ਇਸ ਮੌਕੇ ਰੋਸ ਜਤਾ ਰਹੇ ਸਿੱਖਾਂ ਨੇ ਕਿਹਾ ਕਿ ਆਰ.ਐਸ.ਐਸ., ਗੁਰੂ ਗੋਬਿੰਦ ਸਿੰਘ ਨੂੰ ਦੇਸ਼ ਭਗਤ ਸਾਬਤ ਕਰਨਾ ਚਾਹੁੰਦਾ ਹੈ, ਜਦੋਂਕਿ ਦਸਮ ਪਾਤਸ਼ਾਹ ਤਾਂ ਦੁਨੀਆਂ ਦੇ 'ਮਾਲਕ' ਹਨ ਤੇ ਸਰਬੰਸ ਦਾਨੀ ਹਨ।



## ਸਮਾਗਮ 'ਚ ਸ਼ਾਮਲ ਆਗੂਆਂ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਰਾਸ਼ਟਰੀ ਸਿੱਖ ਸੰਗਤ ਵੱਲੋਂ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਕਰਾਏ ਗਏ ਸਮਾਗਮ ਵਿਚ ਸ਼ਾਮਲ ਹੋਏ ਸਿੱਖਾਂ ਖਿਲਾਫ ਕਾਰਵਾਈ ਦੀ ਮੰਗ ਸਬੰਧੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਅਕਾਲ ਤਖਤ ਦੇ ਜਥੇਦਾਰ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਉਨ੍ਹਾਂ ਨੇ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਅਕਾਲ ਤਖਤ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਪੰਥਕ ਕਾਰਵਾਈ ਦੀ ਮੰਗ ਕੀਤੀ ਹੈ। ਫੈਡਰੇਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ, ਸਤਨਾਮ ਸਿੰਘ ਕੰਡਾ ਤੇ ਹੋਰਨਾਂ ਵੱਲੋਂ ਇਹ ਪੱਤਰ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਭੁਪਿੰਦਰ ਸਿੰਘ ਨੂੰ ਸੌਂਪਿਆ ਗਿਆ।

## 'ਆਰ.ਐਸ.ਐਸ. ਨੇ ਪਾਇਆ ਸੀ ਹੁਕਮਨਾਮੇ ਬਾਰੇ ਦਬਾਅ'

**ਜਲੰਧਰ:** ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਦਾਅਵਾ ਕੀਤਾ ਹੈ ਕਿ ਆਰ.ਐਸ.ਐਸ. ਤੇ ਰਾਸ਼ਟਰੀ ਸਿੱਖ ਸੰਗਤ ਵਿਰੁੱਧ ਜਾਰੀ ਹੁਕਮਨਾਮੇ ਨੂੰ ਬਦਲਾਉਣ ਵਾਸਤੇ ਉਨ੍ਹਾਂ ਉਤੇ ਦਬਾਅ ਪਾਇਆ ਗਿਆ ਸੀ। ਉਨ੍ਹਾਂ ਇਕ ਪੰਜਾਬੀ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਰਹੇ ਮਰਹੂਮ ਰੁਲਦਾ ਸਿੰਘ ਤੇ ਉਨ੍ਹਾਂ ਨਾਲ ਇਕ-ਦੋ ਬੰਦੇ ਹੁਕਮਨਾਮਾ ਬਦਲਾਉਣ ਲਈ ਆਉਂਦੇ ਰਹੇ ਸਨ। ਜਥੇਦਾਰ ਵੇਦਾਂਤੀ ਨੇ ਇਹ ਦਾਅਵਾ ਵੀ ਕੀਤਾ ਕਿ ਹੁਕਮਨਾਮਾ ਬਦਲਾਉਣ ਲਈ ਇਕ ਵਾਰ ਨਹੀਂ, ਸਗੋਂ ਕਈ ਵਾਰ ਉਨ੍ਹਾਂ ਤੱਕ ਪਹੁੰਚ ਕੀਤੀ ਗਈ ਸੀ ਪਰ ਉਨ੍ਹਾਂ ਨੇ ਹੁਕਮਨਾਮਾ ਬਦਲਣ ਲਈ ਕਦੇ ਵੀ ਹਾਮੀ ਨਹੀਂ ਭਰੀ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਨਾਲ ਸਿੱਖ ਕੌਮ ਦਾ ਵਿਚਾਰਧਾਰਕ ਵਖਰੇਵਾਂ ਹੈ। ਜਦੋਂ ਤੱਕ ਉਹ ਆਪਣਾ ਸਿੱਖੀ ਵਿਰੋਧੀ ਏਜੰਡਾ ਰੱਦ ਨਹੀਂ ਕਰਦੇ, ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਨਾਲ ਸਹਿਮਤੀ ਨਹੀਂ ਬਣ ਸਕਦੀ।



*ਲੈਨਸਿੰਗ, ਮਿਸ਼ੀਗਨ ਦੇ ਮੇਅਰ ਦੇ ਅਹੁਦੇ ਲਈ ਉਮੀਦਵਾਰ ਐਂਡੀ ਸਕੋਰ ਅਤੇ ਸੈਨੇਟਰ ਰਿਕ ਜੋਨਜ਼ ਲੈਨਸਿੰਗ ਏਰੀਏ ਦੇ ਸਿੱਖ ਭਾਈਚਾਰੇ ਨਾਲ ਇਕ ਡਿਨਰ ਮੌਕੇ। ਜ਼ਿਕਰਯੋਗ ਹੈ ਕਿ ਮੇਅਰ ਦੀ ਚੋਣ 7 ਨਵੰਬਰ 2017, ਮੰਗਲਵਾਰ ਨੂੰ ਹੋਵੇਗੀ।*

# ਪ੍ਰੇਮਪਾਲ ਸਿੰਘ ਨੇ ਲਾਈ 5 ਘੰਟੇ 'ਚ 26 ਮੀਲ ਦੀ ਮੈਰਾਥਨ

**ਸ਼ਿਕਾਗੋ (ਬਿਊਰੋ):** ਲੇਕ ਜ਼ਿਊਰਿਕ ਨਿਵਾਸੀ 57 ਸਾਲਾ ਪ੍ਰੇਮਪਾਲ ਸਿੰਘ ਨੇ ਆਪਣੀ ਪਹਿਲੀ ਸ਼ਿਕਾਗੋ ਮੈਰਾਥਨ ਦੌੜ 26.2 ਮੀਲ 5 ਘੰਟੇ ਵਿਚ ਪੂਰੀ ਕਰਕੇ ਨੌਜਵਾਨ ਬਜ਼ੁਰਗਾਂ ਦੇ ਵਿਹੜੇ ਵਿਚ ਪੈਰ ਧਰ ਲਿਆ ਹੈ। ਇਹ ਮਾਅਰਕਾ ਉਨ੍ਹਾਂ ਲੰਘੀ 8 ਅਕਤੂਬਰ ਨੂੰ ਇਥੇ ਹੋਈ ਮੈਰਾਥਨ ਦੌੜ ਵਿਚ ਮਾਰਿਆ ਜਿਸ ਵਿਚ ਕੋਈ 40 ਹਜ਼ਾਰ ਦੌੜਾਕ ਸ਼ਾਮਲ ਹੋਏ।

ਉਹ ਸਕੂਲ/ਕਾਲਜ ਦੇ ਦਿਨਾਂ ਤੋਂ ਹੀ ਖੇਡਾਂ ਵਿਚ ਸਰਗਰਮ ਰਹੇ ਹਨ। ਇਕ ਵਾਰ ਜਦੋਂ ਉਨ੍ਹਾਂ ਨੇ ਹੋਰਾਂ ਵਾਂਗ ਹੀ ਦੌੜਨ ਵੱਲ ਆਪਣਾ ਧਿਆਨ ਦੇਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਸਾਲ 2005 ਵਿਚ ਪੈਰ ਦੀ ਅੱਡੀ ਵਿਚ ਦਰਦ ਕਾਰਨ ਮਾਯੂਸ ਹੋਣਾ ਪਿਆ। ਦੋ ਕੁ ਸਾਲ ਆਪਣਾ ਇਲਾਜ ਕਰਵਾਇਆ ਤੇ ਵਰਜਿਸ਼ ਕਰਨੀ ਸ਼ੁਰੂ ਕੀਤੀ। ਜਦੋਂ ਅੱਡੀ ਦੇ ਦਰਦ ਤੋਂ ਕੁਝ ਆਰਾਮ ਮਿਲਿਆ, ਸ਼ਾਮ ਦੀ ਸੈਰ ਤੇ 2012 ਤੋਂ ਕੁਝ ਦੌੜਨਾ ਸ਼ੁਰੂ ਕੀਤਾ। ਉਨ੍ਹਾਂ ਨੇ 2015 ਵਿਚ ਦੌੜਨ ਵਾਲੇ ਕਲੱਬ ਵਿਚ ਦਾਖਲਾ ਲੈ ਕੇ 5 ਕਿਲੋਮੀਟਰ ਦੀਆਂ ਦੌੜਾਂ ਵਿਚ ਹਿੱਸਾ ਲਿਆ ਅਤੇ 2016 ਵਿਚ ਕੁਝ ਹਾਫ ਮੈਰਾਥਨ ਦੌੜਾਂ ਦੌੜਨੀਆਂ ਸ਼ੁਰੂ ਕੀਤੀਆਂ। ਜ਼ਿਕਰਯੋਗ ਹੈ ਕਿ ਹਾਫ ਮੈਰਾਥਨ ਤੇ ਪੂਰੀ ਮੈਰਾਥਨ ਦੌੜ 'ਚ ਬਹੁਤ ਫਰਕ ਹੁੰਦਾ ਹੈ ਅਤੇ ਪੂਰੀ ਮੈਰਾਥਨ ਲਈ ਪੂਰੇ ਦਮ-ਖਮ ਦੀ ਲੋੜ ਪੈਂਦੀ ਹੈ।

ਸ. ਪ੍ਰੇਮਪਾਲ ਸਿੰਘ ਨੇ ਮੈਰਾਥਨ ਦੌੜ ਲਈ ਆਪਣਾ ਤਹੱਈਆ ਪੱਕਾ ਕਰਨ ਲਈ ਕਈਆਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਨੇ ਇਹ ਦੌੜਾਂ ਪੂਰੀਆਂ ਕੀਤੀਆਂ ਸਨ। ਇਨ੍ਹਾਂ ਵਿਚ ਸ. ਕੁਲਦੀਪ



ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਨੇ ਦੌੜਾਂ ਵਿਚ ਕਈ ਵਾਰ ਸਫਲਤਾ ਹਾਸਲ ਕੀਤੀ ਅਤੇ 72 ਸਾਲ ਦੀ ਉਮਰ ਵਿਚ ਇਸ ਸਾਲ ਵੀ ਮੈਰਾਥਨ ਦੌੜ ਵੱਧ ਤੋਂ ਵੱਧ ਲੋੜੀਂਦੇ ਸੀਮਤ ਸਮੇਂ ਤੋਂ 40 ਕੁ ਮਿੰਟ ਵਧ ਲੈ ਕੇ ਪੂਰੀ ਕੀਤੀ। ਇੰਜ ਉਤਸ਼ਾਹ ਪਾ ਕੇ ਸ. ਪ੍ਰੇਮਪਾਲ ਸਿੰਘ ਨੇ ਮੈਰਾਥਨ ਦੌੜ ਦੀ ਤਿਆਰੀ ਸ਼ੁਰੂ ਕੀਤੀ। ਤਿਆਰੀ ਵਾਸਤੇ ਬਹੁਤ ਜ਼ਿਆਦਾ ਜ਼ਾਬਤੇ, ਠੀਕ ਖੁਰਾਕ, ਗਲਾਇਕੋਜੈਨ ਲੈਵਲ ਅਤੇ ਸਟੈਮਿਨਾ ਵਧਾਉਣਾ ਜਰੂਰੀ ਹੁੰਦਾ ਹੈ ਤਾਂ ਕਿ ਲੰਮੀ ਦੌੜ ਪੂਰੀ ਕੀਤੀ ਜਾ ਸਕੇ ਅਤੇ 5-6 ਘੰਟੇ ਆਪਣੇ ਪੈਰ ਸਾਥ ਦੇ ਸਕਣ।

ਮੈਰਾਥਨ ਦਾ ਦਿਨ ਐਤਵਾਰ, 8 ਅਕਤੂਬਰ ਨੂੰ ਮੌਸਮ ਦੌੜਨ ਵਾਸਤੇ ਬਿਲਕੁਲ ਸਹੀ ਸੀ। 53 ਡਿਗਰੀ ਫਾਰਨਹੀਟ ਅਤੇ ਦੁਪਹਿਰ ਨੂੰ 73 ਡਿਗਰੀ ਪਹੁੰਚ ਗਿਆ।

ਬਹੁਤ ਸਾਰੇ ਗੁਆਂਢੀ ਨਿਵਾਸੀਆਂ ਨੇ ਆਪਣੇ ਆਪਣੇ ਦੇਸ਼ਾਂ ਦੇ ਰਿਵਾਜ਼ ਨਾਲ ਗਲੀਆਂ ਨੂੰ ਸਜਾਇਆ ਹੋਇਆ ਸੀ। ਚਾਈਨਾ ਟਾਊਨ ਦੇ ਚੀਨੀ ਅਤੇ ਸਪੈਨਿਸ਼ ਗੁਆਂਢੀ ਆਪਣੀ ਵੇਸਭੂਸਾ ਵਿਚ ਬੈਂਡ ਨਾਲ ਮਨੋਰੰਜਨ ਕਰ ਰਹੇ ਸਨ। ਦੇਖਣ ਵਾਲਿਆਂ ਨੇ 5 ਘੰਟਿਆਂ ਦੀ ਦੌੜ ਵਿਚ ਹੱਲਾਸ਼ੇਰੀ ਦੇ ਕੇ ਦੌੜਾਕਾਂ ਦਾ ਹੌਸਲਾ ਬੁਲੰਦ ਕੀਤਾ। ਲੱਖਾਂ ਦਰਸ਼ਕਾਂ ਨੇ ਦੋਹਾਂ ਸਾਈਡਾਂ 'ਤੇ ਕਤਾਰਾਂ ਬੰਨ੍ਹੀ ਅਤੇ ਹਜ਼ਾਰਾਂ ਵਾਲੰਟੀਅਰਾਂ ਨੇ ਖਾਣ ਦੇ ਪਦਾਰਥ, ਗੇਟੋਰੇਡ, ਪਾਣੀ ਜਾਂ ਹੌਸਲੇ ਦੁਆਉਣ ਦੇ ਸ਼ਬਦ 'ਤੁਸੀਂ ਠੀਕ ਕੰਮ ਕਰ ਰਹੇ ਹੋ, ਤੁਸੀਂ ਦੌੜ ਪੂਰੀ ਕਰ ਸਕਦੇ ਹੋ' ਸੈਂਕੜਿਆਂ ਵਾਰੀ ਦਿਨ ਵਿਚ ਸੁਣਾਈ ਦਿੱਤੇ। ਪ੍ਰੇਮਪਾਲ ਸਿੰਘ ਨੇ ਕਿਹਾ ਕਿ ਮੈਂ ਇਹ ਦੌੜ ਵਾਹਿਗੁਰੂ ਦੇ ਆਸ਼ੀਰਵਾਦ ਨਾਲ ਆਪਣੇ ਸੋਚੇ ਹੋਏ ਵਕਤ ਨਾਲ ਪੂਰੀ ਕੀਤੀ ਹੈ।

# ਪ੍ਰੋ. ਰਮਦੇਵ ਦਾ ਸਨਮਾਨ 4 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਵਿਦਵਾਨ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਡਿਪਟੀ ਲਾਇਬਰੇਰੀਅਨ ਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਪ੍ਰੋ. ਜਗਿੰਦਰ ਸਿੰਘ ਰਮਦੇਵ ਦੇ ਸਨਮਾਨ ਵਿਚ ਇਕ ਸਮਾਗਮ ਆਉਂਦੀ 4 ਨਵੰਬਰ, ਸਨਿਚਰਵਾਰ ਨੂੰ ਰੋਲਿੰਗ ਮੈਡੋਜ਼ ਦੇ ਸਪਾਈਸ ਗ੍ਰਿਲ ਰੈਸਟੋਰੈਂਟ (5540 ਨਿਊ ਵਿਲਕੀ ਰੋਡ) ਵਿਖੇ ਬਾਅਦ ਦੁਪਹਿਰ 2:30 ਵਜੇ ਕੀਤਾ ਜਾਵੇਗਾ।



ਜ਼ਿਕਰਯੋਗ ਹੈ ਕਿ ਪ੍ਰੋ. ਰਮਦੇਵ ਅਕਸਰ ਸਥਾਨਕ ਗੁਰਦੁਆਰਾ ਪੈਲਾਟਾਈਨ ਵਿਖੇ ਸਿੱਖ ਇਤਿਹਾਸ ਬਾਰੇ ਤਕਰੀਰ ਕਰਦੇ ਰਹਿੰਦੇ ਹਨ। ਕਰੀਬ 90 ਸਾਲ ਦੀ ਉਮਰ ਨੂੰ ਢੁੱਕੇ ਪ੍ਰੋ. ਰਮਦੇਵ ਨੇ ਹਾਲ ਹੀ ਵਿਚ ਆਪਣੀ ਬਹੁਤ ਵੱਡੀ ਲਾਇਬਰੇਰੀ ਅਤੇ 10 ਹਜ਼ਾਰ ਡਾਲਰ ਦਾ ਚੈਕ ਗੁਰਦੁਆਰਾ ਪੈਲਾਟਾਈਨ ਦੀ ਲਾਇਬਰੇਰੀ ਨੂੰ ਭੇਟ ਕੀਤਾ ਸੀ। ਸਨਮਾਨ ਸਮਾਗਮ ਬਾਰੇ ਹੋਰ ਜਾਣਕਾਰੀ ਲਈ ਠਾਕਰ ਸਿੰਘ ਬਸਾਤੀ ਫੋਨ: 847-736-6092 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


**Singh Tax & Accounting Services LLC.**

***Individual & Business Taxes, Accounting, Payroll & Financial Consulting Services.***

File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph:248-982-2036**

Fax:616-855-5575



**Mohan Singh** M.COM, MBA (Finance), ACA Master in Taxation. IRS Enrolled agent, Notary Public

**Office Locations**
38969 Cheshire Dr., Northville, MI 48167
38565 Joy Rd., Westland, MI 48185
744 Gramsie Rd, Shoreview, MN 55126

Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com



**ਗੁਰਦੁਆਰਾ ਸਿੰਘ ਸਭਾ ਆਫ ਕੈਂਟਨ ਮਿਸ਼ੀਗਨ**

3310 S. CANTON CENTER RD., CANTON, MI 48188

**ਕਥਾ ਵਿਆਖਿਆ ਸਮਾਗਮ**



**ਪ੍ਰੋਗਰਾਮ ਦਾ ਵੇਰਵਾ**

17 ਨਵੰਬਰ, ਸ਼ੁੱਕਰਵਾਰ ਸ਼ਾਮ 6:30 ਵਜੇ
18 ਨਵੰਬਰ, ਸਨਿਚਰਵਾਰ ਸਵੇਰ 9 ਵਜੇ

ਪਲਿਮਥ ਗੁਰੂ ਘਰ ਵਿਚ ਕਥਾ ਵਿਆਖਿਆ
ਸਨਿਚਰਵਾਰ ਸ਼ਾਮ ਅਤੇ ਐਤਵਾਰ ਸਵੇਰੇ



*ਭਾਈ ਸਰਬਜੀਤ ਸਿੰਘ ਧੂੰਦਾ*

ਸੰਗਤਾਂ ਨੂੰ ਬੇਨਤੀ ਹੈ ਕਿ ਉਪਰੋਕਤ ਪ੍ਰੋਗਰਾਮ ਅਨੁਸਾਰ ਗੁਰੂ ਘਰ ਪਹੁੰਚ ਕੇ ਭਾਈ ਸਰਬਜੀਤ ਸਿੰਘ ਧੂੰਦਾ ਪਾਸੋਂ ਗੁਰਬਾਣੀ ਸ਼ਬਦ ਵਿਚਾਰ ਸਰਵਣ ਕਰੋ ਜੀ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਗੁਰਦੁਆਰਾ ਸਾਹਿਬ ਫੋਨ: 734-397-7281 ਜਾਂ
ਭਾਈ ਇੰਦਰਜੀਤ ਸਿੰਘ 734-756-1610



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis , MN 55426

# ਨਵੀਂ ਟਰਾਂਸਪੋਰਟ ਨੀਤੀ ਨੇ ਪ੍ਰਾਈਵੇਟ ਬੱਸ ਮਾਲਕਾਂ ਦੀ ਮੌਜ ਲਾਈ

**ਚੰਡੀਗੜ੍ਹ:** ਪੰਜਾਬ ਦੀ ਨਵੀਂ ਟਰਾਂਸਪੋਰਟ ਨੀਤੀ ਪ੍ਰਾਈਵੇਟ ਬੱਸਾਂ ਮਾਲਕਾਂ ਦੇ ਪੱਖ ਵਿਚ ਹੈ ਜੋ ਸਰਕਾਰੀ ਬੱਸਾਂ ਲਈ ਮਾਰੂ ਸਾਬਤ ਹੋਵੇਗੀ। ਇਸ ਕਰ ਕੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਮੁਲਾਜ਼ਮਾਂ ਜਥੇਬੰਦੀਆਂ ਨਵੀਂ ਨੀਤੀ ਵਿਚ ਪ੍ਰਾਈਵੇਟ ਬੱਸ ਮਾਲਕਾਂ ਦਾ ਹਿੱਸਾ ਵਧਾਉਣ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ। ਨਵੀਂ ਨੀਤੀ ਵਿਚ ਕੌਮੀ ਮਾਰਗਾਂ ਉਤੇ ਸਰਕਾਰੀ ਟਰਾਂਸਪੋਰਟ ਦੇ ਰੂਟ 75 ਫੀਸਦੀ ਤੋਂ ਘਟਾ ਕੇ 50 ਫੀਸਦੀ ਕਰ ਦਿੱਤੇ ਹਨ।

ਇਸ ਦੇ ਨਾਲ ਜ਼ਿਲ੍ਹਾ ਅਤੇ ਹੋਰ ਰੂਟਾਂ ਉਤੇ ਪ੍ਰਾਈਵੇਟ ਟਰਾਂਸਪੋਰਟ ਦਾ ਹਿੱਸਾ 60 ਫੀਸਦੀ ਰੱਖਿਆ ਗਿਆ ਹੈ। ਇਸ ਦੇ ਨਾਲ ਸਰਕਾਰੀ ਟਰਾਂਸਪੋਰਟ ਦੇ ਅਜਾਰੇਦਾਰੀ ਵਾਲੇ 19 ਰੂਟਾਂ ਉਤੇ ਪ੍ਰਾਈਵੇਟ ਬੱਸਾਂ ਨੂੰ ਬਾਦਲ ਸਰਕਾਰ ਸਮੇਂ ਦਿੱਤੇ ਗਏ 458 ਰੂਟ ਪਰਮਿਟ ਰੱਦ ਨਹੀਂ ਕੀਤੇ ਗਏ। ਇਸ ਸਥਿਤੀ ਵਿਚ ਸਰਕਾਰੀ ਟਰਾਂਸਪੋਰਟ ਦੀ ਹਾਲਤ ਬਦਲਣੀ ਮੁਸ਼ਕਲ ਹੈ।

ਨਵੀਂ ਨੀਤੀ ਅਨੁਸਾਰ ਅੰਤਰਰਾਜੀ ਰੂਟਾਂ ਉਤੇ ਸੌ ਫੀਸਦੀ ਸਰਕਾਰੀ ਬੱਸਾਂ ਹੀ ਚੱਲਣਗੀਆਂ ਤੇ ਇਸ ਦਾ ਸਰਕਾਰੀ ਟਰਾਂਸਪੋਰਟ ਨੂੰ ਫਾਇਦਾ ਨਹੀਂ ਹੋਵੇਗਾ ਕਿਉਂਕਿ ਹਰਿਆਣਾ ਨੇ ਟੈਕਸ ਬਹੁਤ ਵਧਾ ਦਿੱਤਾ ਹੈ। ਏਟਕ ਪੰਜਾਬ ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਹਰਿਆਣਾ ਸਰਕਾਰ ਆਮ ਬੱਸਾਂ ਦਾ ਟੈਕਸ ਕਾਫੀ ਵਧਾ ਦਿੱਤਾ ਹੈ ਤੇ ਏ.ਸੀ. ਬੱਸਾਂ ਦਾ ਟੈਕਸ 8.50 ਰੁਪਏ ਤੋਂ 19.60 ਰੁਪਏ ਕਰ ਦਿੱਤਾ ਹੈ। ਇਸ ਨਾਲ ਅੰਤਰਰਾਜੀ ਰੂਟਾਂ ਉਤੇ ਬੱਸਾਂ ਚਲਾਉਣਾ ਲਾਹੇਵੰਦਾ ਧੰਦਾ ਨਹੀਂ ਰਹਿ ਗਿਆ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਇਨ੍ਹਾਂ ਰੂਟਾਂ ਉਤੇ ਵੀ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਹਿੱਸਾ ਦਿੰਦੀ ਤੇ ਕੌਮੀ ਮਾਰਗਾਂ ਉਤੇ ਸਰਕਾਰ ਟਰਾਂਸਪੋਰਟ ਦਾ ਹਿੱਸਾ 75 ਫੀਸਦੀ ਹੀ ਬਹਾਲ ਰੱਖਦੀ।




ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਵਿਧਾਨ ਸਭਾ ਚੋਣਾਂ ਸਮੇਂ ਟਰਾਂਸਪੋਰਟ ਮਾਫੀਆ ਖ਼ਤਮ ਕਰਨ ਦੇ ਨਾਂ ਉਤੇ ਸੂਬੇ ਦੇ ਲੋਕਾਂ ਵੋਟਾਂ ਲਈਆਂ ਸਨ। ਸੱਤ ਮਹੀਨੇ ਬੀਤ ਚੁੱਕੇ ਹਨ ਤੇ ਅਜੇ ਤੱਕ ਟਰਾਂਸਪੋਰਟ ਨੀਤੀ ਲਾਗੂ ਨਹੀਂ ਕੀਤੀ ਗਈ ਅਤੇ ਨਾ ਹੀ ਗੈਰਕਾਨੂੰਨੀ ਚੱਲਦੀਆਂ ਬੱਸਾਂ ਬੰਦ ਕੀਤੀਆਂ ਗਈਆਂ ਹਨ। ਪੀ.ਆਰ.ਟੀ.ਸੀ ਅਤੇ ਪੰਜਾਬ ਰੋਡਵੇਜ਼ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਨਵੀਂ ਟਰਾਂਸਪੋਰਟ ਨੀਤੀ ਦਾ ਸਖ਼ਤ ਵਿਰੋਧ ਕੀਤਾ ਹੈ।

## ਕੇਬਲ ਮਾਫੀਏ ਉਤੇ ਸਖ਼ਤੀ ਲਈ ਢਿੱਲੀ ਪਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਡੀ.ਟੀ.ਐਚ. ਅਤੇ ਕੇਬਲ ਕੁਨੈਕਸ਼ਨਾਂ ਤੋਂ ਮਨੋਰੰਜਨ ਟੈਕਸ ਉਗਰਾਹੁਣ ਦਾ ਮਾਮਲਾ ਵੀ ਲਟਕਣ ਦੇ ਆਸਾਰ ਬਣ ਗਏ ਹਨ। ਪੰਜਾਬ ਵਜ਼ਾਰਤ ਵੱਲੋਂ ਇਸ ਬਾਰੇ ਆਰਡੀਨੈਂਸ ਜਾਰੀ ਕਰਨ ਜਾਂ ਪੰਜਾਬ ਵਿਧਾਨ ਸਭਾ ਵੱਲੋਂ ਬਿੱਲ ਪਾਸ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਕੋਲੋਂ ਸਹਿਮਤੀ ਲੈਣੀ ਜ਼ਰੂਰੀ ਹੈ। ਡੀ.ਟੀ.ਐਚ. ਤੇ ਕੇਬਲ ਕੁਨੈਕਸ਼ਨਾਂ ਤੋਂ ਮਨੋਰੰਜਨ ਟੈਕਸ ਉਗਰਾਹੁਣ ਦਾ ਮਾਮਲਾ ਪਿਛਲੀ ਕੈਬਨਿਟ ਮੀਟਿੰਗ ਵਿਚ ਵਿਚਾਰ ਲਈ ਆਇਆ ਸੀ। ਇਸ ਸਬੰਧੀ ਆਰਡੀਨੈਂਸ ਤਿਆਰ ਕਰਕੇ ਰਾਜਪਾਲ ਨੂੰ ਭੇਜਣ ਦੀ ਚਰਚਾ ਹੋਈ ਤਾਂ ਮੁੱਖ ਮੰਤਰੀ ਦਫਤਰ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਬੰਧੀ ਆਰਡੀਨੈਂਸ ਜਾਰੀ ਕਰਨ 'ਚ ਤਕਨੀਕੀ ਅੜਿੱਕਾ ਹੈ। ਇਹ ਵਿਸ਼ਾ ਕਨਕਰੰਟ ਭਾਵ ਸਾਂਝੀ ਸੂਚੀ ਵਿਚ ਆਉਂਦਾ ਹੈ ਤੇ ਇਸ ਲਈ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਲਿਹਾਜ਼ਾ ਇਹ ਮਾਮਲਾ ਹਾਲ ਦੀ ਘੜੀ ਖਟਾਈ ਵਿਚ ਪੈ ਗਿਆ ਹੈ। ਇਸ ਸਬੰਧੀ ਬਿੱਲ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਵਿਚ ਲਿਆਂਦੇ ਜਾਣ ਦੇ ਆਸਾਰ ਵੀ ਮੱਧਮ ਹਨ, ਕਿਉਂਕਿ ਉਸ ਤੋਂ ਪਹਿਲਾਂ ਰਾਸ਼ਟਰਪਤੀ ਦੀ ਸਹਿਮਤੀ ਲੈਣੀ ਪਵੇਗੀ ਅਤੇ ਕਈ ਵਾਰ ਇਸ ਕੰਮ 'ਚ ਮਹੀਨਿਆਂ ਦਾ ਸਮਾਂ ਲੱਗ ਜਾਂਦਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਡੀ.ਟੀ.ਐਚ. ਅਤੇ ਕੇਬਲ ਮਾਫੀਏ ਦੇ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਉਠਾਉਂਦੇ ਰਹੇ ਹਨ। ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਕੇਬਲ ਮਾਫੀਏ ਨੂੰ ਜੜ੍ਹੋਂ ਪੁੱਟਣ ਦਾ ਅਹਿਮ ਮੁੱਦਾ ਸੀ। ਸ੍ਰੀ ਸਿੱਧੂ ਪਹਿਲਾਂ ਤਾਂ ਡੀ.ਟੀ.ਐਚ. ਕੁਨੈਕਸ਼ਨਾਂ 'ਤੇ 60 ਰੁਪਏ ਪ੍ਰਤੀ ਕੁਨੈਕਸ਼ਨ ਟੈਕਸ ਲਾਉਣ ਦੇ ਹੱਕ ਵਿਚ ਸਨ, ਪਰ ਮਗਰੋਂ ਇਸ ਨੂੰ ਘਟਾ ਕੇ ਪੰਜ ਰੁਪਏ ਕਰ ਦਿੱਤਾ ਗਿਆ।

# ਜੇਲ੍ਹ ਵਿਚ ਹਨੀਪ੍ਰੀਤ ਦੀ ਹੋ ਰਹੀ ਹੈ ਆਓ ਭਗਤ

**ਅੰਬਾਲਾ:** ਦੇਸ਼ ਧ੍ਰੋਹ ਦੇ ਇਲਜ਼ਾਮਾਂ ਹੇਠ ਅੰਬਾਲਾ ਕੇਂਦਰੀ ਜੇਲ੍ਹ ਵਿਚ ਬੰਦ ਹਨੀਪ੍ਰੀਤ ਨੂੰ ਵੀ.ਆਈ.ਪੀ. ਸਹੂਲਤਾਂ ਮਿਲ ਰਹੀਆਂ ਹਨ। ਇਸ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਹਨੀਪ੍ਰੀਤ ਦੇ ਪਰਿਵਾਰ ਦੀ ਗੱਡੀ ਜੇਲ੍ਹ ਅੰਦਰ ਦਾਖਲ ਹੋ ਜਾਂਦੀ ਹੈ। ਕਿਸੇ ਵੀ ਬਾਹਰੀ ਵਿਅਕਤੀ ਦੀ ਕਾਰ ਜੇਲ੍ਹ ਅੰਦਰ ਨਹੀਂ ਜਾ ਸਕਦੀ।

ਹਨੀਪ੍ਰੀਤ ਦਾ ਪਰਿਵਾਰ- ਭਰਾ ਸਾਹਿਲ ਤਨੇਜਾ, ਭਾਬੀ ਸੋਨਾਲੀ, ਭੈਣ ਨਿਸ਼ੂ ਤੇ ਜੀਜਾ ਸਚਿਤ ਬਜਾਜ ਚਾਰ ਬੈਗ ਲੈ ਕੇ ਮਿਲਣ ਪਹੁੰਚੇ। ਇਹ ਸਾਰੇ ਤਕਰੀਬਨ 4 ਵਜੇ ਜੇਲ੍ਹ ਅੰਦਰ ਦਾਖਲ ਹੁੰਦੇ ਹਨ ਤੇ 6 ਵਜੇ ਦੇ ਨੇੜੇ ਵਾਪਸ ਆਏ।



ਜਿਹੜੀ ਜੇਲ੍ਹ 'ਚ ਪਰਿੰਦਾ ਵੀ ਪਰ ਨਹੀਂ ਮਾਰ ਸਕਦਾ, ਉਥੇ ਕਾਰ ਲੈ ਕੇ ਜਾਣ ਤੋਂ ਬਾਅਦ ਹਰਿਆਣਾ ਪੁਲਿਸ 'ਤੇ ਸ਼ੱਕ ਹੋਣਾ ਸੁਭਾਵਿਕ ਹੈ ਕਿਉਂਕਿ ਦੂਜੇ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਨੇੜੇ ਆਉਣ ਦੀ ਵੀ ਮਨਾਹੀ ਹੁੰਦੀ ਹੈ। ਪੁਲਿਸ 'ਤੇ ਸਵਾਲ ਇਸ ਲਈ ਵੀ ਉਠਦਾ ਹੈ ਕਿ ਹਨੀਪ੍ਰੀਤ ਨੂੰ ਗ੍ਰਿਫਤਾਰ ਕਰਨ ਲਈ 7 ਰਾਜਾਂ 'ਚ ਅਲਰਟ ਜਾਰੀ ਕੀਤਾ ਹੋਇਆ ਸੀ ਪਰ ਹੁਣ ਜਦੋਂ ਉਹ ਜੇਲ੍ਹ ਵਿਚ ਬੰਦ ਹੈ ਤਾਂ ਪੁਲਿਸ ਲਾਪਰਵਾਹੀ ਦਿਖਾ ਰਹੀ ਹੈ। ਜੇਲ੍ਹ ਦੇ ਮੁੱਖ ਦਰਵਾਜ਼ੇ ਦੇ ਬਾਹਰ ਖੜ੍ਹੇ ਸੰਤਰੀ ਨੇ ਵੀ ਬਿਨਾਂ ਸਵਾਲ ਕੀਤੇ ਕਾਰ ਨੂੰ ਅੰਦਰ ਜਾਣ ਦਿੱਤਾ।

ਹਨੀਪ੍ਰੀਤ ਦੀ ਪਰਿਵਾਰ ਨਾਲ ਮੁਲਾਕਾਤ ਕਾਰਨ ਜੇਲ੍ਹ ਦੇ ਬਾਹਰ ਖੜ੍ਹੇ ਕੈਦੀਆਂ ਦਾ ਪਰਿਵਾਰਕ ਮੈਂਬਰਾਂ 'ਚ ਰੋਸ ਦੇਖਣ ਨੂੰ ਮਿਲਿਆ। ਜੇਲ੍ਹ ਦੇ ਬਾਹਰ ਦਿੱਲੀ ਦੀ ਰੇਖਾ ਆਪਣੇ ਪਤੀ ਨੂੰ ਮਿਲਣ ਪਹੁੰਚੀ ਸੀ। ਜਿਸ ਦੀ ਕੋਰਟ ਤੋਂ ਇਜਾਜ਼ਤ ਹੋਣੀ ਸੀ ਪਰ ਹਨੀਪ੍ਰੀਤ ਦੇ ਪਰਿਵਾਰ ਦੀ ਮੁਲਾਕਾਤ ਕਾਰਨ ਉਸ ਦਾ ਪਤੀ ਸ਼ਾਮ ਸਾਢੇ ਛੇ ਵਜੇ ਤੱਕ ਬਾਹਰ ਨਹੀਂ ਆ ਸਕਿਆ। ਦੱਸ ਦਈਏ ਕਿ ਰਾਮ ਰਹੀਮ ਨੂੰ ਪੰਚਕੂਲਾ ਦੀ ਸੀ.ਬੀ.ਆਈ. ਕੋਰਟ ਤੋਂ ਭਜਾਉਣ ਦੀ ਸਾਜਿਸ਼ ਰਚਣ ਤੇ ਸਜ਼ਾ ਸੁਣਾਏ ਜਾਣ ਤੋਂ ਬਾਅਦ ਭੜਕੀ ਹਿੰਸਾ ਕਾਰਨ ਹਨੀਪ੍ਰੀਤ 'ਤੇ ਦੇਸ਼ ਧ੍ਰੋਹ ਦਾ ਇਲਜ਼ਾਮ ਹੈ।

# ਪੰਜਾਬ ਵਿਚ 65 ਹਜ਼ਾਰ ਤੋਂ ਵੱਧ ਮ੍ਰਿਤਕ ਲੈ ਰਹੇ ਨੇ ਪੈਨਸ਼ਨ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਖ਼ਜ਼ਾਨਾ ਖਾਲੀ ਹੋਣ ਕਾਰਨ ਤਨਖਾਹਾਂ ਅਤੇ ਪੈਨਸ਼ਨ ਦੇਣ ਲਈ ਪੈਸੇ ਦਾ ਜੁਗਾੜ ਮੁਸ਼ਕਲ ਨਾਲ ਹੁੰਦਾ ਹੈ ਅਤੇ ਮੁਲਾਜ਼ਮ ਤੇ ਲਾਭਪਾਤਰੀ ਸੜਕਾਂ ਉਤੇ ਆ ਰਹੇ ਹਨ। ਅਜਿਹੇ ਹਾਲਾਤ ਵਿਚ ਇਕ ਖੁਲਾਸੇ ਨੇ ਸਰਕਾਰ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਜਾਂਚ ਤੋਂ ਖੁਲਾਸਾ ਹੋਇਆ ਹੈ ਕਿ 65,793 ਮ੍ਰਿਤਕ ਵੀ ਕਈ ਸਾਲਾਂ ਤੋਂ ਪੈਨਸ਼ਨ ਲੈ ਰਹੇ ਹਨ। ਹੁਣ ਸਰਕਾਰ ਨੇ ਜਾਂਚ ਦੇ ਕੰਮ ਨੂੰ ਹੋਰ ਗੰਭੀਰਤਾ ਨਾਲ ਕਰਨ ਦੇ ਹੁਕਮ ਸਮਾਜਿਕ ਸੁਰੱਖਿਆ ਵਿਭਾਗ ਨੂੰ ਦਿੱਤੇ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦਾ ਆਰਥਿਕ ਸੰਕਟ ਵੇਖਦੇ ਹੋਏ ਛੇ ਕੁ ਮਹੀਨੇ ਪਹਿਲਾਂ ਸਮਾਜਿਕ ਸੁਰੱਖਿਆ ਵਿਭਾਗ ਨੂੰ ਕਿਹਾ ਸੀ ਕਿ ਪੈਨਸ਼ਨ ਦੀ ਰਕਮ ਬਜਟ ਵਿਚੋਂ ਜਾਰੀ ਕੀਤੀ ਜਾਵੇਗੀ ਪਰ ਪਹਿਲਾਂ ਲਾਭਪਾਤਰੀਆਂ ਦੀ ਪਛਾਣ ਕੀਤੀ ਜਾਵੇ। ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿਚ ਲੱਖਾਂ ਦੀ ਗਿਣਤੀ ਵਿਚ ਫਰਜ਼ੀ ਲੋਕਾਂ ਦੇ ਕੇਸ ਪਾਸ ਹੋਏ ਸਨ। ਇਸ ਲਈ ਅਸਲੀ ਲੋੜਵੰਦਾਂ ਨੂੰ ਸਰਕਾਰ ਦੀ ਇਸ




ਸਕੀਮ ਦਾ ਲਾਭ ਨਹੀਂ ਮਿਲਦਾ। ਮੁੱਖ ਮੰਤਰੀ ਦੇ ਹੁਕਮ ਪਿੱਛੋਂ ਵਿਭਾਗ ਨੇ ਸਰਵੇਖਣ ਸ਼ੁਰੂ ਕਰਵਾਇਆ ਅਤੇ ਆਧਾਰ ਕਾਰਡ ਅਤੇ ਰਾਸ਼ਨ ਕਾਰਡ ਦੇ ਆਧਾਰ ਉਤੇ ਪਹਿਲੇ ਪੜਾਅ ਦੇ ਸਰਵੇਖਣ ਪਿੱਛੋਂ ਲਾਭਪਾਤਰੀਆਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਈ ਗਈ। ਹੁਣ ਤੱਕ ਲਗਭਗ ਦੋ ਲੱਖ ਲਾਭਪਾਤਰੀਆਂ ਦੀ ਵੈਰੀਫਿਕੇਸ਼ਨ ਵਿਚ 25 ਅਕਤੂਬਰ ਤੱਕ ਦੀ ਰਿਪੋਰਟ ਵਿਚ 65,793 ਅਜਿਹੇ ਲਾਭਪਾਤਰੀ ਨਿਕਲੇ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਨੂੰ ਪੈਨਸ਼ਨ ਦਾ ਲਾਭ ਮਿਲ ਰਿਹਾ ਸੀ। 82,533 ਲਾਭਪਾਤਰੀ ਅਜਿਹੇ ਨਿਕਲੇ, ਜੋ ਘੱਟ ਉਮਰ ਦੇ ਹੁੰਦੇ ਹੋਏ ਵੀ ਬੁਢਾਪਾ ਪੈਨਸ਼ਨ ਦਾ ਲਾਭ ਲੈ ਰਹੇ ਸਨ ਅਤੇ 45,128 ਲਾਭਪਾਤਰੀਆਂ ਦੇ ਪਤੇ ਗਲਤ ਹਨ।

# ਜੇਲ੍ਹਾਂ 'ਚ ਖੁੱਲ੍ਹੇਆਮ ਮਿਲਦਾ ਹੈ ਨਸ਼ਾ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਲਾਪਰਵਾਹੀ ਤੇ ਨਸ਼ੇ ਦੀ ਸਪਲਾਈ ਖਿਲਾਫ ਲੁਧਿਆਣਾ ਜੇਲ੍ਹ ਦੇ ਡਾਕਟਰ ਦੀ ਅਰਜ਼ੀ ਉਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ, ਡੀ.ਜੀ.ਪੀ. ਜੇਲ੍ਹ ਤੇ ਲੁਧਿਆਣਾ ਦੇ ਜੇਲ੍ਹ ਸੁਪਰਡੈਂਟ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਬੈਂਚ ਨੇ ਇਸ ਕੇਸ ਉਤੇ 24 ਨਵੰਬਰ ਲਈ ਅਗਲੀ ਸੁਣਵਾਈ ਤੈਅ ਕਰਦੇ ਹੋਏ ਜੇਲ੍ਹ ਪਹੁੰਚ ਕਰਨ ਦੀ ਗੱਲ ਵੀ ਕਹੀ ਹੈ। ਡਾਕਟਰ ਸਵਰਨਦੀਪ ਵੱਲੋਂ ਦਾਖਲ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਜੇਲ੍ਹ ਵਿਚ ਕੈਦੀਆਂ ਨੂੰ ਇਲਾਜ ਕਰਾਉਣ ਲਈ ਸਾਰੀਆਂ ਜ਼ਰੂਰੀ ਸਹੂਲਤਾਂ ਤੇ ਸਹੀ ਖਾਣਾ ਦਿੱਤਾ ਜਾਵੇ। ਨਸ਼ੀਲੇ ਪਦਾਰਥ ਜੇਲ੍ਹ ਵਿਚ ਖੁੱਲ੍ਹੇਆਮ ਮਿਲਦੇ ਹਨ। ਕੈਦੀਆਂ ਨੂੰ ਨਸ਼ੇ ਦੀ ਲੋੜ ਪਵੇ ਤਾਂ ਮਹਿੰਗੇ ਭਾਅ ਉਨ੍ਹਾਂ ਨੂੰ ਇਹ ਚੀਜ਼ਾਂ ਮਿਲ ਜਾਂਦੀਆਂ ਹਨ। ਬਿਮਾਰ ਕੈਦੀਆਂ ਨੂੰ ਹਸਪਤਾਲ ਭਰਤੀ ਨਹੀਂ ਕਰਾਇਆ ਜਾਂਦਾ, ਪਰ

## ਜੇਲ੍ਹ ਦੇ ਡਾਕਟਰ ਨੇ ਹਾਈ ਕੋਰਟ ਨੂੰ ਲਿਖੀ ਚਿੱਠੀ

ਸਿਹਤਮੰਦ ਕੈਦੀਆਂ ਤੋਂ 15 ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਹਸਪਤਾਲ ਭੇਜਿਆ ਜਾ ਰਿਹਾ ਹੈ। ਇਸ ਵਿਚ ਮਦਦ ਨਾ ਕਰਨ ਉਤੇ ਡਾਕਟਰ 'ਤੇ ਹਮਲਾ ਵੀ ਕੀਤਾ ਗਿਆ ਸੀ।ਜੇਲ੍ਹ ਵਿਚ ਨਸ਼ੇ ਸਪਲਾਈ ਦੀ ਨਿਰਪੱਖ ਜਾਂਚ ਕਰਾਈ ਜਾਏ ਤੇ ਜੇਲ੍ਹ ਵਿਚ ਕੰਮ ਕਰਦੇ ਸਟਾਫ ਦੇ ਜਾਨ-ਮਾਲ ਦੀ ਯੋਗ ਸੁਰੱਖਿਆ ਯਕੀਨੀ ਕੀਤੀ ਜਾਏ। ਡਾਕਟਰ ਨੇ ਕਿਹਾ ਕਿ ਉਨ੍ਹਾਂ ਦਾ ਕੰਮ ਜੇਲ੍ਹ ਵਿਚ ਕੈਦੀਆਂ ਦੀ ਸਿਹਤ ਜਾਂਚ ਕਰਨਾ ਹੈ। ਇਸ ਦੌਰਾਨ ਉਨ੍ਹਾਂ ਨੇ ਪਾਇਆ ਕਿ ਜੇਲ੍ਹ ਵਿਚ ਭਾਰੀ ਅਣਗਹਿਲੀਆਂ ਵਰਤੀਆਂ ਜਾਂਦੀਆਂ ਹਨ ਤੇ ਉਥੇ ਦਿੱਤਾ ਜਾਂਦਾ ਖਾਣਾ ਬਹੁਤ ਖਰਾਬ ਹੈ। ਇਹ ਖਾਣਾ ਖਾ ਕੇ ਖੁਦ ਨੂੰ ਤੰਦਰੁਸਤ ਰੱਖਣਾ ਮੁਸ਼ਕਲ ਹੈ।

# ਪੱਤਰਕਾਰ ਕੇ.ਜੇ. ਸਿੰਘ ਦੇ ਕਾਤਲ ਫੜਨ ਦਾ ਦਾਅਵਾ, ਚੋਰੀ ਹੋਇਆ ਸਾਮਾਨ ਬਰਾਮਦ

**ਮੁਹਾਲੀ:** ਸੇਵਾ ਮੁਕਤ ਚੀਫ ਨਿਊਜ਼ ਐਡੀਟਰ ਕੇ.ਜੇ. ਸਿੰਘ ਅਤੇ ਉਨ੍ਹਾਂ ਦੀ ਮਾਤਾ ਗੁਰਚਰਨ ਕੌਰ ਦੀ ਹੱਤਿਆ ਦਾ ਰਾਜ਼ ਖੁੱਲ੍ਹ ਗਿਆ ਹੈ। ਪੁਲਿਸ ਨੇ ਉਤਰ ਪ੍ਰਦੇਸ਼ ਦੇ ਗੌਰਵ ਕੁਮਾਰ ਜੋ ਹੁਣ ਕਜਹੇੜੀ ਚੰਡੀਗੜ੍ਹ ਵਿਚ ਰਹਿ ਰਿਹਾ ਹੈ, ਨੂੰ ਗ੍ਰਿਫਤਾਰ ਕਰ ਲਿਆ ਹੈ। ਗੌਰਵ ਕੋਲੋਂ ਕਤਲ 'ਚ ਵਰਤਿਆ ਚਾਕੂ, ਕੇ.ਜੇ. ਸਿੰਘ ਦਾ ਏ.ਟੀ.ਐਮ. ਕਾਰਡ, ਦੋ ਕਰੈਡਿਟ ਕਾਰਡ, ਘੜੀ, ਡੀ.ਵੀ.ਡੀ. ਪਲੇਅਰ ਅਤੇ ਸੈੱਟਅਪ ਬਾਕਸ ਆਦਿ ਬਰਾਮਦ ਕੀਤਾ ਗਿਆ ਹੈ। ਕੇ.ਜੇ. ਸਿੰਘ ਦੀ ਹਰੇ ਰੰਗ ਦੀ ਫੋਰਡ ਆਈਕਾਨ ਕਾਰ ਵੀ ਬਰਾਮਦ ਕਰ ਲਈ ਗਈ ਹੈ।

ਪੁਲਿਸ ਮੁਤਾਬਕ 22 ਸਤੰਬਰ ਦੀ ਦੁਪਹਿਰ ਕੇ.ਜੇ. ਸਿੰਘ ਦੀ ਮੁਲਜ਼ਮ ਗੌਰਵ ਨਾਲ ਤਲਖੀ ਹੋ ਗਈ ਸੀ ਕਿਉਂਕਿ ਗੌਰਵ ਕਾਫੀ ਦੇਰ ਤੋਂ ਕੇ.ਜੇ. ਸਿੰਘ ਦੇ ਘਰ ਦੇ ਬਿਲਕੁਲ ਨਾਲ ਵਾਲੇ ਪਾਰਕ 'ਚ ਬੈਠਾ ਸੀ ਅਤੇ ਕੇ.ਜੇ. ਸਿੰਘ ਨੇ ਜਦੋਂ ਉਸ ਨੂੰ ਇਸ ਸਬੰਧੀ ਪੁੱਛਿਆ ਤਾਂ ਦੋਵਾਂ ਦੀ ਆਪਸ ਵਿਚ ਤਲਖੀ ਵੱਧ ਗਈ ਅਤੇ ਕੇ.ਜੇ. ਸਿੰਘ ਨੇ ਗੌਰਵ ਦੇ ਥੱਪੜ ਮਾਰ ਦਿੱਤੇ। ਗੌਰਵ ਨੇ ਇਸ ਗੱਲ ਦੀ ਮਨ 'ਚ ਰੰਜਿਸ਼ ਰੱਖੀ ਅਤੇ ਕੇ.ਜੇ. ਸਿੰਘ ਨੂੰ ਸਬਕ ਸਿਖਾਉਣ ਦਾ ਮਨ ਬਣਾਇਆ।

ਗੌਰਵ ਰਾਤ 10.40 ਵਜੇ ਦੇ ਕਰੀਬ ਕੇ.ਜੇ. ਸਿੰਘ ਦੇ ਘਰ ਆਇਆ ਅਤੇ ਘਰ ਦੀ ਬੈੱਲ ਮਾਰ ਕੇ ਲੁੱਕ ਗਿਆ। ਕੇ.ਜੇ. ਸਿੰਘ ਨੇ ਜਿਵੇਂ ਹੀ ਦਰਵਾਜ਼ੇ ਦੀ ਕੁੰਡੀ ਖੋਲ੍ਹੀ ਤਾਂ ਗੌਰਵ ਨੇ ਝਪੱਟਾ ਮਾਰ ਉਸ 'ਤੇ ਚਾਕੂ ਨਾਲ ਪਹਿਲਾ ਵਾਰ ਕੀਤਾ ਅਤੇ ਦੋਵਾਂ 'ਚ ਹੱਥੋਪਾਈ ਹੋਈ। ਆਖਰਕਾਰ ਗੌਰਵ ਨੇ ਕੇ.ਜੇ. ਸਿੰਘ ਦਾ ਗਲਾ ਰੇਤ ਕੇ ਕਤਲ ਕਰ ਦਿੱਤਾ। ਸਾਰੇ ਘਟਨਾਕ੍ਰਮ ਨੂੰ ਦੇਖ ਰਹੀ ਕੇ.ਜੇ. ਸਿੰਘ ਦੀ ਮਾਤਾ ਗੁਰਚਰਨ ਕੌਰ ਵੱਲੋਂ ਰੌਲਾ ਪਾਉਣ 'ਤੇ ਗੌਰਵ ਨੇ ਉਸ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।



## ਕੁਝ ਸਮਾਂ ਪਹਿਲਾਂ ਹੀ ਜੌਰਜੀਆ ਤੋਂ ਆਇਆ ਸੀ ਮੁਲਜ਼ਮ

ਪੁਲਿਸ ਮੁਤਾਬਕ ਗੌਰਵ ਕੁਝ ਸਮਾਂ ਪਹਿਲਾਂ ਹੀ ਜੌਰਜੀਆ ਤੋਂ ਆਇਆ ਸੀ। ਜੌਰਜੀਆ 'ਚ ਕੰਮ ਨਾ ਮਿਲਣ ਕਾਰਨ ਉਹ ਫੇਜ਼-3ਬੀ2 ਵਿਚਲੇ ਇੰਮੀਗ੍ਰੇਸ਼ਨ ਦੇ ਉਸ ਦਫਤਰ ਦੇ ਚੱਕਰ ਲਗਾ ਰਿਹਾ ਸੀ, ਜਿਨ੍ਹਾਂ ਨੇ ਉਸ ਨੂੰ ਜੌਰਜੀਆ ਭੇਜਿਆ ਸੀ। ਗੌਰਵ ਉਕਤ ਇੰਮੀਗ੍ਰੇਸ਼ਨ ਕੰਪਨੀ ਕੋਲੋਂ ਆਪਣੇ ਪੈਸੇ ਵਾਪਸ ਮੰਗ ਰਿਹਾ ਸੀ ਤੇ ਇਸ ਦੌਰਾਨ ਸਮਾਂ ਬਤੀਤ ਕਰਨ ਲਈ ਉਹ ਫੇਜ਼-3ਬੀ2 ਵਿਚਲੀ ਪਾਰਕ ਜੋ ਕਿ ਕੇ.ਜੇ. ਸਿੰਘ ਦੇ ਘਰ ਦੇ ਬਿਲਕੁਲ ਨਾਲ ਹੈ, ਵਿਚ ਬੈਠ ਜਾਂਦਾ ਸੀ।

# ਜਦੋਂ ਪੱਤਰਕਾਰਾਂ ਨੂੰ ਗਾਲਾਂ ਕੱਢਣ ਲੱਗ ਪਈ ਰਾਧੇ ਮਾਂ...

**ਸੰਭਾਲ (ਉਤਰ ਪ੍ਰਦੇਸ਼):** ਹਮੇਸ਼ਾ ਵਿਵਾਦਾਂ ਵਿਚ ਰਹਿਣ ਵਾਲੀ ਰਾਧੇ ਮਾਂ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਵਾਰ ਰਾਧੇ ਮਾਂ ਸਵਾਲ ਪੁੱਛ ਰਹੇ ਪੱਤਰਕਾਰ ਨੂੰ ਧਮਕਾਉਣ ਦੇ ਮਾਮਲੇ ਵਿਚ ਘਿਰ ਗਈ। ਦਰਅਸਲ, ਉਤਰ ਪ੍ਰਦੇਸ਼ ਦੇ ਸੰਭਾਲ ਵਿਚ ਰਾਧੇ ਮਾਂ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਭੜਕ ਗਈ।

ਇਸ ਦੌਰਾਨ ਉਹ ਰੋਣ ਲੱਗੀ ਤੇ ਸਾਰੇ ਕੈਮਰਿਆਂ ਨੂੰ ਬੰਦ ਕਰਵਾ ਦਿੱਤਾ ਗਿਆ। ਹੋਇਆ ਇੰਜ ਕਿ ਜਦ ਮੀਡੀਆ ਵਾਲਿਆਂ ਨੇ ਰਾਧੇ ਮਾਂ ਨੂੰ ਸਵਾਲ ਪੁੱਛਣੇ ਸ਼ੁਰੂ ਕੀਤੇ ਤੇ ਉਹ ਭੜਕ ਗਈ ਤੇ ਕਿਹਾ ਕਿ ਮੀਡੀਆ ਵਾਲੇ ਮਿਲ ਕੇ ਮਾਰ ਦੇਣਗੇ ਮੈਨੂੰ। ਰਾਧੇ ਮਾਂ ਨੇ ਇਕ ਪੱਤਰਕਾਰ ਨੂੰ ਕਿਹਾ ਕਿ 'ਤੂੰ ਚੁੱਪ ਕਰ, ਜ਼ਿਆਦਾ ਟੈਂ-ਟੈਂ ਨਾ ਕਰ'। ਉਸ ਨੇ ਇਹ ਵੀ ਕਿਹਾ ਕਿ ਮੈਂ ਹਿੰਦੂ ਧਰਮ ਨੂੰ ਅੱਗੇ ਵਧਾ ਰਹੀ ਹਾਂ ਤੁਸੀਂ ਆਪਣੀ ਮਾਂ ਨੂੰ ਹੀ ਮਾਰ ਰਹੇ ਹੋ। ਆਪਣੇ ਉਪਰ ਲੱਗੇ ਦੋਸ਼ਾਂ 'ਤੇ ਰਾਧੇ ਮਾਂ ਇਹ ਕਹਿੰਦੀ ਹੋਈ ਲੜਾਈ ਉਤੇ ਉਤਰ ਆਈ ਕਿ ਤੁਸੀਂ ਕਿਹੜਾ ਦੁੱਧ ਦੇ ਧੋਤੇ ਹੋ ਤੇ ਜ਼ੋਰ-ਜ਼ੋਰ ਨਾਲ ਮਾੜਾ-ਚੰਗਾ ਬੋਲਣਾ ਸ਼ੁਰੂ ਕਰ ਦਿੱਤਾ।



# ਜਥੇਦਾਰ ਵੱਲੋਂ ਰਾਸ਼ਟਰੀ ਸਿੱਖ ਸੰਗਤ ਨੂੰ ਹੁੰਗਾਰਾ

**ਅੰਮ੍ਰਿਤਸਰ:** ਆਰ.ਐਸ.ਐਸ. ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖ ਕੌਮ ਨਾਲ ਮਤਭੇਦ ਦੂਰ ਕਰਨ ਲਈ ਗੱਲਬਾਤ ਦੀ ਕੀਤੀ ਪੇਸ਼ਕਸ਼ ਦਾ ਹਾਂ-ਪੱਖੀ ਹੁੰਗਾਰਾ ਭਰਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਬਾਰੇ ਸਿੱਖ ਵਿਦਵਾਨਾਂ ਵੱਲੋਂ ਕੁਝ ਸਵਾਲ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਤਸੱਲੀਬਖਸ਼ ਜਵਾਬ ਮਿਲਣ 'ਤੇ ਗੱਲਬਾਤ ਦੀ ਪ੍ਰਕਿਰਿਆ ਅੱਗੇ ਤੋਰੀ ਜਾ ਸਕਦਾ ਹੈ। ਲੁਧਿਆਣਾ ਵਿਚ ਇੰਦਰਾ ਗਾਂਧੀ ਦਾ ਬੁੱਤ ਲਾਉਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਵੇਗਾ। ਪੰਜਾਬ ਸਰਕਾਰ ਇਸ ਫੈਸਲੇ 'ਤੇ ਮੁੜ ਗੌਰ ਕਰੇ।



ਸ੍ਰੀ ਅਕਾਲ ਤਖਤ ਦੇ ਸਕੱਤਰੇਤ 'ਚ ਉਨ੍ਹਾਂ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਨੇ ਇਸ ਤੋਂ ਪਹਿਲਾਂ ਵੀ ਕਈ ਵਾਰ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਆਧਾਰ ਉਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ ਕੁਝ ਸਵਾਲ ਤਿਆਰ ਕੀਤੇ ਗਏ ਹਨ, ਜਿਨ੍ਹਾਂ 'ਚ ਆਰ.ਐਸ.ਐਸ. ਵੱਲੋਂ ਕੱਢੇ ਗਏ ਨਗਰ ਕੀਰਤਨ, ਸਿੱਖ ਸਿਧਾਂਤਾਂ, ਸਿੱਖ ਧਰਮ, ਸਿੱਖਾਂ ਦੇ ਵੱਖਰੀ ਕੌਮ ਹੋਣ ਬਾਰੇ ਸਵਾਲ ਸ਼ਾਮਲ ਹਨ। ਜੇਕਰ ਆਰ.ਐਸ.ਐਸ. ਆਗੂ ਇਥੇ ਆ ਕੇ ਇਨ੍ਹਾਂ ਸਵਾਲਾਂ ਦੇ ਤਸੱਲੀਬਖਸ਼ ਜਵਾਬ ਦਿੰਦੇ ਹਨ ਤਾਂ ਗੱਲਬਾਤ ਅੱਗੇ ਤੋਰੀ ਜਾ ਸਕਦੀ ਹੈ। ਪਰ ਸੰਘ ਵੱਲੋਂ ਅਜੇ ਤੱਕ ਇਥੇ ਕੋਈ ਨਹੀਂ ਬਹੁੜਿਆ ਹੈ ਅਤੇ ਨਾ ਹੀ ਗੱਲਬਾਤ ਲਈ ਸਿੱਧੇ ਤੌਰ 'ਤੇ ਪੇਸ਼ਕਸ਼ ਆਈ ਹੈ।

ਜ਼ਿਕਰਯੋਗ ਹੈ ਕਿ ਰਾਸ਼ਟਰੀ ਸਿੱਖ ਸੰਗਤ ਵੱਲੋਂ 25 ਅਕਤੂਬਰ ਨੂੰ ਦਿੱਲੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਕਰਾਇਆ ਗਿਆ, ਜਿਸ ਦਾ ਸਿੱਖ ਕੌਮ ਨੇ ਬਾਈਕਾਟ ਕੀਤਾ ਸੀ। ਇਸ ਮਗਰੋਂ ਆਰ.ਐਸ.ਐਸ. ਵੱਲੋਂ ਸ਼੍ਰੋਮਣੀ ਕਮੇਟੀ ਨੂੰ ਗੱਲਬਾਤ ਦੀ ਪੇਸ਼ਕਸ਼ ਕੀਤੀ ਗਈ ਹੈ।

ਆਰ.ਐਸ.ਐਸ. ਦੇ ਸਮਾਗਮ 'ਚ ਸ਼ਾਮਲ ਹੋਏ ਸਿੱਖ ਆਗੂਆਂ ਖਿਲਾਫ਼ ਕਾਰਵਾਈ ਬਾਰੇ ਜਥੇਦਾਰ ਨੇ ਕਿਹਾ ਕਿ ਇਸ ਬਾਰੇ ਕੁਝ ਜਥੇਬੰਦੀਆਂ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ, ਜਿਸ ਬਾਰੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਵਿਚਾਰ ਕੀਤਾ ਜਾਵੇਗਾ।

## ਮੋਦੀ ਨੇ 'ਮਨ ਕੀ ਬਾਤ' 'ਚ ਬਾਬੇ ਨਾਨਕ ਦੇ ਸੋਹਲੇ ਗਾਏ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਮਨ ਕੀ ਬਾਤ' ਦੇ 37ਵੇਂ ਭਾਗ ਵਿਚ ਦੇਸ਼ ਵਾਸੀਆਂ ਨਾਲ ਦਿਲ ਦੀ ਗੱਲ ਸਾਂਝੀ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਵੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ 2019 ਵਿਚ ਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੇ ਉਤਸ਼ਾਹ ਨਾਲ ਮਨਾਏਗਾ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਸਾਡਾ ਸਮਾਜ ਅੱਗੇ ਵਧ ਸਕਦਾ ਹੈ। ਮੋਦੀ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵਿਸ਼ੇਸ਼ ਰੂਪ 'ਚ ਜ਼ਿਕਰ ਵੀ ਕੀਤਾ।

OM Transportation Inc. &
Nand Freight Brokerage
Plainfield, IL



Owner Operators & Company
Drivers Wanted
Valid CDL Class A License For Local, Regional & OTR Work.
Van & Reefer
omtrans1@yahoo.com
Manminder Heer 630-709-5331
Onkar Heer 630-396-0777

ਰੁਸਤਮ-ਏ-ਹਿੰਦ ਪਹਿਲਵਾਨ ਬੁੱਧ ਸਿੰਘ ਅਤੇ ਪਰਿਵਾਰ ਵਲੋਂ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਭਨਾਂ ਨੂੰ
ਲੱਖ ਲੱਖ ਵਧਾਈ ਹੋਵੇ



*ਬੁੱਧ ਸਿੰਘ 1981 'ਚ ਦਿੱਲੀ 'ਚ ਜੈ ਪ੍ਰਕਾਸ਼ ਨੂੰ ਹਰਾ ਕੇ ਸੰਜੇ ਗਾਂਧੀ ਟਰਾਫੀ ਦਾ ਹੱਕਦਾਰ ਬਣਿਆ।
*ਪਹਿਲਵਾਨ ਕਰਤਾਰ ਸਿੰਘ, ਮੇਹਰਦੀਨ ਤੇ ਬਿੱਲੇ ਪਹਿਲਵਾਨ ਨੂੰ ਹਰਾਉਣ ਵਾਲੇ ਬੁੱਧ ਸਿੰਘ ਨੇ 1979 'ਚ ਏਸ਼ੀਅਨ ਖੇਡਾਂ 'ਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ।
*ਬੁੱਧ ਸਿੰਘ ਦੇ ਬਾਬਾ ਜੀ, ਪਿਤਾ ਕਰਮਾ ਪਹਿਲਵਾਨ ਜੀ ਅਤੇ ਬੇਟੇ ਪਰਮਜੀਤ ਸਿੰਘ ਤੇ ਸਰਬਜੀਤ ਸਿੰਘ ਜੋ ਸਕੂਲਾਂ ਦੇ ਚੈਂਪੀਅਨ ਰਹਿ ਚੁੱਕੇ ਹਨ, ਪਹਿਲਵਾਨੀ ਦਾ ਸ਼ੌਕ ਰੱਖਣੇ ਰਹੇ ਹਨ।







ਮਾਪਿਆਂ ਨੂੰ ਸੁਨੇਹਾ ਹੈ ਕਿ ਆਪਣੇ ਬੱਚਿਆਂ ਨੂੰ ਪਹਿਲਵਾਨੀ ਜਾਂ ਹੋਰ ਖੇਡਾਂ ਵੱਲ ਜ਼ਰੂਰ ਪ੍ਰੇਰਿਤ ਕਰੋ ਜੀ।
ਪਹਿਲਵਾਨ ਬੁੱਧ ਸਿੰਘ, ਫੋਨ:513-307-8462

# ਕਬਾਇਲੀ ਅਤੇ ਕੁਦਰਤ ਦੀ ਸਾਂਝ ਦੇ ਜਸ਼ਨ



ਕਲਾ ਪਰਿਕਰਮਾ

## ਆਦਿਵਾਸੀ ਅਤੇ ਸਭਿਆ ਸਮਾਜ ਦਾ ਵਰਤਾਰਾ



ਭੁਪਿੰਦਰ ਕੌਰ ਪ੍ਰੀਤ

ਆਦਿਵਾਸੀਆਂ ਬਾਰੇ ਮੁਢਲੀ ਜਾਣਕਾਰੀ ਇਹ ਮਿਲਦੀ ਹੈ ਕਿ ਆਰੀਆ ਹਮਲਾਵਰਾਂ ਨੇ ਉਨ੍ਹਾਂ 'ਤੇ ਹਮਲੇ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਖਦੇੜ ਕੇ ਦੂਜੀਆਂ ਥਾਵਾਂ 'ਤੇ ਜਾਣ ਲਈ ਮਜਬੂਰ ਕਰ ਦਿੱਤਾ। ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ, ਜਲ ਅਤੇ ਜੰਗਲ ਤੋਂ ਵਾਂਝਿਆਂ ਕਰ ਦਿੱਤਾ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਆਪਣੇ ਪ੍ਰਕਿਰਤਕ ਸਰੋਤਾਂ ਅਤੇ ਆਪਣੀ ਸੰਸਕ੍ਰਿਤੀ ਨੂੰ ਬਚਾਉਣ ਲਈ ਲੰਮਾ ਸੰਘਰਸ਼ ਕੀਤਾ ਜੋ ਹਾਲੇ ਤਕ ਵੀ ਜਾਰੀ ਹੈ। ਉਨ੍ਹਾਂ ਨੇ ਆਪਣੀ 5000 ਸਾਲ ਤੋਂ ਵੀ ਪਹਿਲਾਂ ਦੀ ਪਰੰਪਰਾ ਨੂੰ ਜ਼ੁਬਾਨੀ ਸੰਭਾਲ ਕੇ ਰੱਖਿਆ ਹੋਇਆ ਹੈ।

ਅਸਲ ਵਿਚ ਪ੍ਰਕਿਰਤੀ ਨੂੰ ਪੂਜਣ, ਉਸ ਨੂੰ ਪਿਆਰ ਕਰਨ ਦਾ ਹੁਨਰ ਉਨ੍ਹਾਂ ਵਿਚ ਕਿਸੇ ਉਚੇਚ ਨਾਲ ਨਹੀਂ ਆਇਆ। ਇਹ ਮੁਢ ਕਦੀਮ ਤੋਂ ਸਹਿਜੇ ਹੀ ਉਨ੍ਹਾਂ ਦੇ ਸੁਭਾਅ ਵਿਚ ਰਚਿਆ ਹੋਇਆ ਹੈ। ਮਾਂਦਲ ਦੀ ਥਾਪ, ਕਰਮਡਾਲ ਦੀ ਪੂਜਾ, ਮਹੂਏ ਦੀ ਖੁਸ਼ਬੋ ਆਦਿ ਉਨ੍ਹਾਂ ਦੇ ਸਾਦੇ ਨਿਰਛਲ ਜੀਵਨ ਦਾ ਹਿੱਸਾ ਹਨ। ਆਦਿਵਾਸੀ ਲੋਕ ਪ੍ਰਕਿਰਤੀ ਨਾਲ ਇੰਨੇ ਕੁ ਇਕਮਿਕ ਹਨ ਕਿ ਜਦੋਂ ਉਹ ਬੋਲਦੇ ਹਨ ਤਾਂ ਜਿਵੇਂ ਪ੍ਰਕਿਰਤੀ ਗੀਤ ਗਾ ਰਹੀ ਹੁੰਦੀ ਹੈ; ਉਹ ਤੁਰਦੇ ਹਨ ਤਾਂ ਪ੍ਰਕਿਰਤੀ ਜਿਵੇਂ ਨਾਚ ਕਰ ਰਹੀ ਹੋਵੇ। ਆਦਿਵਾਸੀ ਸਮਾਜ ਵਿਚ ਮੌਸਮ ਦੀ ਜਾਣਕਾਰੀ ਵੀ ਪ੍ਰਕਿਰਤੀ ਰਾਹੀਂ ਹੀ ਲਈ ਜਾਂਦੀ ਹੈ। ਕੀੜੀਆਂ ਦੇ ਝੁੰਡਾਂ ਦਾ ਵਿਹੜੇ ਵਿਚ ਆਂਡੇ ਲੈ ਕੇ ਆ ਜਾਣਾ ਉਨ੍ਹਾਂ ਨੂੰ ਖ਼ਬਰ ਦਿੰਦਾ ਹੈ ਕਿ ਅਗਲੇ ਸਮੇਂ ਵਿਚ ਭਾਰੀ ਬਰਸਾਤ ਹੋਣ ਵਾਲੀ ਹੈ। ਕਾਂਸ ਦੇ ਖਿੜ ਜਾਣ ਤੋਂ ਆਦਿਵਾਸੀ ਸਮਝ ਲੈਂਦੇ ਹਨ ਕਿ ਸਰਦ ਰੁੱਤ ਦੀ ਸ਼ੁਰੂਆਤ ਹੈ ਤੇ ਬਰਸਾਤ ਦਾ ਮੌਸਮ ਖ਼ਤਮ ਹੋਣ ਵਾਲਾ ਹੈ। ਡ੍ਰੈਗਨ ਫਲਾਈਜ਼ ਜੇ ਆਸਮਾਨ ਵਿਚ ਉਡਣ ਲੱਗ ਪੈਣ ਤਾਂ ਉਹ ਅੰਦਾਜ਼ਾ ਲਾ ਲੈਂਦੇ ਹਨ ਕਿ ਅਗਲੇ ਦਿਨਾਂ ਵਿਚ ਆਸਮਾਨ ਸਾਫ਼ ਰਹੇਗਾ।

ਆਦਿਵਾਸੀ ਸਮਾਜ ਵਿਚ ਜੀਵਨ ਦੇ ਫਲਸਫੇ ਨੂੰ ਵੀ ਸਮਝਣ ਦੀ ਕਮਾਲ ਦੀ ਸੂਝ ਹੈ। ਜੇ ਕੁੜੀ ਪੂਰੇ ਘਰ ਲਈ ਚਟਾਈ ਬੁਣ ਲਵੇ ਤਾਂ ਉਹ ਬੁਝ ਲੈਂਦੇ ਹਨ ਕਿ ਉਹ ਹੁਣ ਵਿਆਹੁਣਯੋਗ ਹੋ ਗਈ ਹੈ। ਮੁੰਡਾ ਜੇ ਹੱਲ ਜੋਤਣ ਲੱਗ ਪਵੇ ਤਾਂ ਪਰਿਵਾਰ ਉਸ ਲਈ ਕੁੜੀ ਟੋਲਣ ਲੱਗ ਪੈਂਦਾ ਹੈ। ਔਰਤ ਜੇ ਦੋ ਹਿੱਸਿਆਂ ਵਿਚ ਵੰਡ ਕੇ ਖਾਣ ਲੱਗ ਪਵੇ ਤਾਂ ਪਰਿਵਾਰ ਨੂੰ ਉਸ ਦੇ ਗਰਭਵਤੀ ਹੋਣ ਦਾ ਪਤਾ ਲੱਗ ਜਾਂਦਾ ਹੈ। ਅਜੋਕੇ ਸਮੇਂ ਵਿਚ ਮੋਬਾਈਲ ਅਤੇ ਸੰਚਾਰ ਦੇ ਹੋਰ ਸਾਧਨਾਂ ਨੇ ਸਮਾਜ ਵਿਚ ਵੱਡੀ ਤਬਦੀਲੀ ਲਿਆਂਦੀ ਹੈ। ਇਸ ਦੇ ਬਾਵਜੂਦ ਅੱਜ ਵੀ ਝਾਰਖੰਡ ਦੇ ਮੁੰਡਾ ਆਦਿਵਾਸੀ ਆਪਣੇ ਕਬੀਲੇ ਨੂੰ ਕੋਈ ਸੁਨੇਹਾ ਦੇਣ ਲਈ ਡੁਗਡੁਗੀ ਦੀ ਹੀ ਵਰਤੋਂ ਕਰਦੇ ਹਨ। ਸੁਨੇਹਾ ਦੇਣ ਵਾਲਾ ਇੱਕ ਥਾਂ 'ਤੇ ਖੜ੍ਹ ਕੇ ਇੱਕ ਖ਼ਾਸ ਤਰ੍ਹਾਂ ਦੀ ਆਵਾਜ਼ ਕੱਢਦਾ ਹੈ। ਸੁਨੇਹੇ ਦੇ ਮੁਤਾਬਿਕ ਹੀ ਉਸ ਦੀ ਆਵਾਜ਼ ਹੁੰਦੀ ਹੈ। ਕੋਈ ਉਤਸਵ ਹੋਵੇ ਜਾਂ ਫਿਰ ਕੋਈ ਦੁੱਖ ਦਾ ਸੁਨੇਹਾ, ਕੋਈ ਅਖਾੜਾ ਹੋਵੇ ਜਾਂ ਫਿਰ ਸ਼ਿਕਾਰ 'ਤੇ ਜਾਣਾ ਹੋਵੇ; ਅੱਜ ਵੀ ਮੁੰਡਾ ਆਦਿਵਾਸੀ ਸੁਨੇਹਾ ਦੇਣ ਲਈ ਆਪਣੀ ਆਵਾਜ਼ ਅਤੇ ਡੁਗਡੁਗੀ ਦੀ ਹੀ ਵਰਤੋਂ ਕਰਦੇ ਹਨ। ਸ਼ਿਕਾਰ ਖੇਡਣਾ ਆਦਿਵਾਸੀ ਸਮਾਜ ਦੀ ਖ਼ਾਸੀਅਤ ਹੈ। ਸਾਲ ਦੇ ਅਖੀਰ ਵਿਚ ਪੂਰਨਮਾਸ਼ੀ ਵਾਲੇ ਦਿਨ ਪੂਰਾ ਕਬੀਲਾ ਇਕੱਠਾ ਹੋ ਕੇ ਸ਼ਿਕਾਰ ਖੇਡਣ ਜਾਂਦਾ ਹੈ ਅਤੇ ਸ਼ਿਕਾਰ 'ਤੇ ਜਾਣ ਤੋਂ ਪਹਿਲਾਂ ਉਹ ਆਪਣੇ ਹਥਿਆਰਾਂ ਦੀ ਪੂਜਾ ਕਰਦੇ ਹਨ ਅਤੇ ਵਣਦੇਵੀ ਕੋਲ ਸ਼ਿਕਾਰ ਦੀ ਕਾਮਯਾਬੀ ਲਈ ਅਰਦਾਸਾਂ ਕਰਦੇ ਹਨ। ਸ਼ਿਕਾਰ ਤੋਂ ਮੁੜ ਕੇ ਰਾਤ ਸਮੇਂ ਗੀਤ-ਸੰਗੀਤ ਨਾਚ-ਗਾਣਾ ਹੁੰਦਾ ਹੈ। ਦੀਵਾਲੀ ਵਾਲੀ ਰਾਤ ਉਹ ਆਪਣੇ ਮਵੇਸ਼ੀਆਂ ਦੇ ਸਤਿਕਾਰ ਵਿਚ ਤਿਉਹਾਰ 'ਸੋਹਰਾਇ' ਮਨਾਉਂਦੇ ਹਨ। ਆਪਣੇ ਮਵੇਸ਼ੀਆਂ ਨੂੰ ਸੰਧੂਰ, ਤੇਲ, ਰੰਗਾਂ ਨਾਲ ਸਜਾਉਂਦੇ ਹਨ। ਉਨ੍ਹਾਂ ਦੀਆਂ ਥਾਵਾਂ 'ਤੇ ਦੀਵੇ ਜਗਾਉਂਦੇ ਹਨ। ਉਨ੍ਹਾਂ ਤੋਂ ਅਸੀਸਾਂ ਲੈਂਦੇ ਹਨ। ਬਸੰਤ ਪੰਚਮੀ ਵਾਲੇ ਦਿਨ ਫੁੱਲਾਂ ਦਾ ਤਿਉਹਾਰ 'ਬਾਹਾ ਪੋਰੋਬ' ਮਨਾਉਂਦੇ ਹਨ। ਉਹ ਆਪਣੇ ਨਾਇਕਾਂ ਲਈ ਗੀਤ ਰਚਦੇ ਹਨ ਅਤੇ ਉਨ੍ਹਾਂ ਦੀ ਯਾਦ ਵਿਚ ਤਿਉਹਾਰ ਮਨਾਉਂਦੇ ਹਨ। ਆਦਿਵਾਸੀਆਂ ਲਈ ਆਪਣਾ ਜੀਵਨ ਕੁਰਬਾਨ ਕਰ ਦੇਣ ਵਾਲੇ ਮਹਾਂਨਾਇਕ 'ਬਿਰਸਾ ਮੁੰਡਾ' ਨੂੰ ਉਹ ਈਸ਼ਵਰ ਵਾਂਗ ਪੂਜਦੇ ਹਨ। ਉਨ੍ਹਾਂ ਦੇ ਮਨ ਵਿਚ ਆਪਣੇ ਜਲ ਸਰੋਤਾਂ, ਜੰਗਲ, ਜ਼ਮੀਨ, ਪੰਛੀਆਂ ਅਤੇ ਮਵੇਸ਼ੀਆਂ ਲਈ ਅਥਾਹ ਪਿਆਰ, ਸਨੇਹ ਅਤੇ ਸਤਿਕਾਰ ਹੈ। ਆਦਿਵਾਸੀ ਸਮਾਜ ਵਿਚ ਧਨ ਇਕੱਠਾ ਕਰਨ ਦੀ ਪਰੰਪਰਾ ਬਿਲਕੁਲ ਨਹੀਂ ਕਿਉਂ ਜੋ ਉਹ ਪ੍ਰਕਿਰਤੀ ਨੂੰ ਹੀ ਆਪਣਾ ਧਨ, ਆਪਣੀ ਜਾਇਦਾਦ ਮੰਨਦੇ ਹਨ।



ਗੌਂਡ ਕਬਾਇਲੀ ਕਲਾ ਨਾਲ ਸਬੰਧਤ ਇਕ ਚਿੱਤਰ ਜਿਸ ਵਿਚ ਕੁਦਰਤ ਦਾ ਝਲਕਾਰਾ ਦਿਸਦਾ ਹੈ।

ਮੌਜੂਦਾ ਸਮੇਂ ਵਿਚ ਅਖੌਤੀ ਵਿਕਾਸ ਦੇ ਨਾਂ 'ਤੇ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਗ਼ੈਰ ਆਦਿਵਾਸੀ ਠੇਕੇਦਾਰਾਂ ਵੱਲੋਂ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਦੇ ਜੰਗਲਾਂ ਨੂੰ ਵੱਢਿਆ ਜਾ ਰਿਹਾ ਹੈ। ਇਸ ਜਬਰਨ ਉਜਾੜੇ ਤੋਂ ਉਹ ਲੋਕ ਬੇਹੱਦ ਰੋਹ ਵਿਚ ਹਨ। ਆਦਿਵਾਸੀ ਸਮਾਜ ਵਿਚ ਬਲਾਤਕਾਰ ਦੀ ਬੁਰਾਈ ਹੈ ਹੀ ਨਹੀਂ, ਪਰ ਅੱਜ ਦੇ ਸਮੇਂ ਵਿਚ ਉਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਗ਼ੈਰ-ਆਦਿਵਾਸੀਆਂ ਵੱਲੋਂ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੀ ਪ੍ਰਕਿਰਤੀ ਉਤੇ ਹਮਲੇ ਹੋ ਰਹੇ ਹਨ। ਇਸ ਦੇ ਨਾਲ ਹੀ ਗਿਣੀ-ਮਿਥੀ ਸਾਜ਼ਿਸ਼ ਤਹਿਤ ਉਨ੍ਹਾਂ ਦੀ ਸੰਸਕ੍ਰਿਤੀ ਦੀਆਂ ਜੜ੍ਹਾਂ ਵੱਢਣ ਦੇ ਪੁਰਜ਼ੋਰ ਯਤਨ ਹੋ ਰਹੇ ਹਨ। ਅੱਜ ਗ਼ੈਰ-ਆਦਿਵਾਸੀ ਵਪਾਰੀਆਂ ਨੇ ਉਨ੍ਹਾਂ ਨੂੰ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਤੌਰ 'ਤੇ ਅਜਿਹੇ ਚੌਰਾਹੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿਥੇ ਅੱਜ ਸਭਿਆ ਸਮਾਜ ਦੇ ਹਮਲਿਆਂ ਤੋਂ ਆਦਿਵਾਸੀ ਆਪਣੀ ਮਹਾਨ ਵਿਰਾਸਤ, ਸੰਸਕ੍ਰਿਤੀ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਉਹ ਆਪਣੇ ਪਹਾੜਾਂ, ਆਪਣੇ ਜੰਗਲਾਂ, ਆਪਣੀਆਂ ਹਵਾਵਾਂ, ਆਪਣੀ ਆਸਥਾ ਅਤੇ ਪ੍ਰਕਿਰਤੀ ਨਾਲ ਸਾਂਝ ਦੇ ਹੁਨਰ ਨਾਲ ਹੀ ਜਿਊਣਾ ਚਾਹੁੰਦੇ ਹਨ ਜਿਸ ਨੂੰ ਅੱਜ ਦੇ ਸਭਿਅ ਸਮਾਜ ਨੇ ਅਖੌਤੀ ਵਿਕਾਸ ਦੇ ਨਾਂ 'ਤੇ ਇਸ ਤੋਂ ਵਾਂਝੇ ਕਰ ਦਿੱਤਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਨਵੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-298



*ਲੋਕ ਪਤਝੜ ਨੂੰ ਰੁੱਤ ਉਦਾਸ ਕਹਿੰਦੇ,*
*ਮਿਸ਼ੀਗਨ ਵਿਚ ਖਿੜੀ ਬਸੰਤ ਜਾਪੇ।*
*ਪੀਆ ਮਿਲਣ ਲਈ ਔਂਸੀਆਂ ਪਾ ਰਹੀ ਦੇ,*
*ਕਿਸੇ ਨਾਰ ਘਰ ਆ ਰਿਹਾ ਕੰਤ ਜਾਪੇ।*

## ਕੈਪਸ਼ਨ ਮੁਕਾਬਲਾ-296



'ਸ਼ੇਰਾਂ-ਵਾਲੀ' ਦੀ ਲਾ ਕੇ ਫੋਟੋ,
'ਦੇਵੀਆਂ' ਜੋਤ ਜਗਾਈ।
ਆਉਂਦਾ ਜਾਂਦਾ ਤਰਸ ਕਰੂਗਾ'
ਬੱਸ ਏਹੋ ਆਸ ਲਗਾਈ।
'ਮਹਾਨ ਦੇਸ਼' ਨੇ ਬਾਲੜੀਆਂ ਦੀ,
ਹਾਲਤ ਆਹ ਬਣਾਈ।
ਫਿਰ ਵੀ ਲੀਡਰ ਕੂਕੀ ਜਾਵਣ
ਆਜ਼ਾਦੀ ਆਈ, ਆਜ਼ਾਦੀ ਆਈ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕੀ ਕੀ ਪਾਪੀ ਪੇਟ ਕਰਾਵੇ
ਮਜਬੂਰੀ ਵੱਸ ਨੇ ਇਹ ਦੋ ਬੱਚੇ।
ਥੱਲੇ ਦੀਵਾ, ਉਤੇ ਮਾਂ ਰਾਣੀ
ਢਕਵੰਜ ਧਰਮ ਦਾ ਪੂਰਾ ਜੱਚੇ।
ਆਉਂਦਾ ਜਾਂਦਾ ਤਰਸ ਕੋਈ ਖਾ ਕੇ
ਫਿਰ ਇਕ-ਦੋ ਰੁਪਿਆ ਚੜ੍ਹਾਵੇ।
ਸਾਰਾ ਦਿਨ ਥੱਕ ਟੁੱਟ ਜਾਵਣ
ਪਰ ਚੁੱਕ ਪੈਸੇ ਬਾਪੂ ਠੇਕੇ ਜਾਵੇ।
ਇਵੇਂ ਹੀ ਨਿੱਤ ਧੰਦਾ ਚੱਲਦਾ
ਨਾ ਕੋਈ ਫਿਕਰ ਕਰਨ ਸਰਕਾਰਾਂ।
ਭੁੱਖਮਰੀ ਅਤੇ ਬੇਵਸੀ ਦੀਆਂ
ਪੈਂਦੀਆਂ ਰਹਿਣ ਗਰੀਬਾਂ ਨੂੰ ਮਾਰਾਂ।
***-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ***
***ਫੋਨ: 408-912-3438***

---

ਸ਼ੇਰਾਂ ਵਾਲੀ ਦਾ ਕੈਲੰਡਰ ਟੰਗ ਕੇ,
ਇੱਟਾਂ ਰੱਖ ਹੈ ਜੋਤ ਜਗਾਈ।
ਮੰਦਿਰ ਅੱਗੇ ਮੰਦਿਰ ਬਣਾਇਆ,
ਭੁੱਖਣ-ਭਾਣੇ ਇੱਕ ਆਸ ਹੈ ਲਾਈ।
ਤੱਕਣ ਭੋਗ ਲਗਾ ਕੇ ਭਗਵਾਨ
ਸਾਨੂੰ ਵੀ ਕੁਝ ਕਰਨਗੇ ਦਾਨ।
ਕੰਮਾਂ ਬਾਝੋਂ ਕਰਮਹੀਣ ਬਣਾ'ਤੇ
ਸਾਡਾ ਭਾਰਤ ਦੇਸ਼ ਮਹਾਨ।
***-ਦਵਿੰਦਰ ਕੌਰ***

---

ਧਰਮ ਕਰਮ ਦੇ ਨਾਂ 'ਤੇ ਅੰਨ੍ਹੀ ਲੁੱਟ
ਭਾਰਤ' ਚ ਹੁੰਦੀ ਬੇਸ਼ੁਮਾਰ।
ਪੜ੍ਹ-ਲਿਖ ਕੇ ਵੀ ਸੋਚ ਨਹੀਂ ਬਦਲੀ
ਤਾਂ ਹੀ ਹੁੰਦੇ ਖੱਜਲ-ਖੁਆਰ।
ਵਿਹਲੜਾਂ ਇਹ ਕਿੱਤਾ ਅਪਨਾਇਆ
ਬੱਚੀਆਂ ਨੂੰ ਵੀ ਨਾਲ ਰਲਾਇਆ।
ਰੋਲਿਆ ਉਨ੍ਹਾਂ ਦਾ ਬਚਪਨ ਪਿਆਰਾ
ਭਿੱਖਿਆ ਮੰਗਣ ਦਾ ਢੋਂਗ ਸਿਖਾਇਆ।
***-ਕੈਲਾਸ਼ ਠਾਕੁਰ ਨੰਗਲ ਟਾਊਨਸ਼ਿਪ***

---

ਧਰਮੀ ਬਣ ਕੇ ਸ਼ੈਤਾਨਾਂ ਨੇ
ਬੁਣੇ ਨੇ ਐਸੇ ਤਾਣੇ-ਬਾਣੇ।
ਧਰਮ ਦੇ ਨਾਂ ਕਾਰੋਬਾਰ ਚੱਲੇ
ਵਰਤ ਰਹੇ ਅਜਬ ਭਾਣੇ।
ਖਾਣ ਨੂੰ ਘਰ 'ਚ ਨਹੀਂ ਜਿਸ ਦੇ
ਉਹ ਤਿਓਹਾਰ ਕੀ ਜਾਣੇ।
ਬੇਚਾਰੀ ਗਰੀਬ ਗੁਰਬਤ ਮਾਰੀ
ਅੱਲ੍ਹੜ ਉਮਰ ਕੀ ਜਾਣੇ!
***-ਦਰਸ਼ਨਪਾਲ ਦੋਸਾਂਝ***

---

ਮਾਂ ਨੂੰ ਵਾਸਤੇ ਪਾ ਪਾ ਜੰਮੀਆਂ
ਚਾਅ ਸੀ ਮਨ 'ਚ ਵੇਖਣ ਦਾ ਸੰਸਾਰ।
ਮਾਂ-ਬਾਪ ਨੂੰ ਪੁੱਛਿਆ, ਕਿੱਥੇ ਸਾਡੇ
ਹਿੱਸੇ ਦੀਆਂ ਲੋਰੀਆਂ ਤੇ ਪਿਆਰ।
ਨੰਨੀਆਂ ਛਾਂਵਾਂ ਦੇ ਲੱਗਣ ਨਿੱਤ ਨਾਅਰੇ,
ਪਰ ਸਾਡੇ ਸਿਰ 'ਤੇ ਕੋਈ ਛੱਤ ਨਹੀਂ।
ਜਿੱਥੇ ਬਚਪਨ ਮੰਗ ਕੇ ਖਾਵੇ,
ਇਸ ਤੋਂ ਵੱਡੀ ਕੋਈ ਦੁਰਗਤ ਨਹੀਂ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***
***ਫੋਨ: 91-94176-49275***

---

ਗੁਰਬਤ 'ਚ ਜੀਅ ਰਹੀਆਂ ਕੁੜੀਆਂ
ਮਨ ਸਮਝਾਉਣ ਜੋਤ ਜਾਗ ਕੇ।
ਸਰਮਾਏਦਾਰਾਂ ਸਮੀਕਰਣ ਬਦਲੇ
ਅਮੀਰਾਂ-ਗਰੀਬਾਂ 'ਚ ਪਾੜੇ ਵਧਾ ਕੇ।
ਰਿਸ਼ਤੇ ਤਾਰ ਹੋਏ, ਬੰਦੇ ਰੱਬ ਨੂੰ
ਤੇ ਰੱਬ ਭੁੱਲਿਆ ਬੰਦੇ ਬਣਾ ਕੇ।
ਕੋਈ ਕਿਸੇ ਦਾ ਨਾ ਰਿਹਾ ਬੇਲੀ
ਬੰਦਾ ਦੁਖ ਕਿਹਨੂੰ ਦੱਸੇ ਸੁਣਾ ਕੇ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਧਨਾਢ ਉਂਜ ਪਿਛੇ ਰਹਿ ਗਿਆਂ ਨੂੰ
ਨਾਲ ਰਲਾ ਕੇ ਨਹੀਂ ਚਲਦਾ।
ਸਾਧਨਹੀਣ ਲੱਭਣ ਵਸੀਲੇ
ਪੱਥਰ ਦਿਲ ਵੀ ਜਾਵੇ ਹਲਦਾ।
ਦੇਵੀਆਂ ਦੀਆਂ ਫੋਟੋਆਂ ਸਜਾ ਕੇ
ਬਚਪਨ ਬੈਠਾ ਜੋਤ ਜਗਾ ਕੇ।
ਮਸਲਾ ਹੈ ਪੇਟ ਭਰਨ ਦਾ
ਲੋਕਾਂ ਦੀ ਸ਼ਰਧਾ ਨੂੰ ਭਰਮਾ ਕੇ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

# ਜਦੋਂ ਉਹ ਫਜ਼ਲਦੀਨ ਤੋਂ 'ਹਸਮੁਖ' ਬਣ ਗਿਆ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

***ਕਈ ਬੰਦੇ ਤੁਹਾਨੂੰ ਏਦਾਂ ਲੱਗ ਰਹੇ ਹੁੰਦੇ ਹਨ ਕਿ ਇਨ੍ਹਾਂ ਦੇ ਮੂੰਹ 'ਚ ਜ਼ੁਬਾਨ ਹੀ ਨਹੀਂ, ਪਰ ਅਸਲ ਵਿਚ ਇਹੀ ਲੋਕ ਤਿੱਖੀਆਂ ਸੂਲਾਂ ਵਰਗੇ ਹੁੰਦੇ ਹਨ, ਇਨ੍ਹਾਂ ਕੋਲ ਬਿਨਾ ਧਾਗੇ ਵਾਲੀ ਸੂਈ ਹੁੰਦੀ ਹੈ ਤਾਂ ਜੋ ਵੇਖਣ ਵਾਲੇ ਨੂੰ ਲੱਗੇ ਕਿ ਇਹ ਸਿਉਣ ਦਾ ਕੰਮ ਕਰਦੇ ਹਨ ਪਰ ਉਧੇੜੀ ਸਭ ਕੁਝ ਜਾਣਗੇ। ਲਗਾਤਾਰ ਬੋਲੀ ਜਾਣ ਵਾਲਾ ਆਪਣੇ ਸਿਆਣੇ ਹੋਣ ਦਾ ਭਰੋਸਾ ਗੁਆ ਲੈਂਦਾ ਹੈ ਤੇ ਹਰ ਗੱਲ 'ਤੇ ਹਿੜ ਹਿੜ ਕਰਨ ਵਾਲਾ ਬੰਦਾ 'ਅਸਲੀ' ਹੋ ਹੀ ਨਹੀਂ ਸਕਦਾ। ਸਿਆਲ 'ਚ ਚੱਪਲਾਂ ਨਾਲ ਜੁਰਾਬਾਂ ਪਾਉਣ ਦਾ ਸੰਕਲਪ ਕਿਸੇ ਵੀ ਯੁੱਗ ਵਿਚ ਨਹੀਂ ਰਿਹਾ। ਲਾਲਚ 'ਚ ਅੰਨ੍ਹੀ ਹੋਈ ਪਈ ਦੁਨੀਆਂ ਨੂੰ ਡਾਕਟਰ ਵੀ ਅੱਖਾਂ ਦੀਆਂ ਐਨਕਾਂ ਨਾਲ ਨਜ਼ਰ ਨਹੀਂ ਦੇ ਸਕਣਗੇ। ਜੇ ਚਰਿੱਤਰ ਬਾਹਰ ਛੱਡ ਆਓਗੇ ਤਾਂ ਕੰਧਾਂ ਉਚੀਆਂ ਕਰਨ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ। ਜਿਨ੍ਹਾਂ ਨੂੰ ਦੁਖੀ ਰਹਿਣ ਦੀ ਆਦਤ ਚੰਬੜੀ ਹੋਈ ਹੈ, ਉਹ ਮੁਸਕਰਾਉਂਦੇ ਚਿਹਰਿਆਂ ਨੂੰ ਵੇਖ ਕੇ ਦੰਦੀਆਂ ਪੀਹਣ ਨੂੰ ਵਿਟਾਮਿਨ ਡੀ. ਹੀ ਸਮਝ ਰਹੇ ਹੁੰਦੇ ਹਨ। ਜਿਹੜੇ ਸਾਰੀ ਉਮਰ ਹੀ ਬੁੱਤ ਬਣੇ ਰਹੇ, ਉਨ੍ਹਾਂ ਦਾ ਮਰਨ ਉਪਰੰਤ ਚੁਰਾਹੇ 'ਚ ਬੁੱਤ ਲੱਗਣ ਦਾ ਚਾਅ ਪੂਰਾ ਹੋਣ ਦੇ ਆਸਾਰ ਨਹੀਂ ਹੁੰਦੇ। ਘੁੱਗੀਆਂ ਨੇ ਕਾਂਵਾਂ ਦੇ ਆਲ੍ਹਣਿਆਂ ਕੋਲੋਂ ਲੰਘਣ ਵੇਲੇ 'ਘੂੰ-ਘੂੰ' ਨਹੀਂ 'ਘੀਂ ਘੀਂ' ਹੀ ਕਰਨਾ ਹੁੰਦਾ ਹੈ। ਸ਼ੇਰ ਦਿਨ ਨੂੰ ਘੋੜੇ ਵੇਚ ਕੇ ਸੌਂਦਾ ਹੈ, ਰਾਤ ਨੂੰ ਸ਼ਿਕਾਰ ਕਰਦਾ ਹੈ, ਮਨੁੱਖ ਦਿਨੇ ਚਤੁਰਾਈਆਂ 'ਚ ਫਸਿਆ ਹੁੰਦਾ ਹੈ, ਰਾਤ ਨੂੰ ਘਰ ਵਾਲੀ ਨੂੰ 'ਵਾਜਾਂ ਮਾਰ ਕੇ ਪੁਛੇਗਾ, 'ਨੀਂਦ ਦੀਆਂ ਗੋਲੀਆਂ ਕਿੱਥੇ ਰੱਖੀਆਂ ਹਨ!' ਨਫਰਤ ਤੇ ਈਰਖਾ ਦੀ ਅੱਗ ਦਾ ਸੇਕ ਦੂਜਿਆਂ ਨੂੰ ਲਗਦਾ ਹੀ ਨਹੀਂ, ਅਮਨ ਚੈਨ ਤੇ ਸੁੱਖ ਤੁਹਾਡਾ ਹੀ ਲੂਹ ਹੋ ਗਿਆ ਹੁੰਦਾ ਹੈ। ਪੁਰਾਣੇ ਜ਼ਮਾਨੇ 'ਚ ਔਰਤਾਂ ਇਸ ਤੋਂ ਬਚੀਆਂ ਹੋਈਆਂ ਸਨ, ਪਰ ਹੁਣ ਜੇ ਘਰਾਂ 'ਚ ਮਾੜੀ ਬਜਾਜੀ ਦੀ ਦੁਕਾਨ ਜਿੰਨੇ ਲੀੜੇ ਹੋ ਗਏ ਹਨ ਤਾਂ ਕਿਵੇਂ ਸੋਚ ਸਕਦੇ ਹਾਂ ਕਿ ਔਰਤ, ਔਰਤ ਦੇ ਪਹਿਰਾਵੇ ਤੋਂ ਨਿਗਾਹ ਚੁੱਕ ਲਵੇਗੀ। ਵਿਆਹ ਸ਼ਾਦੀਆਂ 'ਚ ਵਿਆਹ ਘੱਟ, ਫੈਸ਼ਨ ਵੱਧ ਦੇਖਣ ਨੂੰ ਮਿਲ ਰਿਹਾ ਹੈ। ਘੱਟ ਕੱਪੜੇ ਪਾਉਣ ਦਾ ਰਿਵਾਜ਼ ਚਰਿੱਤਰ ਪੱਖੋਂ ਦੀਵਾਲੀਆਪਨ ਹੋਣ ਦੀ ਨਿਸ਼ਾਨੀ ਹੈ। ਪਤੀ ਦੇ ਬਿਮਾਰ ਰਹਿਣ ਦੀ ਸੂਰਤ ਵਿਚ ਪਤਨੀ ਨੂੰ ਜ਼ਿੰਮੇਵਾਰ ਬਣਨਾ ਚਾਹੀਦਾ ਹੈ, ਪਰ ਉਹ ਨਫਰਤ ਕਈ ਵਾਰ ਖਾਹ-ਮਖਾਹ ਦੂਜਿਆਂ ਨੂੰ ਵੀ ਕਰਨ ਲੱਗ ਪਈ ਹੁੰਦੀ ਹੈ। ਸ਼ਮਸ਼ਾਨਘਾਟ ਪਿੰਡੋਂ ਜਾਂ ਸ਼ਹਿਰੋਂ ਦੂਰ ਇਸ ਕਰਕੇ ਨਹੀਂ ਬਣਾਏ ਹੁੰਦੇ ਕਿ ਮੁਰਦੇ ਅਲੱਗ ਰਹਿਣ, ਸਗੋਂ ਇਸ ਕਰਕੇ ਕਿ ਆਖਰ ਸੁੰਨੀਆਂ ਥਾਂਵਾਂ 'ਤੇ ਹੀ ਰਾਤਾਂ ਕੱਟਣੀਆਂ ਪੈਣਗੀਆਂ। ਹੱਸਣ ਦਾ ਅਰਥ ਹਸਮੁੱਖ ਨਹੀਂ, ਕਈ ਵਾਰ ਫਜ਼ਲਦੀਨ ਵੀ ਹੁੰਦਾ ਹੈ।***

ਦੁਨੀਆਂ 'ਚ ਤਸੱਲੀ ਕਿਸੇ ਦੀ ਵੀ ਨਹੀਂ ਹੋ ਰਹੀ। ਇਸੇ ਕਰਕੇ ਹਰ ਮਨੁੱਖ ਭਟਕਣ 'ਚ ਹੈ। ਦੁਨੀਆਂ ਦੀ ਸਥਿਤੀ ਬੜੀ ਅਜੀਬ ਬਣੀ ਹੋਈ ਹੈ। ਬੰਦੇ ਸਿਆਣੇ ਹੋਣ ਦਾ ਭਰਮ ਪਾਲ ਰਹੇ ਨੇ। ਪਰ ਅਕਲਮੰਦ ਪਸੂ ਤੇ ਪੰਛੀ ਬਣਦੇ ਜਾ ਰਹੇ ਹਨ।

ਇੱਕ ਵਾਰ ਕਾਂ ਤੇ ਚਿੜੀ ਝਗੜ ਪਏ। ਕਾਂ ਕਹਿਣ ਲੱਗਾ, ਬੜੀ ਤਿੱਖੀ ਹੋਈ ਪਈ ਏਂ, ਜਿਵੇਂ ਟਿੱਡੀ ਦੇ ਮੁੱਛਾਂ ਨਿਕਲ ਆਈਆਂ ਹੋਣ। ਚਿੜੀ ਗੁੱਸੇ 'ਚ ਭੁੜਕ ਪਈ, 'ਕਾਲਾ ਕੁੱਤਾ, ਬੇਸ਼ਰਮ, ਗਰੀਬਾਂ ਦੇ ਖੋਹ ਕੇ ਹੱਕ ਖਾਂਦਾ, ਮਾੜੇ 'ਤੇ ਜ਼ੁਲਮ ਢਾਹੁੰਦਾ, ਸ਼ਰਮ ਨਾਲ ਮਰ ਜਾਹ ਕਿਤੇ ਜਾ ਕੇ।' ਕਾਂ ਉਚੀ ਉਚੀ ਹੱਸ ਪਿਆ। ਕੋਲ ਬੈਠੇ ਕਬੂਤਰ ਨੇ ਕਿਹਾ, 'ਉਹ ਸੰਗ ਕਰ, ਚਿੜੀ ਤੈਨੂੰ ਗਾਲ੍ਹਾਂ ਕੱਢਦੀ ਆ, ਤੂੰ ਦੰਦੀਆਂ ਕੱਢਣ ਲੱਗ ਪਿਆਂ।' ਕਾਂ ਫਿਰ ਹੱਸ ਪਿਆ, 'ਵੱਡਿਆ ਸਿਆਣਿਆ, ਜਿਹੜਾ ਰੁਤਬਾ ਚਿੜੀ ਮੈਨੂੰ ਦੇ ਰਹੀ ਹੈ, ਇਹ ਵੋਟਾਂ 'ਚ ਜਿੱਤ ਹਾਸਲ ਕਰਕੇ ਮਿਲਦੈ।'


ਅਸਲ 'ਚ ਅਸੀਂ ਜਾਨਵਰਾਂ ਦੀ ਭਾਸ਼ਾ ਸਮਝਣ 'ਚ ਅਸਮਰਥ ਤਾਂ ਹਾਂ ਹੀ, ਪਰ ਜੇ ਕਿਤੇ ਇਸ਼ਾਰੇ ਹੀ ਸਮਝਣ 'ਚ ਕਾਮਯਾਬ ਹੋ ਜਾਂਦੇ ਤਾਂ ਸੱਚੀਂ ਮਨੁੱਖ ਦੀ ਜ਼ਿੰਦਗੀ 'ਚ ਬੜੇ ਉਸਾਰੂ ਰੰਗ ਭਰੇ ਜਾਣੇ ਸਨ। ਪੁੱਤਰ-ਪਿਉ ਸਵਾਰਥੀ ਹੋ ਗਏ ਨੇ, ਭੈਣ ਰੱਖੜੀ ਵਾਲੇ ਦਿਨ ਦੀ ਮਹੱਤਤਾ ਭੁੱਲ ਕੇ ਭਰਾ ਤੋਂ ਆਸਾਂ ਬੜੀਆਂ ਕਰਨ ਲੱਗ ਗਈ ਹੈ। ਕਿਤੇ ਮਮਤਾ ਪੰਛੀਆਂ ਤੇ ਜਾਨਵਰਾਂ 'ਚ ਵੇਖਿਓ, ਤੁਹਾਨੂੰ ਆਪਣੇ ਆਪ ਮਨੁੱਖ ਹੋਣ 'ਤੇ ਸੰਗ ਆਉਣ ਲੱਗ ਪਵੇਗੀ। ਚਰਿੱਤਰ ਦੀਆਂ ਟਾਹਰਾਂ ਮਾਰਨ ਵਾਲਾ ਬੰਦਾ ਨਹੀਂ ਸਮਝ ਰਿਹਾ ਕਿ ਪੰਛੀਆਂ ਦੀ ਅਬਾਦੀ ਵਧ ਕਿਉਂ ਨਹੀਂ ਰਹੀ! ਅਸਲ ਵਿਚ ਮਾੜਾ ਕੁਝ ਵੀ ਨਹੀਂ ਹੁੰਦਾ, ਇਹ ਥੋੜੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਨਜ਼ਰ ਨੂੰ ਕਿੰਨਾ ਕੁ ਸਾਫ ਰੱਖਦੇ ਹੋ। ਥੋੜ੍ਹਾ ਗੌਰ ਕਰਨਾ, ਜੋ ਵਾਰਤਾ ਤੇ ਵਿੱਥਿਆ ਮੈਂ ਹੇਠਾਂ ਸੁਣਾਉਣ ਲੱਗਾ ਹਾਂ।

ਗੱਲ ਸਾਂਦਲ ਬਾਰ ਦੇ ਪਿੰਡਾਂ ਦੀ ਹੈ। ਅੱਲਾ ਦਿੱਤਾ ਤੇ ਮਾਰੀਆ ਦੇ ਘਰ ਢਲਦੀ ਜਵਾਨੀ 'ਚ ਇੱਕ ਪੁੱਤਰ ਨੇ ਜਨਮ ਲਿਆ। ਥੋੜ੍ਹਾ ਵੱਡਾ ਹੋਇਆ ਤਾਂ ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਕਿ ਰੱਬ ਨੇ ਉਨ੍ਹਾਂ ਦੀ ਅਰਜੋਈ ਤਾਂ ਸੁਣ ਲਈ ਹੈ ਪਰ ਲਗਦਾ ਇਉਂ ਹੈ ਜਿਵੇਂ ਕੋਈ ਉਲਾਂਭਾ ਹੀ ਲਾਹ ਦਿੱਤਾ ਹੋਵੇ। ਉਨ੍ਹਾਂ ਦਾ ਪੁੱਤਰ ਨਾ ਮੌਲਵੀ ਕੋਲ ਪੜ੍ਹਨ ਗਿਆ, ਨਾ ਉਹ ਕੁਝ ਕਰਨਾ ਚਾਹੁੰਦਾ ਸੀ, ਰੋ ਤਾਂ ਲੈਂਦਾ ਸੀ ਪਰ ਹੱਸਦਾ ਨਹੀਂ ਸੀ, ਬੋਲਦਾ ਉਨਾ ਕੁ ਹੀ ਸੀ, ਜਿੰਨਾ ਕੁ ਢਿੱਡ ਦੁਹਾਈ ਪਾ ਕੇ ਬੋਲਣ ਨੂੰ ਮਜ਼ਬੂਰ ਕਰਦਾ। ਬੜੇ ਵੈਦਾਂ-ਹਕੀਮਾਂ ਕੋਲ ਦਿਖਾਇਆ, ਪਰ ਕਿਸੇ ਦੇ ਖਾਨੇ 'ਚ ਗੱਲ ਨਾ ਪਈ। ਰੱਬ ਦੀ ਮਿਹਰਬਾਨੀ ਇਹ ਸੀ ਕਿ ਫਜ਼ਲਦੀਨ ਸੁਨੱਖਾ ਰੱਜ ਕੇ ਸੀ। ਨੈਣ-ਨਕਸ਼ ਵੀ ਏਦਾਂ ਦੇ ਕੇ ਸ਼ਾਇਦ ਰਾਂਝਾ ਵੀ ਉਸ ਨੂੰ ਦੇਖ ਕੇ ਸ਼ਰਮਿੰਦਾ ਹੋ ਜਾਂਦਾ। ਕੱਦ ਸਰੂ ਵਰਗਾ, 16 ਸਾਲ ਦੀ ਉਮਰ 'ਚ ਖੜ੍ਹਾ ਹੀ ਕੋਠੇ ਦਾ ਬਨੇਰਾ ਛੂਹ ਲੈਂਦਾ। ਕਿਸੇ ਨੇ ਦੱਸ ਪਾਈ ਕਿ ਇੱਕ ਟਿੱਲੇ 'ਤੇ ਫਕੀਰ ਦੀ ਦਰਗਾਹ 'ਤੇ ਜਾਓ, ਤੁਹਾਡਾ ਫਜ਼ਲਦੀਨ ਰਾਜੀ-ਬਾਜੀ ਹੋ ਜਾਵੇਗਾ। ਗੱਲ ਮਾਰੀਆ ਦੇ ਮਨ ਨੂੰ ਲੱਗ ਗਈ। ਪੈਂਡਾ ਬੜਾ ਲੰਬਾ ਸੀ, ਦੋ ਦਿਨ ਤੁਰ ਕੇ ਜਾਣ ਨੂੰ ਲੱਗਣੇ ਸਨ। ਖੈਰ! ਪੁੱਤਰ ਦਾ ਮੋਹ ਤੇ ਬੁਢਾਪੇ ਦਾ ਫਿਕਰ ਸਭ ਕੁਝ ਕਰਨ ਲਈ ਮਜ਼ਬੂਰ ਕਰ ਰਿਹਾ ਸੀ। ਸਰਵਣ ਭਗਤ ਨੇ ਤਾਂ ਆਪਣੇ ਮਾਂ-ਪਿਉ ਦੀ ਵਹਿੰਗੀ ਚੁੱਕੀ ਸੀ ਪਰ ਇੱਕ ਮਾਂ-ਬਾਪ ਆਪਣੇ ਸਰਵਣ ਪੁੱਤਰ ਨੂੰ ਜ਼ਿੰਦਗੀ ਦੇ ਯੋਗ ਬਣਾਉਣ ਲਈ ਉਂਗਲਾਂ ਫੜ੍ਹਾ ਕੇ ਘਰੋਂ ਨਿਕਲ ਤੁਰੇ ਸਨ। ਪਹਿਲਾ ਸਾਰਾ ਦਿਨ ਤੁਰਦਿਆਂ ਦਾ ਲੰਘ ਗਿਆ। ਰਾਤ ਪਈ ਇੱਕ ਪਿੰਡ ਦੇ ਬਾਹਰ ਜੰਡ ਦੇ ਹੇਠਾਂ ਲੜ ਬੰਨ੍ਹੇ ਦੋ-ਦੋ ਫੁਲਕੇ ਛਕ ਕੇ ਸੌਂ ਗਏ। ਉਨ੍ਹਾਂ ਨੇ ਦੇਖਿਆ ਹੀ ਨਾ ਕਿ ਜੰਡ ਦੇ ਖੱਬੇ ਪਾਸੇ ਇੱਕ ਬਰਮੀ ਵੀ ਹੈ, ਦਿਨ ਚੜ੍ਹਿਆ ਫਜ਼ਲਦੀਨ ਉਠਿਆ, ਪਰ ਅੱਲਾ ਦਿੱਤਾ ਤੇ ਮਾਰੀਆ ਨਾ ਉਠੇ। ਦੋਹਾਂ ਨੂੰ ਨਾਗ ਡੱਸ ਗਿਆ ਸੀ। ਪਿੰਡ 'ਕੱਠਾ ਹੋ ਗਿਆ ਤੇ ਲੋਕ ਆਖ ਰਹੇ ਸਨ ਕਿ ਇਸ ਬਰਮੀ ਕੋਲੋਂ ਤਾਂ ਲੋਕ ਦਿਨੇ ਨਹੀਂ ਲੰਘਦੇ, ਇਹ ਰਾਤ ਕਿਵੇਂ ਟਿਕ ਗਏ। ਭਾਣਾ ਵਰਤ ਹੀ ਜਾਣਾ ਸੀ। ਖੈਰ! ਜ਼ਹਿਰ ਨਾਲ ਨੀਲੀਆਂ ਹੋਈਆਂ ਲਾਸ਼ਾਂ ਫਜ਼ਲਦੀਨ ਦੇ ਕਹਿਣ ਮੁਤਾਬਕ ਉਸੇ ਹੀ ਪਿੰਡ ਵਿਚ ਦਫਨ ਕਰ ਦਿੱਤੀਆਂ ਗਈਆਂ, ਪਰ ਮਾਂ-ਬਾਪ ਦੇ ਤੁਰ ਜਾਣ 'ਤੇ ਵੀ ਨਾ ਫਜ਼ਲਦੀਨ ਰੋਇਆ, ਨਾ ਅੱਖ 'ਚੋਂ ਅੱਥਰੂ ਸੁੱਟਿਆ ਤੇ ਨਾ ਜ਼ਬਾਨ 'ਚੋਂ ਕੋਈ ਸ਼ਬਦ ਕੱਢਿਆ। ਉਹਦੀ ਚੁੱਪ ਨੇ ਲੋਕਾਂ ਨੂੰ ਇਹ ਜਾਣਨ ਲਈ ਮਜ਼ਬੂਰ ਕਰ ਦਿੱਤਾ ਕਿ ਆਖਰ ਕਹਾਣੀ ਕੀ ਹੈ? ਚਲੋ ਫਜ਼ਲਦੀਨ ਨੇ ਇਹ ਦੱਸ ਦਿੱਤਾ ਕਿ ਮੈਨੂੰ ਹੋਰ ਤਾਂ ਕੁਝ ਪਤਾ ਨਹੀਂ, ਇਹ ਜਾਣਦਾਂ ਸਾਂ ਕਿ ਅਸੀਂ ਇੱਕ ਟਿੱਲੇ 'ਤੇ ਪੀਰ ਦੀ ਦਰਗਾਹ 'ਤੇ ਜਾ ਰਹੇ ਸਾਂ। ਤੇ ਨਾਲ ਹੀ ਉਹਨੇ ਇੱਛਾ ਜ਼ਾਹਰ ਕੀਤੀ ਕਿ ਮੈਂ ਘਰ ਨਹੀਂ ਪਰਤਣਾ ਚਾਹੁੰਦਾ, ਮੈਨੂੰ ਇਹ ਵੀ ਨਹੀਂ ਪਤਾ ਕਿ ਉਥੇ ਕਿਉਂ ਜਾ ਰਹੇ ਸਾਂ, ਪਰ ਮੇਰੇ 'ਤੇ ਇੰਨਾ ਰਹਿਮ ਕਰ ਦਿਉ ਕਿ ਜੇ ਛੱਡ ਸਕਦੇ ਹੋ ਤਾਂ ਉਸ ਪੀਰ ਦੀ ਦਰਗਾਹ 'ਤੇ ਛੱਡ ਆਵੋ। ਪਿੰਡ ਦਾ ਇੱਕ ਘੁਮਿਆਰ ਖੱਚਰ ਲੈ ਕੇ ਆਇਆ, ਫਜ਼ਲਦੀਨ ਨੂੰ ਉਸ 'ਤੇ ਬਿਠਾਇਆ ਤੇ ਉਸ ਦਰਗਾਹ ਵੱਲ ਲੈ ਕੇ ਤੁਰ ਪਿਆ। ਬੜਾ ਉਚਾ ਟਿੱਲਾ ਸੀ, ਖੱਚਰ ਵੀ ਚੜ੍ਹਾਈ ਚੜ੍ਹਦਿਆਂ ਸਾਹੋ ਸਾਹੀ ਹੋ ਰਹੀ ਸੀ ਤੇ ਜਦੋਂ ਦਰਗਾਹ ਦੇ ਅੰਦਰ ਪਹੁੰਚੇ ਤਾਂ ਪਤਾ ਲੱਗਾ ਇਸ ਦਰਗਾਹ ਦੀ ਸੇਵਾ ਕਰਨ ਵਾਲਾ ਮੌਲਵੀ ਕੱਲੂ ਤਪੱਸਿਆ ਲਈ ਇੱਕ ਡੂੰਘੇ ਭੋਰੇ 'ਚ ਉਤਰ ਗਿਆ ਹੈ ਤੇ ਦਰਸ਼ਨ ਦੀਦਾਰ ਕਰਨ ਲਈ 12 ਸਾਲ ਉਡੀਕ ਕਰਨੀ ਪਏਗੀ। ਫਜ਼ਲਦੀਨ ਉਸ ਘੁਮਿਆਰ ਨੂੰ ਕਹਿਣ ਲੱਗਾ, ਤੂੰ ਜਾ ਸਕਦਾ ਏਂ। ਮੈਂ ਇਸ ਫਕੀਰ ਦੇ ਦਰਸ਼ਨ ਕਰਨ ਲਈ 12 ਸਾਲ ਇੱਥੇ ਹੀ ਉਡੀਕ ਕਰਾਂਗਾ।

ਦਿਨ ਗੁਜ਼ਰਦੇ ਗਏ, ਫਜ਼ਲਦੀਨ ਸਭ ਤੋਂ ਅੱਗੇ ਹੋ ਕੇ ਸੇਵਾ ਕਰਦਾ, ਤੜਕੇ ਉਠ ਕੇ ਝਾੜੂ ਫੇਰਦਾ ਤੇ ਵੀਰਵਾਰ ਨੂੰ ਮਿੱਠੇ ਚੌਲਾਂ ਦੀ ਨਿਆਜ਼ ਤਿਆਰ ਕਰਕੇ ਵੰਡਦਾ। ਕਦੇ ਕਦਾਈਂ ਸੇਵਾਦਾਰ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਪਰ ਫਜ਼ਲਦੀਨ ਦਾ ਇਹੀ ਘਰ ਸੀ ਤੇ ਇਹੀ ਜ਼ਿੰਦਗੀ। 12 ਸਾਲਾਂ ਬਾਅਦ ਫਕੀਰ ਮੀਆਂ ਬਖਸ਼ ਨੇ ਆਪਣੀ ਤਪੱਸਿਆ ਮੁਕੰਮਲ ਕੀਤੀ ਤਾਂ ਉਹ ਭੋਰੇ 'ਚੋਂ ਬਾਹਰ ਆਇਆ। ਫਜ਼ਲਦੀਨ ਨੂੰ ਦੇਖ ਕੇ ਪੁੱਛਣ ਲੱਗਾ, 'ਇਹ ਕੌਣ ਏ!' ਇੱਕ ਪੁਰਾਣੇ ਸੇਵਾਦਾਰ ਨੇ ਉਤਰ ਦਿੱਤਾ, 'ਹਜ਼ੂਰ ਇਹ 12 ਸਾਲ ਤੋਂ ਤੁਹਾਡੀ ਉਡੀਕ ਕਰ ਰਿਹਾ ਹੈ, ਨਾਂ ਫਜ਼ਲਦੀਨ ਹੈ। ਜਦੋਂ ਇਹ ਆਇਆ ਸੀ ਤਾਂ ਇਹਦੇ ਨਾ ਮੁੱਛ ਸੀ, ਨਾ ਦਾਹੜੀ। ਇਹ ਹੁਣ ਮੌਲਵੀਆਂ ਵਰਗਾ ਲੱਗਣ ਲੱਗ ਪਿਆ ਹੈ।'

ਫਕੀਰ ਮੀਆਂ ਬਖਸ਼ ਨੇ ਫਜ਼ਲਦੀਨ ਨੂੰ ਗਲ ਲਾਇਆ ਤੇ ਉਹ ਸਮਝ ਗਿਆ ਸੀ ਕਿ ਮਰਜ਼ ਕੀ ਹੈ। ਤੇ ਨਾਲ ਹੀ ਉਸ ਨੇ ਫਜ਼ਲਦੀਨ ਨੂੰ ਵਰਦਾਨ ਦਿੱਤਾ, ਪੁੱਤਰਾ ਜਾ ਅੱਜ ਤੋਂ ਬਾਅਦ ਖੁਸ਼ ਰਹੇਂਗਾ। ਆਹ ਡੱਬੀਆਂ ਵਾਲਾ ਰੁਮਾਲ ਲੈ ਜਾਹ ਤੇ ਜਦੋਂ ਇਹਨੂੰ ਉਪਰ ਨੂੰ ਸੁੱਟ ਕੇ ਹੱਸੇਂਗਾ ਤਾਂ ਅੰਬਰੋਂ ਫੁੱਲਾਂ ਦੀ ਵਰਖਾ ਹੋਵੇਗੀ, ਪਰ ਇੰਜ ਦੋ ਵਾਰ ਹੀ ਹੋ ਸਕੇਗਾ। ਫਜ਼ਲਦੀਨ ਪੁੱਛਦਾ ਪਛਾਉਂਦਾ ਆਪਣੇ ਪਿੰਡ ਪਰਤ ਆਇਆ ਤੇ ਉਂਜ ਪਿੰਡ ਵਾਲਿਆਂ ਨੂੰ ਉਹ ਪੁਰਾਣਾ ਫਜ਼ਲਦੀਨ ਨਹੀਂ ਲੱਗ ਰਿਹਾ ਸੀ।

ਫਜ਼ਲਦੀਨ ਦੇ ਨਿਕਾਹ ਦੀਆਂ ਗੱਲਾਂ ਹੋਣ ਲੱਗੀਆਂ। ਕੋਈ ਆਖਦਾ ਇਹ ਰਾਂਝਾ ਹੈ, ਇਹਨੂੰ



ਸਿਆਲਾਂ ਤੋਂ ਹੀਰ ਲਿਆ ਕੇ ਦਿਓ, ਪਰ ਫਜ਼ਲਦੀਨ ਮਨ 'ਚ ਸੋਚਦਾ ਕਿ ਇੱਕ ਜੰਡ ਹੇਠਾਂ ਤਾਂ ਸਾਹਿਬਾਂ ਦੇ ਭਰਾਵਾਂ ਨੇ ਮਿਰਜ਼ਾ ਵੱਢਿਆ ਸੀ ਤੇ ਇੱਕ ਜੰਡ ਮੇਰੇ ਮਾਂ-ਬਾਪ ਨੂੰ ਨਿਗਲ ਗਿਆ। ਸਾਹਿਬਾਂ ਤੇ ਹੀਰ ਦੀਆਂ ਗੱਲਾਂ ਨਾ ਕਰੋ, ਮੈਨੂੰ ਸਿਰਫ ਮੇਰੀ ਬੀਵੀ ਲਿਆ ਕੇ ਦਿਓ। ਫਿਰ ਰਿਸ਼ਤਾ ਹੋਇਆ, ਨਿਕਾਹ ਪੜ੍ਹਿਆ ਗਿਆ। ਬੜੀ ਖੂਬਸੂਰਤ ਫਾਤਮਾ ਨਾਂ ਦੀ ਲੜਕੀ ਉਹਦੀ ਬੀਵੀ ਬਣ ਗਈ। ਤੇ ਜੋੜੀ ਇਵੇਂ ਲਗਦੀ ਸੀ ਜਿਵੇਂ ਚੰਨ ਦੋ ਟੁਕੜਿਆਂ 'ਚ ਵੰਡਿਆ ਗਿਆ ਹੋਵੇ। ਪਹਿਲੀ ਰਾਤ ਨੂੰ ਫਜ਼ਲਦੀਨ ਨੂੰ ਉਸ ਫਕੀਰ ਦਾ ਵਰਦਾਨ ਯਾਦ ਆਇਆ ਕਿ ਡੱਬੀਆਂ ਵਾਲੇ ਰੁਮਾਲ ਦਾ ਕ੍ਰਿਸ਼ਮਾ ਕਰਕੇ ਵੇਖਦੇ ਹਾਂ, ਉਹ ਹੱਸਿਆ ਤੇ ਰੁਮਾਲ ਹਵਾ 'ਚ ਹਿਲਾ ਦਿੱਤਾ, ਫੁੱਲਾਂ ਦੀ ਏਨੀ ਵਰਖਾ ਹੋਈ ਕਿ ਚਾਰ-ਚਾਰ ਗਿੱਠਾਂ ਸ਼ਹਿਰ ਫੁੱਲਾਂ ਨਾਲ ਲੱਦਿਆ ਗਿਆ। ਗੱਲ ਉਸ ਰਿਆਸਤ ਦੇ ਬਾਦਸ਼ਾਹ ਤੱਕ ਚਲੀ ਗਈ। ਫਜ਼ਲਦੀਨ ਨੂੰ ਦਰਬਾਰ 'ਚ ਬੁਲਾਇਆ ਗਿਆ। ਬਾਦਸ਼ਾਹ ਨੇ ਪੁੱਛਿਆ, 'ਕਾਕਾ ਇਹ ਕ੍ਰਿਸ਼ਮਾ ਕਿਵੇਂ ਹੋਇਆ ਹੈ?' ਫਜ਼ਲਦੀਨ ਹੱਸ ਪਿਆ, 'ਬਾਦਸ਼ਾਹ ਸਲਾਮਤ, ਮੇਰੇ ਮਾਂ-ਬਾਪ ਤੁਰ ਗਏ ਸਨ, ਉਨ੍ਹਾਂ ਨੂੰ ਇੱਕ ਨਾਗ ਨੇ ਡੱਸ ਲਿਆ ਸੀ। ਮੇਰੀ ਉਦਾਸੀ ਤੇ ਚੁੱਪ ਨੂੰ ਦੂਰ ਕਰਨ ਲਈ ਉਹ ਇੱਕ ਫਕੀਰ ਦੀ ਦਰਗਾਹ 'ਤੇ ਲੈ ਕੇ ਜਾਣਾ ਚਾਹੁੰਦੇ ਸਨ। ਮੈਂ ਉਸ ਦਰਗਾਹ 'ਤੇ 12 ਸਾਲ ਦਿਲੋਂ-ਮਨੋ ਸੇਵਾ ਕੀਤੀ ਤੇ ਫਕੀਰ ਨੇ ਇੱਕ ਰੁਮਾਲ ਦੇ ਕੇ ਵਰਦਾਨ ਦਿੱਤਾ ਸੀ ਕਿ ਤੂੰ ਜਦੋਂ ਵੀ ਇਸ ਨੂੰ ਹੱਸ ਕੇ ਹਵਾ 'ਚ ਹਿਲਾਏਂਗਾ ਤਾਂ ਰੱਜ ਕੇ ਫੁੱਲਾਂ ਦੀ ਵਰਖਾ ਹੋਏਗੀ। ਪਰ ਏਦਾਂ ਦੋ ਵਾਰ ਹੀ ਹੋ ਸਕੇਗਾ। ਇੱਕ ਵਾਰ ਮੈਂ ਰੁਮਾਲ ਹਿਲਾ ਲਿਆ ਹੈ ਤੇ ਇੱਕ ਵਾਰ ਮੈਂ ਇਸ ਨੂੰ ਉਦੋਂ ਹਿਲਾਵਾਂਗਾ ਜਦੋਂ ਮੇਰੇ ਘਰ ਪੁੱਤ ਜਾਂ ਧੀ ਨੇ ਜਨਮ ਲਿਆ। ਬਾਦਸ਼ਾਹ ਨੇ ਫਜ਼ਲਦੀਨ ਨੂੰ ਸੋਨੇ ਦੀਆਂ ਮੋਹਰਾਂ ਦੇ ਕੇ ਸ਼ਗਨਾਂ ਨਾਲ ਘਰ ਤੋਰ ਦਿੱਤਾ।

ਛੇ ਕੁ ਮਹੀਨਿਆਂ ਬਾਅਦ ਬਾਦਸ਼ਾਹ ਦੀ ਧੀ ਦਾ ਨਿਕਾਹ ਆ ਗਿਆ। ਬਾਦਸ਼ਾਹ ਨੂੰ ਯਾਦ ਆਇਆ ਕਿ ਨਿਕਾਹ 'ਤੇ ਫਜ਼ਲਦੀਨ ਨੂੰ ਬੁਲਾਉਂਦੇ ਹਾਂ, ਜਦੋਂ ਨਿਕਾਹ ਹੋ ਕੇ ਹਟਿਆ ਤਾਂ ਉਹ ਹੱਸ ਕੇ ਰੁਮਾਲ ਹਿਲਾਏਗਾ ਤਾਂ ਮੇਰੀ ਖੁਸ਼ੀ ਬਹੁਤ ਵੱਡੀ ਹੋ ਜਾਵੇਗੀ ਜਦੋਂ ਅੰਬਰਾਂ ਤੋਂ ਫੁੱਲਾਂ ਦੀ ਵਰਖਾ ਹੋਵੇਗੀ ਤੇ ਜਦੋਂ ਫਿਰ ਇਹਦੇ ਕੋਈ ਧੀ-ਪੁੱਤ ਹੋਇਆ ਤਾਂ ਮੈਂ ਖਜ਼ਾਨਾ ਹੀ ਲੁਟਾ ਦਿਆਂਗਾ। ਤੇ ਉਸ ਨੇ ਫਜ਼ਲਦੀਨ ਨੂੰ ਵਿਆਹ 'ਤੇ ਇੰਜ ਕਰਨ ਲਈ ਰਜ਼ਾਮੰਦ ਕਰ ਲਿਆ। ਉਸ ਨੂੰ ਬੱਘੀ 'ਤੇ ਬੈਠ ਕੇ ਆਉਣ ਦੀ ਪੇਸ਼ਕਸ਼ ਕੀਤੀ, ਪਰ ਫਜ਼ਲਦੀਨ ਨੇ ਇਹ ਕਹਿ ਕੇ ਠੁਕਰਾ ਦਿੱਤੀ, 'ਬਾਦਸ਼ਾਹ ਸਲਾਮਤ ਮੈਂ ਨਿਮਰਤਾ ਨਾਲ ਆਵਾਂਗਾ ਤੇ ਥੋੜੇ ਮਹਿਲਾਂ ਤੱਕ ਪੈਦਲ ਚੱਲ ਕੇ ਆਵਾਂਗਾ। ਭਾਵੇਂ ਇਸ ਨੂੰ ਦੋ ਦਿਨ ਲੱਗਣ।'

ਉਹ ਦਿਨ ਆ ਗਿਆ। ਫਜ਼ਲਦੀਨ ਬਾਦਸ਼ਾਹ ਦੇ ਮਹਿਲਾਂ ਵੱਲ ਤੁਰਨ ਲੱਗਾ ਤਾਂ ਉਹਦੀ ਬੀਵੀ ਗਲ 'ਚ ਬਾਹਾਂ ਪਾ ਕੇ ਤਰਲੇ ਜਿਹੇ ਨਾਲ ਕਹਿਣ ਲੱਗੀ, 'ਮੇਰੇ ਮਾਲਕ ਮੈਂ ਤੇਰੇ ਬਿਨਾ 'ਕੱਲੀ ਕਿਵੇਂ ਰਹਾਂਗੀ! ਤੂੰ ਮੈਨੂੰ ਛੱਡ ਕੇ ਨਾ ਜਾਹ, ਤੇ ਮੈਨੂੰ ਵੀ ਨਾਲ ਲੈ ਜਾਹ।' ਫਜ਼ਲਦੀਨ ਕਹਿਣਾ ਲੱਗਾ, 'ਨਹੀਂ ਮੇਰੀ ਜਾਨ, ਬਾਦਸ਼ਾਹ ਨੇ ਮੈਨੂੰ ਇਕੱਲੇ ਨੂੰ ਬੁਲਾਇਆ ਹੈ।' ਉਹ ਘੁੱਟ ਕੇ ਗਲ ਲੱਗ ਕੇ ਮਿਲੇ ਤੇ ਫਜ਼ਲਦੀਨ ਘਰੋਂ ਨਿਕਲ ਤੁਰਿਆ। ਹਾਲੇ ਚਾਰ ਕੁ ਕੋਹ ਵਾਟ ਗਿਆ ਹੋਏਗਾ ਕਿ ਉਸ ਨੂੰ ਯਾਦ ਆਇਆ ਕਿ ਡੱਬੀਆਂ ਵਾਲਾ ਰੁਮਾਲ ਤਾਂ ਘਰ ਹੀ ਰਹਿ ਗਿਆ ਹੈ। ਉਨ੍ਹੀਂ ਪੈਰੀਂ ਵਾਪਸ ਆਇਆ ਤਾਂ ਘਰਦਾ ਬਾਹਰਲਾ ਬੂਹਾ ਬੰਦ ਸੀ, ਅੰਦਰੋਂ ਇਤਰਾਜ਼ਯੋਗ ਆਵਾਜ਼ਾਂ ਆ ਰਹੀਆਂ ਸਨ। ਬੀਵੀ ਨੂੰ ਚਿੱਤ ਚੇਤਾ ਹੀ ਨਹੀਂ ਸੀ ਕਿ ਫਜ਼ਲਦੀਨ ਏਨੀ ਛੇਤੀ ਵਾਪਸ ਆ ਸਕਦਾ ਹੈ। ਉਹਨੇ ਬੂਹਾ ਖੋਲ੍ਹਿਆ, ਰੁਮਾਲ ਲਿਆ ਤੇ ਉਹਦੀ ਨਜ਼ਰ ਪਈ ਕਿ ਇੱਕ ਮਰਦ ਘਰ 'ਚ ਪਰਦੇ ਦੇ ਉਹਲੇ ਲੁਕਿਆ ਹੋਇਐ, ਜਿਸ ਦੀਆਂ ਲੱਤਾਂ ਗੋਡਿਆਂ ਤੱਕ ਨੰਗੀਆਂ ਦਿਸ ਰਹੀਆਂ ਸਨ ਪਰ ਫਜ਼ਲਦੀਨ ਬੋਲਿਆ ਕੁਝ ਨਾ ਤੇ ਰੁਮਾਲ ਲੈ ਕੇ ਆਪਣੇ ਪੈਂਡੇ 'ਤੇ ਤੁਰ ਪਿਆ। ਸਾਰੀ ਵਾਟ ਉਹ ਸੋਚਦਾ ਰਿਹਾ ਕਿ ਕਿਹਦੇ 'ਤੇ ਵਿਸ਼ਵਾਸ ਕੀਤਾ ਜਾਵੇ? ਮੇਰੀ ਬੀਵੀ ਤਾਂ ਆਖ ਰਹੀ ਸੀ ਕਿ ਤੇਰੇ ਬਿਨਾ ਪਲ ਨਹੀਂ ਜਿਉਂਦੀ, ਪਰ ਘਰ 'ਚ ਓਪਰਾ ਮਰਦ...!

ਫਜ਼ਲਦੀਨ ਬਾਦਸ਼ਾਹ ਦੇ ਮਹਿਲਾਂ 'ਚ ਪਹੁੰਚ ਗਿਆ, ਉਹਦਾ ਰੱਜ ਕੇ ਸਵਾਗਤ ਹੋਇਆ। ਰਾਤ ਨੂੰ ਤਬੇਲੇ 'ਚ ਇੱਕ ਸਾਫ ਜਗ੍ਹਾ ਉਹਦੇ ਸੌਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ। ਅੱਧੀ ਰਾਤ ਹੋ ਚੁਕੀ ਸੀ ਪਰ ਫਜ਼ਲਦੀਨ ਨੂੰ ਆਪਣੀ ਬੀਵੀ ਦਾ ਚਰਿੱਤਰ ਯਾਦ ਕਰਕੇ ਨੀਂਦ ਨਾ ਆਵੇ। ਉਹਨੂੰ ਇੱਕ ਬਿੜਕ ਸੁਣਾਈ ਦਿੱਤੀ, ਬਾਦਸ਼ਾਹ ਦੀ ਉਹੀ ਧੀ ਜਿਸ ਦਾ ਸਵੇਰ ਨੂੰ ਨਿਕਾਹ ਹੋਣਾ ਸੀ, ਤਬੇਲੇ 'ਚ ਆਪਣੇ ਪ੍ਰੇਮੀ ਨਾਲ ਪਿਆਰ ਦੀਆਂ ਪੀਂਘਾਂ ਝੂਟ ਰਹੀ ਸੀ। ਉਹਦੇ ਮਨ ਨੂੰ ਕੁਝ ਤਸੱਲੀ ਹੋਈ ਕਿ ਚਲੋ ਮੇਰੀ ਬੀਵੀ ਤਾਂ ਨਿਕਾਹ ਤੋਂ ਬਾਅਦ ਏਦਾ ਕਰ ਰਹੀ ਸੀ ਤੇ ਬਾਦਸ਼ਾਹ ਦੀ ਧੀ ਨਿਕਾਹ ਤੋਂ ਪਹਿਲਾਂ ਇਉਂ ਕਰ ਰਹੀ ਹੈ। ਆਪਣੇ ਅੰਦਰ ਝਾਤੀ ਮਾਰ ਬੁੜਬੁੜਾਇਆ, 'ਓ ਮਨਾ! ਉਠ ਹਲਾਤ ਗਰੀਬ ਘਰਾਂ 'ਚ ਨਹੀਂ, ਵੱਡਿਆਂ ਘਰਾਂ 'ਚ ਵੀ ਉਹੀ ਨੇ।' ਪਰ ਫਿਰ ਵੀ ਇਸ ਵਰਤਾਰੇ ਦੀ ਉਦਾਸੀ ਉਹਦੇ ਮਨ 'ਚੋਂ ਨਾ ਨਿਕਲੀ।

ਸਵੇਰ ਨੂੰ ਨਿਕਾਹ ਹੋਇਆ, ਫਜ਼ਲਦੀਨ ਨੂੰ ਉਚੇ ਥਾਂ ਇੱਕ ਕੁਰਸੀ 'ਤੇ ਬਿਠਾਇਆ ਹੋਇਆ ਸੀ। ਤਾਜ਼ 'ਤੇ ਬੈਠੇ ਬਾਦਸ਼ਾਹ ਨੇ ਇਸ਼ਾਰਾ ਕੀਤਾ ਕਿ ਫਜ਼ਲਦੀਨ ਆਪਣਾ ਕੰਮ ਕਰ। ਪਰ ਉਸ ਨੂੰ ਹਾਸਾ ਨਹੀਂ ਆ ਰਿਹਾ ਸੀ, ਕੋਲ ਬੈਠੇ ਲੋਕ ਬਾਦਸ਼ਾਹ ਦੇ ਚਿਹਰੇ 'ਤੇ ਗੁੱਸਾ ਵੇਖ ਫਜ਼ਲਦੀਨ ਦੀਆਂ ਵੱਖੀਆਂ 'ਚ ਕੁਤਕਤਾਰੀਆਂ ਕਰਨ ਦੀ ਵੀ ਕੋਸ਼ਿਸ਼ ਕਰਨ ਪਰ ਉਸ ਦੇ ਉਦਾਸ ਚਿਹਰੇ 'ਤੇ ਰੌਣਕ ਨਾ ਆਈ। ਬਾਦਸ਼ਾਹ ਦੇ ਸੁਪਨਿਆਂ ਨੂੰ ਜੰਗਾਲ ਲੱਗ ਗਿਆ, ਫੁੱਲਾਂ ਦੀ ਵਰਖਾ ਹੋਈ ਹੀ ਨਾ। ਧੀ ਦੀ ਡੋਲੀ ਤੁਰ ਗਈ। ਤੇ ਬਾਦਸ਼ਾਹ ਨੇ ਫਜ਼ਲਦੀਨ ਨੂੰ ਸੀਖਾਂ 'ਚ ਬੰਦ ਕਰ ਦਿੱਤਾ। ਹੁਕਮ ਦਿੱਤਾ ਕਿ ਸਵੇਰ ਨੂੰ ਇਸ ਦੁਸ਼ਟ ਨੂੰ ਕੁੱਤਿਆਂ ਦੇ ਸਾਹਮਣੇ ਸੁੱਟ ਦਿੱਤਾ ਜਾਵੇ।

ਸਜ਼ਾ ਦਾ ਵਕਤ ਆਇਆ ਤਾਂ ਫਜ਼ਲਦੀਨ ਹੱਥ ਜੋੜ ਕੇ ਖੜ੍ਹਾ ਹੋ ਗਿਆ, 'ਬਾਦਸ਼ਾਹ ਸਲਾਮਤ ਸਜ਼ਾ ਤਾਂ ਮੈਨੂੰ ਦੇ ਹੀ ਰਹੇ ਹੋ ਪਰ ਹੱਸਿਆ ਕਿਉਂ ਨਹੀਂ? ਇਹ ਤਾਂ ਜਾਣ ਲਵੋ। ਜੇ ਤੁਸੀਂ ਮੇਰੇ ਥਾਂ ਹੁੰਦੇ ਤਾਂ ਹਾਸਾ ਤੁਹਾਨੂੰ ਵੀ ਨਹੀਂ ਆ ਸਕਦਾ ਸੀ।' ਤੇ ਉਸ ਨੇ ਆਪਣੀ ਬੀਵੀ ਤੇ ਬਾਦਸ਼ਾਹ ਦੀ ਧੀ ਦਾ ਚਰਿੱਤਰ ਭਰੀ ਪਰਿਆ ਵਿਚ ਵਿੱਥਿਆ ਵਾਂਗ ਸੁਣਾ ਦਿੱਤਾ। ਫਿਰ ਬੋਲਿਆ, 'ਹਜ਼ੂਰ ਹੁਣ ਤੁਸੀਂ ਮੈਨੂੰ ਕੁੱਤਿਆਂ ਕੋਲੋਂ ਤਾਂ ਕੀ ਜਿਸ ਤੋਂ ਵੀ ਚਾਹੋ ਮਰਵਾ ਸਕਦੇ ਹੋ।' ਬਾਦਸ਼ਾਹ ਦਾ ਦਿਲ ਪਿਘਲ ਗਿਆ, ਉਸ ਨੇ ਫਜ਼ਲਦੀਨ ਨੂੰ ਘੁੱਟ ਕੇ ਗਲ ਲਾਇਆ ਤੇ ਕਹਿਣ ਲੱਗਾ, 'ਤੈਨੂੰ ਮਾਫ ਹੀ ਨਹੀਂ ਕੀਤਾ ਸਗੋਂ ਮੇਰੀ ਵਜ਼ਾਰਤ 'ਚ ਸਲਾਹਕਾਰ ਹੋਵੇਂਗਾ ਤੇ ਮੈਂ ਤੈਨੂੰ ਆਪਣੀ ਦੂਜੀ ਧੀ ਦੂਜੇ ਨਿਕਾਹ ਲਈ ਪੇਸ਼ ਕਰਦਾ ਹਾਂ।' ਤੇ ਉਸ ਦਿਨ ਬਾਦਸ਼ਾਹ ਨੇ ਕਿਹਾ ਫਜ਼ਲਦੀਨ ਅੱਜ ਤੋਂ ਬਾਅਦ ਤੈਨੂੰ ਕੋਈ ਫਜ਼ਲਦੀਨ ਨਹੀਂ ਕਹੇਗਾ ਤੂੰ 'ਹਸਮੁੱਖ' ਦੇ ਨਾਂ ਨਾਲ ਜਾਣਿਆ ਜਾਵੇਂਗਾ।

ਬਾਦਸ਼ਾਹ ਨੂੰ ਸਮਝ ਆ ਗਈ ਸੀ ਕਿ ਅੱਲਾ ਤੁਹਾਡੀਆਂ ਸਮੱਸਿਆਵਾਂ ਦਾ ਤਾਂ ਹੱਲ ਕਰ ਸਕਦਾ ਹੈ ਪਰ ਮੁਸੀਬਤਾਂ ਦਾ ਨਹੀਂ।

## ਪੁੱਤਰ, ਧੀ ਅਤੇ ਮਾਂ

ਪੁੱਤਰ ਤੇ ਧੀ ਨੂੰ ਜੰਮਣ ਖਾਤਰ
ਮਾਂ ਬਰਾਬਰ ਪੀੜ ਹੈ ਸਹਿੰਦੀ।
ਇਕ ਦੇ ਜੰਮਿਆਂ ਲੱਡੂ ਵੰਡਦੇ
ਆਪ ਭੀ ਖੀਵੀ ਹੋ ਹੋ ਬਹਿੰਦੀ।
ਜੰਮਦਿਆਂ ਸਾਰ ਜੱਗ ਧੀ ਨੂੰ ਭੰਡਦਾ
ਕਿਉਂ ਫਿਰ ਹੋ ਕੇ ਚੁੱਪ ਹੈ ਰਹਿੰਦੀ।
ਦਿਲ ਵਿਚ ਰੱਖਦੀ ਫਰਕ ਦੋਹਾਂ 'ਚ
ਨਾਲੇ ਆਪ ਸਹਿਮੀ ਜਿਹੀ ਰਹਿੰਦੀ।
ਸਮਾਜ, ਕਾਨੂੰਨ ਰਲ ਕਰਦੇ ਧੱਕਾ
ਇਨ੍ਹਾਂ ਨੂੰ ਕੁਝ ਨਜ਼ਰ ਨਾ ਆਵੇ।
ਪੇਟੋਂ ਜੰਮਿਆਂ ਦਾ ਹੱਕ ਬਰਾਬਰ
ਬਦਕਿਸਮਤ ਦਾ ਪਤੀ ਜੇ ਮਰ ਜਾਵੇ।
ਜੱਗ ਜਣਨੀ ਭਾਵੇਂ ਰੁਤਬਾ ਪਾਇਆ
ਫਿਰ ਵੀ ਰੱਖਦੇ ਸਦਾ ਪਰਾਈ।
'ਨੂਰਪੁਰੀ' ਗੱਲ ਸਮਝ ਨਾ ਆਵੇ
ਚੰਦਰੇ ਸਮਾਜ ਇਹ ਕੀ ਰੀਤ ਚਲਾਈ!


*-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ*
*ਫੋਨ: 408-912-3438*

# ਸਿੱਧਾਂ ਦੀਆਂ ਕਰਾਮਾਤਾਂ ਦਾ ਕੋਈ ਅਸਰ ਨਾ ਹੋਇਆ ਗੁਰੂ ਜੀ ’ਤੇ

ਡਾ. ਰਛਪਾਲ ਸਿੰਘ

ਨਿਰੰਕਾਰੀ ਜੋਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ-ਜਲੰਦੇ ਨੂੰ ਤਾਰਦੇ ਹੋਏ, ਧਰਤਿ ਲੋਕਾਈ ਦੀ ਸੁਧਾਈ ਲਈ ਵੱਖ-ਵੱਖ ਥਾਵਾਂ ’ਤੇ ਯਾਤਰਾ ਲਈ ਗਏ। ਗੁਰੂ ਬਾਬੇ ਨੇ ਧਿਆਨ ਧਰ ਕੇ ਵੇਖਿਆ, ਸਾਰੀ ਧਰਤੀ ਹਉਮੈ ਅਤੇ ਕੂੜ ਦੀ ਅੱਗ ਵਿਚ ਸੜਦੀ ਹੋਈ ਨਜ਼ਰੀਂ ਆਈ। ਪੂਰੇ ਗੁਰੂ ਤੋਂ ਬਿਨਾਂ ਸਾਰੀ ਸ੍ਰਿਸ਼ਟੀ ’ਤੇ ਹਾਹਾਕਾਰ ਦੀ ਪੁਕਾਰਦੀ ਸੁਣੀ। ਜਗਤ ਕਲਿਆਣ ਲਈ ਸਤਿਗੁਰੂ ਜੀ ਉਦਾਸੀਆਂ (ਯਾਤਰਾਵਾਂ) ਦੀ ਰੀਤੀ ਦਾ ਪ੍ਰਾਰੰਭ ਕਰ ਕੇ, ਧਰਤਿ ਲੋਕਾਈ ਨੂੰ ਸੋਧਣ ਲਈ ਘਰੋਂ ਤੁਰ ਪਏ। ਜਗਤ ਗੁਰੂ ਬਾਬਾ ਜੀ ਤੀਰਥਾਂ ਉਤੇ ਗਏ ਅਤੇ ਸਾਰੇ ਪੂਰਬ ਫਿਰ ਕੇ ਵੇਖੇ। ਪੂਰਬਲੇ ਸਭ ਧਰਮ ਕਰਮਕਾਂਡਾਂ ਵਿਚ ਫਸੇ ਹੋਏ ਨਜ਼ਰੀਂ ਪਏ। ਸਾਰੀ ਪ੍ਰਿਥਵੀ ਅਤੇ ਚਾਰਾਂ ਜੁਗਾਂ (ਸਤਜੁਗ, ਤ੍ਰੇਤਾ, ਦੁਆਪਰ, ਕਲਯੁਗ) ਨੂੰ ਖੋਜ-ਵਿਚਾਰ ਕੇ ਵੇਖਿਆ। ਗੁਰੂ ਬਾਬੇ ਨੇ ਵੇਖਿਆ ਕਿ ਕਲਜੁਗ ਵਿਚ ਅੰਧਕਾਰ ਹੈ ਅਤੇ ਸਾਰੀ ਧਰਤੀ ਭਰਮਾਂ-ਭੇਖਾਂ ਵਿਚ ਹੀ ਫਸੀ ਪਈ ਹੈ। ਆਪ ਅਕਾਲ ਪੁਰਖ ਮਨੁੱਖ ਜਾਮੇ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਆ ਕੇ ਸਾਰੀ ਨੌਂ-ਖੰਡ ਧਰਤੀ ’ਤੇ ਫਿਰਿਆ। ਸੁਮੇਰ ਪਰਬਤ ਉਤੇ ਸਿੱਧਾਂ ਨਾਲ, ਮੱਕੇ ਵਿਚ ਕਾਜ਼ੀਆਂ ਨਾਲ, ਬਗ਼ਦਾਦ ਵਿਚ ਉੱਚ ਦੇ ਪੀਰ ਨਾਲ, ਗੋਸ਼ਟੀਆਂ ਕਰ ਕੇ ਆਪਣੀ ਜਿੱਤ ਦਾ ਡੰਕਾ ਵਜਾਉਣ ਤੋਂ ਬਾਅਦ, ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ (ਪਾਕਿਸਤਾਨ) ਵਿਚ ਆਣ ਟਿਕੇ। ਉਦਾਸੀ ਵਾਲਾ ਬਾਣਾ ਉਤਾਰ ਕੇ, ਸੰਸਾਰੀ ਲੋਕਾਂ ਵਾਂਗ ਜੀਵਨ ਬਤੀਤ ਕਰਨ ਲੱਗੇ। ਕਿਰਤ-ਵਿਰਤ ਦੇ ਨਾਲ, ਆਪ ਜੀ ਇਥੇ ਬੈਠ ਕੇ ਪਵਿੱਤਰ ਮੁੱਖ ਤੋਂ ਧੁਰ ਕੀ ਬਾਣੀ ਦਾ ਉਚਾਰਣ ਕਰਦੇ। ਗਿਆਨ-ਗੋਸ਼ਟੀਆਂ ਅਤੇ ਅਗੰਮੀ ਨਿਰੰਕਾਰ ਸਬੰਧੀ ਚਰਚਾ ਹੁੰਦੀ ਰਹਿੰਦੀ। ਅੰਮ੍ਰਿਤ ਵੇਲੇ ਜਪੁਜੀ ਸਾਹਿਬ, ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਕੀਰਤਨ ਸੋਹਿਲਾ (ਆਰਤੀ) ਦੇ ਜਾਪ ਹੁੰਦੇ। ਕਰਤਾਰਪੁਰ ਵਿਖੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਰੱਖ ਕੇ, ਸੇਵਕ ਨੂੰ ਆਪਣਾ ਰੂਪ ਬਣਾ ਲਿਆ। ਗੁਰਦਾਸਪੁਰ ਜ਼ਿਲ੍ਹੇ ਵਿਚ ਬਟਾਲੇ ਦੀ ਧਰਤੀ ’ਤੇ ਅੱਚਲ ਸਾਹਿਬ ਦੇ ਸਥਾਨ ’ਤੇ ਹਰ ਸਾਲ ਨਵੰਬਰ ਮਹੀਨੇ ਵਿਚ ਸ਼ਿਵਰਾਤਰੀ ਦਾ ਭਾਰੀ ਮੇਲਾ ਲੱਗਦਾ ਹੈ। ਸ਼ਿਵਰਾਤਰੀ ਦਾ ਮੇਲਾ ਸੁਣ ਕੇ, ਗੁਰੂ ਬਾਬਾ ਜੀ ਬਟਾਲੇ ਦੇ ਲਾਗੇ ਅੱਚਲ ਪਿੰਡ ਵਿਚ ਆ ਗਏ। ਗੁਰੂ ਜੀ ਦਾ ਦਰਸ਼ਨ ਕਰਨ ਲਈ ਲੋਕ ਦੂਰੋਂ-ਦੂਰੋਂ ਬੜੇ ਉਤਸ਼ਾਹ ਨਾਲ ਆਏ। ਭਾਈ ਮਰਦਾਨਾ ਜੀ ਦੀ ਰਬਾਬ ਵਿਚੋਂ ਜਦੋਂ ਸਤਿ ਕਰਤਾਰੀ ਤਰਬਾਂ ਨਿਕਲੀਆਂ ਅਤੇ ਗੁਰੂ ਬਾਬੇ ਦੇ ਮੁਖਾਰਬਿੰਦ ਵਿਚੋਂ ਧੁਰ ਕੀ ਪਵਿੱਤਰ ਬਾਣੀ ਦੇ ਅਗੰਮੀ ਉਚਾਰਣ ਹੋਏ ਤਾਂ ਆਲੇ-ਦੁਆਲੇ ਦੇ ਸਭ ਲੋਕ ਮਸਤ ਹੋ ਕੇ, ਇਥੇ ਆਣ ਜੁੜ ਕੇ ਬੈਠ ਗਏ। ਉਨ੍ਹੀਂ ਦਿਨੀਂ ਇਸ ਇਲਾਕੇ ਵਿਚ ਅਤੇ ਵਿਸ਼ੇਸ਼ ਕਰਕੇ ਸ਼ਿਵਰਾਤਰੀ ਦੇ ਮੇਲੇ ’ਤੇ ਸਿੱਧ, ਨਾਥ, ਜੋਗੀਆਂ ਦਾ ਬੋਲਬਾਲਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਅਖਾੜੇ ਵਿਚ ਬੈਠੀ ਹੋਈ ਲੋਕਾਂ ਦੀ ਭਾਰੀ ਭੀੜ ਨੂੰ ਵੇਖ ਕੇ ਸਿੱਧਾਂ-ਨਾਥਾਂ ਦੇ ਮਨ ਵਿਚ ਵੱਡਾ ਸਾੜਾ ਹੋਇਆ ਪਰ ਜੋਗੀਆਂ ਦੀ ਕੋਈ ਪੇਸ਼ ਨਾ ਗਈ ਤੇ ਚੁੱਪ ਹੀ ਰਹੇ। ਕੀਰਤਨ ਕਰਨ ਵਾਲਿਆਂ ਨੇ ਗੁਰੂ ਜੀ ਦੇ ਨੇੜੇ ਆ ਕੇ ਕੀਰਤਨ ਕੀਤਾ। ਸਿੱਧਾਂ-ਨਾਥਾਂ ਨੇ ਆਪਣੀਆਂ ਰਿਧੀਆਂ-ਸਿੱਧੀਆਂ ਜਾਂ ਹੇਰਾਫੇਰੀ ਨਾਲ, ਕੀਰਤਨ ਕਰਨ ਵਾਲਿਆਂ ਦਾ ਮਾਇਆ ਵਾਲਾ ਗੜਵਾ ਲੁਕਾ ਲਿਆ। ਮਾਇਆ ਵਾਲਾ ਲੋਟਾ ਗਵਾਚਾ ਵੇਖ ਕੇ, ਉਨ੍ਹਾਂ ਨੂੰ ਕੀਰਤਨ ਕਰਨਾ ਭੁੱਲ ਗਿਆ ਕਿਉਂਕਿ ਉਨ੍ਹਾਂ ਦੀ ਸੁਰਤ ਤਾਂ ਮਾਇਆ ਵਾਲੇ ਲੋਟੇ ਵਿਚ ਲੱਗੀ ਹੋਈ ਸੀ। ਅੰਤਰਯਾਮੀ ਅਰਥਾਤ ਜਾਣੀ-ਜਾਣ ਅਕਾਲ ਪੁਰਖ ਗੁਰੂ ਬਾਬੇ ਨੇ, ਜਿਥੇ ਜੋਗੀਆਂ ਨੇ ਮਾਇਆ ਵਾਲਾ ਲੋਟਾ ਲੁਕਾਇਆ ਸੀ, ਉਹ ਲੱਭ ਲਿਆ ਤੇ ਕੀਰਤਨੀਆਂ ਦੇ ਹਵਾਲੇ ਕਰ ਦਿੱਤਾ। ਇਹ ਕੌਤਕ ਵੇਖ ਕੇ ਜੋਗੀਆਂ ਨੂੰ ਬਹੁਤ ਗੁੱਸਾ ਆਇਆ। ਭਾਈ ਗੁਰਦਾਸ ਜੀ ਨੇ ਇਸ ਨੂੰ ਇਸ ਪ੍ਰਕਾਰ ਪ੍ਰਗਟਾਇਆ ਹੈ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।



ਭਗਤੀਆ ਪਾਈ ਭਗਤਿ ਆਣਿ, ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ॥ (ਵਾਰ 1;39)

ਜੋਗੀਆਂ ਦੁਆਰਾ ਲੁਕਾਇਆ ਹੋਇਆ ਲੋਟਾ ਜਦ ਗੁਰੂ ਜੀ ਨੇ ਲੱਭ ਦਿੱਤਾ ਤਾਂ ਜੋਗੀਆਂ ਨੇ ਗੁੱਸੇ ਵਿਚ ਗੁਰੂ ਜੀ ਨੂੰ ਦੁਰਬਚਨ ਬੋਲਣੇ ਸ਼ੁਰੂ ਕਰ ਦਿੱਤੇ। ਕਈ ਵਿਦਵਾਨਾਂ ਨੇ 'ਭਗਤੀਆ' ਦਾ ਅਰਥ 'ਰਾਸਧਾਰੀਏ' ਵੀ ਕੀਤਾ ਹੈ ਜੋ ਕਿ ਗੁਰਮਤਿ ਅਨੁਸਾਰ ਠੀਕ ਨਹੀਂ ਜਾਪਦਾ, ਕਿਉਂਕਿ ਗੁਰੂ ਜੀ ਰਾਸਾਂ ਨਹੀਂ ਸਨ ਵੇਖ ਸਕਦੇ। ਗੁਰੂ ਜੀ ਨੇ ਤਾਂ ਰਾਸਾਂ ਦਾ ਖ਼ੁਦ ਖੰਡਨ ਕੀਤਾ ਹੈ। ਗੁੱਸਾ ਖਾ ਕੇ ਸਾਰੇ ਜੋਗੀ ਉੱਠ ਕੇ ਗੁਰੂ ਬਾਬੇ ਨਾਲ ਗੋਸਟਿ ਕਰਨ ਲਈ ਆ ਗਏ। ਜੋਗੀ ਭੰਗਰ ਨਾਥ ਨੇ ਪੁੱਛਿਆ, "ਹੇ ਨਾਨਕ, ਤੂੰ ਦੁੱਧ ਵਿਚ ਕਾਂਜੀ ਪਾ ਕੇ, ਦੁੱਧ ਨੂੰ ਕਿਉਂ ਖ਼ਰਾਬ ਕਰ ਦਿੱਤਾ ਹੈ? ਅਰਥਾਤ ਦੁੱਧ ਦਾ ਮਟਕਾ ਫਿਟ ਜਾਣ ਕਰਕੇ, ਰਿੜਕਿਆਂ ਮੱਖਣ ਵੀ ਨਹੀਂ ਮਿਲਦਾ। ਉਦਾਸੀ ਦਾ ਭੇਖ ਉਤਾਰ ਕੇ, ਤੂੰ ਫਿਰ ਸੰਸਾਰੀਆਂ ਵਾਲੀ ਰੀਤੀ ਕਿਉਂ ਚਲਾ ਦਿੱਤੀ ਹੈ?" ਗੁਰੂ ਜੀ ਨੇ ਉੱਤਰ ਦਿੱਤਾ, "ਹੇ ਜੋਗੀ ਭੰਗਰ ਨਾਥ! ਤੇਰੀ ਮਾਂ (ਬੁੱਧੀ) ਕੁਚੱਜੀ ਹੈ, ਜਿਸ ਨੇ ਤੇਰੇ ਹਿਰਦੇ (ਭਾਂਡੇ) ਨੂੰ ਚੰਗੀ ਤਰ੍ਹਾਂ ਸਾਫ਼ ਨਹੀਂ ਕੀਤਾ। ਇਸ ਕੁਚੱਜਪੁਣੇ ਕਰਕੇ ਹੀ ਤੇਰਾ ਗਿਆਨ ਰੂਪੀ ਫੁੱਲ ਤੇ ਫਲ ਸੜ ਗਿਆ ਹੈ। ਕਿਉਂਕਿ ਤੁਸੀਂ ਗ੍ਰਿਹਸਤ ਨੂੰ ਤਿਆਗ ਕੇ, ਫਕੀਰ ਹੋਏ ਫਿਰਦੇ ਹੋ ਅਤੇ ਫਿਰ ਪੇਟ ਦੀ ਖ਼ਾਤਰ ਮੰਗਣ ਦੁਬਾਰਾ ਗ੍ਰਿਹਸਤੀਆਂ ਦੇ ਘਰੀਂ ਹੀ ਜਾਂਦੇ ਹੋ। ਬਿਨਾਂ ਗ੍ਰਿਹਸਤੀਆਂ ਦੇ ਦਿੱਤਿਆਂ ਤੁਹਾਡੇ ਹੱਥ ਕੁਝ ਵੀ ਨਹੀਂ ਆਉਂਦਾ":

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰਨਾਥੁ, 'ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ?
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ?'
ਨਾਨਕ ਆਖੇ, 'ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ'॥ (ਵਾਰ 1;40)

ਸਿੱਧਾਂ-ਨਾਥਾਂ ਨੂੰ ਆਪਣੀਆਂ ਰਿਧੀਆਂ-ਸਿੱਧੀਆਂ ਉੱਪਰ ਵੱਡਾ ਹੰਕਾਰ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਸੁਣ ਕੇ ਉਨ੍ਹਾਂ ਨੇ ਉੱਚੀ-ਉੱਚੀ ਚੀਕਾਂ ਮਾਰਮਾਰ ਕੇ ਰੌਲਾ ਪਾਇਆ। ਉਨ੍ਹਾਂ ਨੇ ਕਿਹਾ ਕਿ ਕਲਜੁਗ ਵਿਚ ਨਾਨਕ ਬੇਦੀ ਨੇ ਆ ਕੇ ਛੇ ਦਰਸ਼ਨਾਂ (ਸ਼ਾਸਤਰਾਂ) ਨੂੰ ਦੁੱਖ ਦਿੱਤਾ ਹੈ। ਸਿੱਧਾਂ ਨੇ ਆਪਣੀਆਂ ਕਰਾਮਾਤਾਂ ਨਾਲ ਤੰਤਰਾਂ-ਮੰਤਰਾਂ ਦੀ ਧੁਨ ਚੜ੍ਹਾ ਲਈ। ਸਾਰਿਆਂ ਨੇ ਆਪਣੇ-ਆਪਣੇ ਰੂਪ ਬਦਲ ਲਏ। ਕੋਈ ਸ਼ੇਰ ਤੇ ਕੋਈ ਬਘਿਆੜ ਆਦਿ ਬਣ ਕੇ, ਡਰਾਉਣ ਲੱਗ ਪਿਆ। ਕਈ ਜੋਗੀ ਖੰਭ ਲਾ ਕੇ ਉੱਡਣ ਲੱਗ ਪਏ। ਉਹ ਸੱਪ ਬਣ ਕੇ ਜ਼ੋਰ-ਜ਼ੋਰ ਦੀ ਫੂੰਕਾਰੇ ਮਾਰਨ ਲੱਗੇ। ਉਨ੍ਹਾਂ ਨੇ ਜ਼ੋਰ ਦੀ ਹਨੇਰੀ ਛੱਡ ਦਿੱਤੀ। ਅੱਗ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਹਿਰਨ ਦੀ ਖੱਲ ’ਤੇ ਸਵਾਰ ਹੋ ਕੇ, ਉਹ ਪਾਣੀ ਉੱਪਰ ਤੈਰਨ ਲੱਗ ਪਏ। ਸਿੱਧਾਂ ਦੇ ਮਨ ਦੀ ਈਰਖਾ ਬਹੁਤ ਪ੍ਰਚੰਡ ਹੋ ਗਈ। ਭਾਈ ਗੁਰਦਾਸ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਨੂੰ ਇਸ ਪ੍ਰਕਾਰ ਪ੍ਰਗਟਾਇਆ ਹੈ;

ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ, ਸਿੰਘ ਬਾਘਿ ਬਹੁ ਚਲਿਤਿ ਦਿਖਾਈ।
ਇਕਿ ਪਰਿ ਕਰਿ ਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
ਇਕ ਨਾਗ ਹੋਇ ਪਉਣ ਛੋੜਿਆ, ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ॥ (ਵਾਰ 1;41)

ਆਪਣੀਆਂ ਸਭ ਪ੍ਰਕਾਰ ਦੀਆਂ ਕਰਾਮਾਤਾਂ ਅਤੇ ਚਲਿਤ੍ਰ ਕਰ ਕੇ, ਜੋਗੀ ਨਾਥ ਹਾਰ ਹੰਭ ਕੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੋਲ ਆਣ ਕੇ ਬੈਠ ਗਏ। ਉਨ੍ਹਾਂ ਨੇ ਕਿਹਾ ਕਿ "ਹੇ ਨਾਨਕ! ਤੂੰ ਸੰਸਾਰ ਨੂੰ ਆਪਣੀ ਕੀ ਕਰਾਮਾਤ ਵਿਖਾਈ ਹੈ? ਕੁਝ ਸਾਨੂੰ ਵੀ ਵਿਖਾ?"

ਗੁਰੂ ਜੀ ਨੇ ਉੱਤਰ ਦਿੱਤਾ, "ਅਸੀਂ ਵੇਖ ਲਿਆ ਹੈ ਕਿ ਜੋਗੀ ਕੁਝ ਨਹੀਂ ਹਨ। ਸਾਡੇ ਕੋਲ ਬਾਣੀ ਗੁਰੂ ਅਤੇ ਸੰਗਤ ਤੋਂ ਬਿਨਾਂ, ਹੋਰ ਕਿਸੇ ਦਾ ਰਤੀ ਭਰ ਵੀ ਆਸਰਾ ਨਹੀਂ ਹੈ।" ਇੰਨੇ ਬਚਨ ਕਰ ਕੇ ਗੁਰੂ ਜੀ ਤਾਂ ਅਚਲ (ਅਡੋਲ) ਹੋ ਗਏ। ਅਹਿੱਲ ਹੋ ਗਏ। ਸਿੱਧਾਂ-ਨਾਥਾਂ ਨੇ ਕਰਾਮਾਤਾਂ ਨਾਲ ਜ਼ੋਰ ਲਾ ਲਿਆ ਪਰ ਜਿਸ ਤਰ੍ਹਾਂ ਧਰਤੀ ਹਿਲਾਇਆਂ ਨਹੀਂ ਹਿੱਲ ਸਕਦੀ, ਇਵੇਂ ਹੀ ਗੁਰੂ ਜੀ ਨਾ ਹਿੱਲੇ। ਸਿੱਧਾਂ ਦੇ ਜੰਤਰ-ਮੰਤਰ ਸਾਰੇ ਵਿਅਰਥ ਗਏ। ਗੁਰੂ ਜੀ ਦੇ ਸ਼ਬਦ ਨੇ ਉਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਹੀ ਖ਼ਤਮ ਕਰ ਦਿੱਤੀਆਂ। ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਕੀਤਾ, "ਸਾਡੇ ਕੋਲ ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਹੈ ਹੀ ਨਹੀਂ":

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (ਵਾਰ 1;43)

ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ। ਗੁਰੂ ਜੀ ਦੇ ਸ਼ਬਦ ਨਾਲ, ਸਿੱਧਾਂ ਦੇ ਮਨਾਂ ਵਿਚ ਸ਼ਾਂਤੀ ਆ ਗਈ। ਉਨ੍ਹਾਂ ਦੇ ਹੰਕਾਰ ਦਾ ਪਾਰਾ ਲਹਿ ਗਿਆ। ਗੁਰੂ ਜੀ ਨੇ ਸ਼ਿਵਰਾਤਰੀ ਦਾ ਮੇਲਾ ਜਿੱਤ ਲਿਆ। ਛੇ ਦਰਸ਼ਨਾਂ ਅਤੇ ਸਾਰੇ ਸਿੱਧਾਂ-ਨਾਥਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਧਨੁ ਨਾਨਕ ਤੇਰੀ ਵਡੀ ਕਮਾਈ' ਅਤੇ 'ਵਡਾ ਪੁਰਖੁ' ਆਖਿਆ;

ਬਾਬੇ ਕੀਤੀ ਸਿਧਿ ਗੋਸਟਿ ਸਬਦੀ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ। (ਵਾਰ 1;44)

## ਬਾਣੀ ਬਾਬੇ ਨਾਨਕ ਦੀ

ਮਨ ਜੋਤ ਸਰੂਪ ਤੇਰਾ ਬੰਦਿਆ
ਤੂੰ ਆਪਣਾ ਮੂਲ ਪਛਾਣੀਂ।
ਬਾਝੋਂ ਸੱਚੇ ਸਤਿਗੁਰੂ ਦੇ
ਤੇਰੇ ਨਾਲ ਨਾ ਕਿਸੇ ਨਿਭਾਣੀ।
ਕਿਉਂ ਵਕਤ ਗਵਾਵੇਂ ਤੂੰ
ਤੈਨੂੰ ਵਾਰ ਵਾਰ ਸਮਝਾਉਂਦੀ।
ਬਾਣੀ ਬਾਬੇ ਨਾਨਕ ਦੀ
ਸਭ ਨੂੰ ਸੱਚੋ ਸੱਚ ਸੁਣਾਉਂਦੀ।

ਕਹਿੰਦੀ ਨਾਥ ਜੋਗੀਆਂ ਨੂੰ
ਗੱਲਾਂ ਨਾਲ ਜੋਗ ਨਾ ਹੋਵੇ।
ਸੱਚਾ ਜੋਗ ਕਮਾਉਂਦਾ ਉਹ
ਜਿਹੜਾ ਸੱਚ ਦੇ ਨਾਲ ਖਲੋਵੇ।
ਖਾਂਦੇ ਮੰਗ ਕੇ ਟੁੱਕਣ ਜੋ
ਇਹ ਨਾ ਉਨ੍ਹਾਂ ਤਾਈਂ ਸਲਾਹੁੰਦੀ...।

ਆਖੇ ਸੱਜਣ ਠੱਗਾਂ ਨੂੰ
ਤੁਹਾਡੀ ਕਾਹਦੀ ਹੈ ਸੱਜਣਤਾਈ।
ਬਾਹਰੋਂ ਧਰਮੀ ਬਣਦੇ ਹੋ
ਅੰਦਰ ਭਰੀ ਪਈ ਚਤੁਰਾਈ।
ਗੱਲ ਲੋਕ ਦਿਖਾਵੇ ਦੀ ਕਦੇ
ਨਹੀਂ ਮਾਲਕ ਦੇ ਮਨ ਭਾਉਂਦੀ...।

ਜਿਸ ਵਿਚ ਖੂਨ ਗਰੀਬਾਂ ਦਾ
ਨਾ ਉਹ ਭੋਜਨ ਲੱਗੇ ਸਵਾਦੀ।
ਰੋਟੀ ਭਲੀ ਕੋਧਰੇ ਦੀ
ਕਰਕੇ ਕਿਰਤ ਜਾਵੇ ਜੇ ਖਾਧੀ।
ਛੱਡ ਮਲਕ ਭਾਗੋਆਂ ਨੂੰ
ਲਾਲੋ ਜਿਹਿਆਂ ਨੂੰ ਵਡਿਆਉਂਦੀ...।

ਇੱਕ ਨੂਰ ਤੋਂ ਉਪਜ ਹੋਈ
ਸਭ ਦਾ ਇੱਕੋ ਇੱਕ ਸੁਆਮੀ।
ਪਾਉਂਦੇ ਵੰਡ ਵਿਤਕਰੇ ਜੋ
ਉਨ੍ਹਾਂ ਦੀ ਨਾ ਭਰਦੀ ਇਹ ਹਾਮੀ।
ਇੱਕੋ ਜੋਤ ਇਲਾਹੀ ਹੈ
ਜੋ ਸਭ ਦੀ ਰੂਹ ਰੁਸ਼ਨਾਉਂਦੀ...।

ਦੱਸਦੀ ਹੱਕ ਪਰਾਏ ਨੂੰ
ਇੱਕ ਲਈ ਸੂਅਰ, ਦੂਜੇ ਗਾਏ।
'ਚੋਹਲੇਵਾਲੇ ਬੱਗੇ' ਨੂੰ ਕਿਉਂ
ਨਾ ਗੱਲ ਸਮਝ ਇਹ ਆਏ?
ਜਾਂਦਾ ਡੋਲ ਹਮੇਸ਼ਾ ਉਹ
ਮਾਇਆ ਉਹਨੂੰ ਜਦ ਭਰਮਾਉਂਦੀ।
ਬਾਣੀ ਬਾਬੇ ਨਾਨਕ ਦੀ
ਸਭ ਨੂੰ ਸੱਚੋ ਸੱਚ ਸੁਣਾਉਂਦੀ।

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

---

## ਗੁਰੂ ਨਾਨਕ

ਹਨੇਰੇ ਦੂਰ ਭਜਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।
ਸੁੱਤੇ ਲੋਕ ਜਗਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਵਹਿਮਾਂ-ਭਰਮਾਂ ਦੇ ਵਿਚ ਪੈ ਕੇ
ਲੋਕੀਂ ਸੀ ਜੋ ਭੁੱਲੇ,
ਸੱਚ ਦਾ ਰਾਹ ਵਿਖਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਕਿਰਤ ਕਰਨ ਤੇ ਵੰਡ ਛਕਣ ਦਾ,
ਆਦੇਸ਼ ਉਨ੍ਹਾਂ ਨੇ ਦਿੱਤਾ,
ਹੱਥੀਂ ਹਲ ਚਲਾਵਣ ਦੇ ਲਈ
ਆਇਆ ਸੀ ਗੁਰੂ ਨਾਨਕ।

ਭੋਲੇ ਲੋਕਾਂ ਨੂੰ ਲੁਟਦੇ ਸੀ
ਜੋ ਸੱਜਣ ਠੱਗ ਵਰਗੇ,
ਸਿੱਧੇ ਰਸਤੇ ਪਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਵੀਹ ਰੁਪਏ ਤੋਂ ਪਿਤਾ ਨੇ ਦਿੱਤੇ
ਉਹ ਭੁੱਖੇ ਸਾਧੂਆਂ ਨੂੰ ਖਵਾਏ,
ਲੰਗਰ ਆਪ ਚਲਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਪੈਸੇ ਖਾਤਰ ਜਿਹੜੇ ਸੀਗੇ,
ਗਲਤ ਪੜ੍ਹਾਉਂਦੇ ਪਾਂਡੇ,
ਉਨ੍ਹਾਂ ਤਾਈਂ ਪੜ੍ਹਾਉਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਮਰਦਾਨੇ ਨੂੰ ਨਾਲ ਰਲਾਇਆ
ਸੀ ਜੋ ਡੂਮ ਮਰਾਸੀ,
ਜਾਤ ਦਾ ਭੇਤ ਮਿਟਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਦੁਨੀਆਂ ਦੇ ਵਿਚ ਫੈਲ ਚੁਕੀ ਸੀ,
ਝੂਠਿਆਂ ਦੀ ਵਡਿਆਈ,
ਸੱਚ ਦਾ ਹੋਕਾ ਲਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਨਨਕਾਣੇ ਦੀ ਧਰਤੀ ਉਤੇ
ਐਸਾ ਸੂਰਜ ਚੜ੍ਹਿਆ,
ਸਭ ਜਗ ਨੂੰ ਰੁਸ਼ਨਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

ਗੁਲਾਮੀ ਵਾਲਿਆ ਦੁਨੀਆਂ
ਉਨ੍ਹਾਂ ਸਿੱਧੇ ਰਸਤੇ ਪਾਈ,
ਗੁਰਬਾਣੀ ਤਾਈਂ ਪੜ੍ਹਾਵਣ ਦੇ ਲਈ,
ਆਇਆ ਸੀ ਗੁਰੂ ਨਾਨਕ।

-ਬੂਟਾ ਗੁਲਾਮੀ ਵਾਲਾ, ਮੋਗਾ
ਫੋਨ: 91-94171-97395

## ਗੀਤ ਗੁਰਬਾਣੀ

ਸੁਣ ਗੁਰੂ ਗ੍ਰੰਥ ਦੀ ਸਿਖਿਆ ਨੂੰ ਇਸ ਜੀਵਨ ਤਾਈਂ ਸਵਾਰ ਲਈਏ
ਚੜ੍ਹ ਗੁਰਬਾਣੀ ਦੇ ਬੇੜੇ ’ਤੇ ਹੁਣ ਕਰ ਭਵ ਸਾਗਰ ਨੂੰ ਪਾਰ ਲਈਏ।

ਗੁਰਬਾਣੀ ਚਾਨਣ ਜੱਗ ਦਾ ਹੈ, ਇਹਦਾ ਦਿਲ ’ਚ ਦੀਪ ਜਗਾ ਲਈਏ
ਸਭ ਦੂਰ ਹਨੇਰੇ ਹੋ ਜਾਵਣ, ਕਰ ਚਾਨਣ ਵਿਚ ਸੰਸਾਰ ਲਈਏ।

ਇਹ ਬੇੜਾ ਹੈ ਗੁਰਬਾਣੀ ਦਾ, ਇਹਨੂੰ ਸਤਿਗੁਰ ਆਪ ਚਲਾਉਂਦੇ ਨੇ
ਸਿਖਿਆ ਲੈ ਕੇ ਗੁਰਬਾਣੀ ਤੋਂ, ਕਰ ਆਪਣਾ ਆਪ ਉਧਾਰ ਲਈਏ।

ਗੁਰੂ ਨਾਨਕ, ਸਧਨਾ, ਨਾਮਦੇਵ, ਰਵਿਦਾਸ, ਕਬੀਰ ਇਕੱਠੇ ਨੇ
ਜਾਤ-ਪਾਤ ਦੇ ਝਗੜਿਆਂ ਨੂੰ, ਕੱਢ ਜ਼ਿੰਦਗੀ ਵਿਚੋਂ ਬਾਹਰ ਲਈਏ।

ਸਾਡਾ ਸ਼ਬਦ ਗੁਰੂ ਜਦ ਸਾਂਝਾ ਹੈ, ਕਿਉਂ ਗੁਰਦੁਆਰੇ ਵੱਖਰੇ ਨੇ
ਆਓ ’ਕੱਠੇ ਹੋ ਕੇ ਸਿੱਖ ਬਣੀਏ, ਅੰਦਰੋਂ ਹੰਕਾਰ ਨੂੰ ਮਾਰ ਲਈਏ।

ਅਸੀਂ ਇਕ ਅਕਾਲ ਦੇ ਜਾਏ ਹਾਂ, ਕਿਉਂ ਆਪਸ ਵਿਚ ਲੜ ਰਹੇ ਹਾਂ
ਇਕ ਝੰਡੇ ਥੱਲੇ ਬਹਿ ’ਕੱਠੇ, ਇਸ ਦੁਨੀਆਂ ਤੋਂ ਸਤਿਕਾਰ ਲਈਏ।

ਇਹ ਮਾਨਸ ਜਨਮ ਅਮੁਲਾ ਹੈ, ਇਹ ਮੁੜ ਮੁੜ ਸਾਨੂੰ ਮਿਲਣਾ ਨਹੀਂ
ਸਤਿਗੁਰ ਦੀਆਂ ਦਿੱਤੀਆਂ ਦਾਤਾਂ ਦਾ, ਸਿਰ ਤੋਂ ਕਰਜ ਉਤਾਰ ਲਈਏ।

ਇਹ ਜੱਗ ਰਚਨਾ ਸਭ ਝੂਠੀ ਹੈ, ਸਾਨੂੰ ਸਤਿਗੁਰ ਨੇ ਸਮਝਾਇਆ ਹੈ
ਗੁਰਬਾਣੀ ਰੂਪ ਗੁਰੂ ਦਾ ਹੈ, ਇਹਨੂੰ ਰੱਜ ਰੱਜ ਕੇ ਕਰ ਪਿਆਰ ਲਈਏ।

ਮਨ ਨੀਵਾਂ ਮੱਤ ਨੂੰ ਕਰ ਉਚੀ, ਜੱਗ ਵਿਚ 'ਸੁਰਜੀਤ' ਜੇ ਹੋਣਾ ਏ
ਨਿਰਭਉ ਨਿਰਵੈਰ ਅਕਾਲ ਪੁਰਖ, ਕਰ ਆਪਣਾ ਸਾਕਾਰ ਲਈਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਗੁਰਪੁਰਬ ’ਤੇ ਵਿਸ਼ੇਸ਼

# ਗੁਰੂ ਨਾਨਕ ਆਮਦ ਨਾਰਾਇਣ ਸਰੂਪ

ਇਹ ਪਾਵਨ ਉਕਤੀ 'ਗੁਰੂ ਨਾਨਕ ਆਮਦ ਨਾਰਾਇਣ ਸਰੂਪ' ਪਵਿਤਰ ਆਤਮਾ ਭਾਈ ਨੰਦ ਲਾਲ ਦੀ ਕਾਵਿ ਰਚਨਾ 'ਜੋਤਿ ਬਿਗਾਸ' ਦਾ ਪ੍ਰਥਮ ਵਾਕ ਹੈ, ਜਿਸ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਸਤੀ, ਸ਼ਖਸੀਅਤ, ਅਜ਼ਮਤ ਤੇ ਓਜ ਅਤੇ ਔਜ ਨੂੰ ਬਿਆਨ ਕਰਦੀ ਹੈ। ਇਸ ਉਕਤੀ ਦੀ ਵਿਆਖਿਆ ਰਾਹੀਂ ਗੁਰੂ ਨਾਨਕ ਪਾਤਸ਼ਾਹ ਦੇ ਸਾਖਸ਼ਾਤ ਦੀਦਾਰ ਹੁੰਦੇ ਹਨ ਅਤੇ ਉਨ੍ਹਾਂ ਦੇ ਆਗਮਨ ਦੇ ਮੁਕੱਦਸ ਭੇਦ ਅਤੇ ਭੇਤ ਖੁੱਲ੍ਹਦੇ ਹਨ।

ਭਾਈ ਗੁਰਦਾਸ ਤੋਂ ਬਾਅਦ ਭਾਈ ਨੰਦ ਲਾਲ ਦੀ ਕਾਵਿ ਰਚਨਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਾਣੀ ਦੇ ਤੁੱਲ ਗਾਇਨ ਕਰਨ ਦੀ ਪਰੰਪਰਾ ਹੈ। ਭਾਈ ਨੰਦ ਲਾਲ ਨੇ ਦਸਮ ਪਿਤਾ ਗੁਰੂ ਗੋਬਿੰਦ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384
E-mail: avtar61@gmail.com

ਸਿੰਘ ਜੀ ਦੇ ਸਾਖਸ਼ਾਤ ਦਰਸ਼ਨ ਕੀਤੇ ਸਨ। ਉਨ੍ਹਾਂ ਦੀ ਰਚਨਾ ਵਿਚ ਵੀ ਦਸਮ ਪਿਤਾ ਦੇ ਹੂ-ਬਹੂ ਦੀਦਾਰ ਕੀਤੇ ਜਾ ਸਕਦੇ ਹਨ। ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਦਿੱਬ ਚਕਸ਼ੂ 'ਅਖੜੀਆਂ ਬੇਅੰਨ' ਦੀ ਬਖਸ਼ਿਸ਼ ਸਦਕਾ ਅਨੁਭਵ ਰੂਪ ਵਿਚ ਸਤਿਗੁਰੂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਦੀਦਾਰ ਵੀ ਕੀਤੇ ਸਨ, ਜੋ ਉਨ੍ਹਾਂ ਆਖਿਆ, 'ਗੁਰੂ ਨਾਨਕ ਆਮਦ ਨਾਰਾਇਣ ਸਰੂਪ।' ਅਰਥਾਤ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਭਗਵਾਨ ਨਾਰਾਇਣ ਦੇ ਸਵਰੂਪ ਹੈ।

ਭਾਰਤੀ ਧਰਮ ਪਰੰਪਰਾ ਵਿਚ ਤ੍ਰੈਗੁਣ ਅਤੀਤ, ਨਿਰੰਕਾਰ, ਅਕਾਲ ਪੁਰਖ, ਵਾਹਿਗੁਰੂ ਦੇ ਅਗਮ ਅਤੇ ਅਗਾਧ ਬੋਧ ਨੂੰ ਨਾਰਾਇਣ ਕਿਹਾ ਗਿਆ ਹੈ। ਅਜਿਹਾ ਅਗਮ ਅਗੋਚਰ ਵਾਹਿਗੁਰੂ ਜਦ ਤ੍ਰੈਗੁਣ ਸਰੂਪ ਧਾਰਦਾ ਹੈ ਤਾਂ ਉਸ ਦੇ ਰਜੋ ਗੁਣੀ ਸਰੂਪ ਨੂੰ ਸ੍ਰਿਸ਼ਟੀ ਦੇ ਕਰਤਾ ਬ੍ਰਹਮਾ ਆਖਿਆ ਜਾਂਦਾ ਹੈ।

ਜਦ ਉਹ ਸਤੋ ਗੁਣ ਧਾਰਨ ਕਰਦਾ ਹੈ ਤਾਂ ਉਸ ਦੇ ਸਰੂਪ ਨੂੰ ਸ੍ਰਿਸ਼ਟੀ ਦੇ ਪਾਲਣਹਾਰੇ ਸ੍ਰੀ ਵਿਸ਼ਨੂੰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਜਦੋਂ ਉਹ ਤਮੋ ਗੁਣ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦੇ ਤਮੋਗੁਣੀ ਅਕਸ ਨੂੰ ਸ੍ਰਿਸ਼ਟੀ ਦੇ ਸੰਘਾਰ ਕਰਤਾ ਸ਼ਿਵਜੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਅਕਾਲ ਪੁਰਖ ਦੇ ਇਨ੍ਹਾਂ ਤਿੰਨਾਂ ਪੱਖਾਂ ਜਾਂ ਸਰੂਪਾਂ ਦਾ ਆਦਿ ਰੂਪ, ਮਾਨਵੀ ਚੇਤਨਾ ਜਾਂ ਚਿੰਤਨ ਦਾ ਵਿਸ਼ਾ ਨਹੀਂ ਹੈ, ਇਸੇ ਲਈ ਉਹ ਪਾਰਬ੍ਰਹਮ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਪਾਰਬ੍ਰਹਮ ਦੇ ਉਸ ਪ੍ਰਾਰੰਭਕ, ਅਗਾਧ ਬੋਧ ਸਰੂਪ ਨਾਰਾਇਣ ਆਖਣਾ ਭਾਈ ਨੰਦ ਲਾਲ ਦੇ ਦਿੱਬ ਚਕਸ਼ੂ ਨਿਰਮਲ ਦ੍ਰਿਸ਼ਟੀ ਦੀ ਦੱਸ ਪਾਉਂਦਾ ਹੈ।

ਭਾਈ ਨੰਦ ਲਾਲ ਦੀ ਉਕਤ ਕਾਵਿ ਉਕਤੀ ਵਿਚ ਦੂਜਾ ਸ਼ਬਦ 'ਆਮਦ' ਵੀ ਵਿਸ਼ੇਸ਼ ਤਵੱਜੋ ਦੀ ਮੰਗ ਕਰਦਾ ਹੈ। 'ਆਮਦ' ਦੇ ਵਿਪਰੀਤ ਉਤਪਤੀ, ਜਨਮ ਜਾਂ ਪੈਦਾਇਸ਼ ਸ਼ਬਦ ਇਸਤੇਮਾਲ ਹੁੰਦਾ ਹੈ। ਆਮਦ ਫਾਰਸੀ ਭਾਸ਼ਾ ਦਾ ਸ਼ਬਦ ਹੈ। ਉਤਪਤੀ, ਪੈਦਾਇਸ਼ ਜਾਂ ਜਨਮ ਦੇਹ ਦਾ ਹੁੰਦਾ ਹੈ।

ਦੇਹ ਸਰੂਪ ਗੁਰੂ ਨਾਨਕ ਪਾਤਸ਼ਾਹ ਦਾ ਜਨਮ ਈਸਵੀ ਸੰਨ 1469 ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਰਾਇ ਭੋਇੰ ਦੀ ਤਲਵੰਡੀ ਵਿਖੇ ਮਹਿਤਾ ਕਾਲੂ ਦੇ ਗ੍ਰਿਹਿ ਮਾਂ ਤ੍ਰਿਪਤਾ ਦੀ ਕੁੱਖੋਂ ਹੋਇਆ। ਵੱਡੀ ਭੈਣ ਬੇਬੇ ਜਾਂ ਬੀਬੀ ਨਾਨਕੀ ਸਨ। ਪੰਜਾਬੀ ਭਾਸ਼ਾ ਦੇ ਸੰਬੋਧਨੀ ਸ਼ਬਦ ਬੀਬੀ ਨੂੰ ਵਧੇਰੇ ਲਾਡ ਵਿਚ ਬੇਬੇ ਵੀ ਕਹਿ ਲਿਆ ਜਾਂਦਾ ਹੈ।

ਗੁਰੂ ਪਰਮੇਸਰ ਗੁਰੂ ਨਾਨਕ ਪਾਤਸ਼ਾਹ ਦੇ ਦੇਹ ਸਰੂਪ ਪਰਦੇ ਹੇਠ ਅਕਾਲ ਰੂਪ ਪਾਤਸ਼ਾਹ, ਪਾਰਬ੍ਰਹਮ ਪਰਮੇਸਰ ਦੀ ਆਮਦ ਹੋਈ। ਇਸੇ ਲਈ ਭਾਈ ਗੁਰਦਾਸ ਨੇ ਗੁਰੂ ਨਾਨਕ ਨੂੰ 'ਇਕ ਬਾਬਾ ਅਕਾਲ ਰੂਪ' ਦੇ ਮਹਾਂ ਪ੍ਰਵਚਨ ਵਿਚ ਪੇਸ਼ ਕੀਤਾ।

ਗੁਰੂ ਨਾਨਕ ਪਾਤਸ਼ਾਹ ਦੀ ਕਰਨੀ ਦੇਹ ਦੀ ਸਮਰੱਥਾ ਦੇ ਬਾਹਰ ਹੈ। ਇਸੇ ਲਈ ਗੁਰੂ ਨਾਨਕ ਪਾਤਸ਼ਾਹ ਦੀ ਜਗਤ ਫੇਰੀ ਦੇ ਇਤਿਹਾਸਕ ਵੇਰਵੇ ਮਾਨਵੀ ਚੇਤਨਾ ਨੂੰ ਅਚੰਭਿਤ ਕਰਨ ਵਾਲੇ ਹਨ। ਗੁਰੂ ਨਾਨਕ ਪਾਤਸ਼ਾਹ ਦੀ ਆਮਦ 'ਤੇ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚੋਂ ਆਵਾਜ਼ ਸੁਣਾਈ ਦਿੱਤੀ, 'ਧੰਨ ਨਾਨਕ ਤੇਰੀ ਵੱਡੀ ਕਮਾਈ।'

ਭਾਰਤੀ ਭਾਸ਼ਾਵਾਂ ਵਿਚ 'ਗੁਰੂ' ਸ਼ਬਦ ਦੀ ਵਿਸ਼ੇਸ਼ ਮਹਿਮਾ ਹੈ। ਵਿਸ਼ਵ ਦੀਆਂ ਧਰਮ ਪਰੰਪਰਾਵਾਂ ਵਿਚ ਮਹਾਨ ਹਸਤੀਆਂ ਨੂੰ ਦਰਸਾਉਣ ਲਈ ਅਨੇਕ ਸ਼ਬਦ ਜਾਂ ਸੰਬੋਧਨ ਪ੍ਰਚਲਿਤ ਹਨ। ਕਿਸੇ ਨੂੰ ਅਸੀਂ ਪ੍ਰਚਾਰਕ ਆਖਦੇ ਹਾਂ, ਕਿਸੇ ਨੂੰ ਸੁਧਾਰਕ ਆਖਦੇ ਹਾਂ। ਕਿਸੇ ਨੂੰ ਸਾਧੂ, ਸੰਤ ਜਾਂ ਮਹਾਤਮਾ ਵੀ ਕਹਿ ਲਈਦਾ ਹੈ। ਇਸੇ ਤਰ੍ਹਾਂ ਕਿਸੇ ਨੂੰ ਪੈਗੰਬਰ ਜਾਂ ਅਵਤਾਰ ਆਖਿਆ ਜਾਂਦਾ ਹੈ।

ਅਕਾਲ ਪੁਰਖ ਦੇ ਸਤੋਗੁਣੀ ਸਰੂਪ ਵਿਸ਼ਨੂੰ ਜੀ ਦੇ ਜਗਤ ਵਿਚ ਉਤਾਰੇ ਨੂੰ ਅਵਤਾਰ ਕਿਹਾ ਜਾਂਦਾ ਹੈ। ਭਾਰਤੀ ਪਰੰਪਰਾ ਵਿਚ ਵਿਸ਼ਨੂੰ ਜੀ ਦੇ ਦਸ ਅਵਤਾਰ ਮੰਨੇ ਗਏ ਹਨ; ਨੌਂ ਹੋ ਚੁਕੇ ਹਨ, ਦਸਵਾਂ ਅਵਤਾਰ ਹਾਲੇ ਹੋਣਾ ਹੈ, ਜਿਸ ਨੂੰ ਕਲਕੀ ਅਤੇ ਨਿਹਕਲੰਕ ਅਵਤਾਰ ਵੀ ਕਿਹਾ ਗਿਆ ਹੈ, ਜਿਸ ਦਾ ਆਗਮਨ ਸੰਭਲ ਪਿੰਡ ਵਿਖੇ ਹੋਣਾ ਦੱਸਿਆ ਗਿਆ ਹੈ।

ਕਲਗੀ ਦੇ ਭੁਲੇਖੇ ਅਤੇ ਸੰਭਲ ਨੇੜੇ, ਪਟਨਾ ਸ਼ਹਿਰ ਵਿਖੇ ਪ੍ਰਗਟ ਹੋਣ ਕਰਕੇ ਅਤੇ ਦਸਮ ਪਾਤਸ਼ਾਹ ਕਹਿਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਕਲਕੀ ਅਵਤਾਰ ਸਮਝ ਲਿਆ ਗਿਆ ਸੀ। ਜਿਸ ਨੂੰ ਅਕਾਲ ਪੁਰਖ ਚੁਣ ਕੇ ਧਰਤੀ 'ਤੇ ਭੇਜਦਾ ਹੈ, ਸਾਮੀ ਜਗਤ ਵਿਚ ਉਸ ਨੂੰ ਪੈਗੰਬਰ ਆਖਿਆ ਜਾਂਦਾ ਹੈ।

ਭਾਰਤੀ ਪਰੰਪਰਾ ਵਿਚ ਅਵਤਾਰ ਵਿਸ਼ਨੂੰ ਜੀ ਦਾ ਸਰੂਪ ਹੈ। ਸਾਮੀ ਜਗਤ ਵਿਚ ਪੈਗੰਬਰ ਅੱਲਾ ਦਾ ਵਿਸ਼ੇਸ਼ ਚੁਣਿਆ ਹੋਇਆ ਪਰਮ ਪਿਆਰਾ ਦੂਤ ਹੈ। ਅਵਤਾਰ ਇਤਿਹਾਸ ਵਿਚ ਦਾਖਲ ਨਹੀਂ ਹੁੰਦਾ, ਨਿਰਦੇਸ਼ ਦਿੰਦਾ ਹੈ। ਅਵਤਾਰ ਧਰਮ ਦਾ 'ਸਟੈਬਲਾਇਜ਼ਰ' ਹੈ। ਜਦੋਂ ਵੀ ਧਰਮ ਵਿਚ ਕਿਸੇ ਤਰ੍ਹਾਂ ਦੀ ਹਾਨੀ ਜਾਂ ਗਿਲਾਨੀ ਹੁੰਦੀ ਹੈ, ਉਦੋਂ ਉਦੋਂ ਵਿਸ਼ਨੂੰ ਜੀ ਅਵਤਾਰ ਧਾਰਦੇ ਹਨ। ਪੈਗੰਬਰ ਨਿਰਦੇਸ਼ ਦੇ ਨਾਲ ਨਾਲ ਇਤਿਹਾਸ ਵਿਚ ਵੀ ਪ੍ਰਵੇਸ਼ ਕਰਦਾ ਹੈ। ਅਵਤਾਰ ਅਤੇ ਪੈਗੰਬਰ ਬਾਬਤ ਇਕ ਗੱਲ ਸਾਂਝੀ ਹੈ ਕਿ ਦੋਵੇਂ ਹੀ ਕੋਈ ਨਵਾਂ ਸੱਚ ਪ੍ਰਗਟ ਨਹੀਂ ਕਰਦੇ ਅਤੇ ਨਵੀਆਂ ਕੀਮਤਾਂ ਨਹੀਂ ਸਿਰਜਦੇ। ਦੋਵੇਂ ਹੀ ਪ੍ਰਾਚੀਨ ਸੱਚ ਅਤੇ ਪ੍ਰਾਚੀਨ ਕੀਮਤਾਂ ਨੂੰ ਹੀ ਸੁਰਜੀਤ ਕਰਦੇ ਹਨ ਜਾਂ ਇਨ੍ਹਾਂ ਵਿਚ ਸੁਧਾਰ ਕਰਦੇ ਹਨ। ਲੇਕਿਨ ਗੁਰੂ ਦੀ ਮਹਿਮਾ ਅਵਤਾਰ ਅਤੇ ਪੈਗੰਬਰ-ਦੋਹਾਂ ਤੋਂ ਵੱਖਰੀ ਹੈ। ਗੁਰੂ ਇੱਕ ਅਸਲੋਂ ਨਿਵੇਕਲਾ ਅਤੇ ਮੌਲਿਕ ਸੱਚ ਪ੍ਰਗਟ ਕਰਦਾ ਹੈ, ਅਤੇ ਨਵੀਆਂ ਕੀਮਤਾਂ ਦੀ ਬਖਸ਼ਿਸ਼ ਕਰਦਾ ਹੈ। ਗੁਰੂ ਇਤਿਹਾਸ ਵਿਚ ਦਾਖਲ ਹੁੰਦਾ ਹੈ, ਦਖਲ ਦਿੰਦਾ ਹੈ ਤੇ ਆਪਣੀ ਹਜ਼ੂਰੀ ਮਹਿਸੂਸ ਕਰਾਉਂਦਾ ਹੈ।

ਗੁਰੂ ਮਾਨਵ ਜਗਤ ਅੰਦਰ ਇਨਕਲਾਬ ਦਾ ਬਿਗਲ ਵਜਾਉਂਦਾ ਹੈ ਅਤੇ ਮਾਨਵੀ ਜਗਤ ਦੇ ਸਾਹਮਣੇ ਇਕ ਮੌਲਿਕ ਮਕਸਦ ਰੱਖਦਾ ਜਾਂ ਸਥਾਪਤ ਕਰਦਾ ਹੈ। 'ਗੁਰੂ' ਤਮਾਮ ਸਿੱਧ, ਜਤੀ, ਦਾਤੇ, ਪੀਰ, ਫਕੀਰ, ਸਾਧ, ਸੰਤ, ਗਿਆਨੀ, ਧਿਆਨੀ, ਅਵਤਾਰ, ਪੈਗੰਬਰ ਤੋਂ ਵੱਖਰਾ ਅਤੇ ਸ਼ਿਰੋਮਣੀ ਹੈ।

ਅਰਦਾਸ ਦੇ ਅਖੀਰ ਵਿਚ ਆਇਆ ਹੈ, ਨਾਨਕ ਨਾਮ ਚੜ੍ਹਦੀ ਕਲਾ। ਨਾਨਕ ਨਾਮ ਕੀ ਹੈ? 'ਨਾਨਕ' ਸ਼ਬਦ ਤਮਾਮ ਭਾਰਤੀ ਭਾਸ਼ਾਵਾਂ ਅਤੇ ਅਰਬੀ-ਫਾਰਸੀ ਦੇ ਸ਼ਬਦ ਕੋਸ਼ਾਂ ਵਿਚ ਉਪਲਬਧ ਨਹੀਂ। ਚੂੜਾਮਣੀ ਇਤਿਹਾਸਕਾਰ, ਮਹਾਂਕਵੀ ਭਾਈ ਸੰਤੋਖ ਸਿੰਘ ਨੇ 'ਨਾਨਕ' ਸ਼ਬਦ ਦੇ ਅਰਥ ਸਾਂਝੀਵਾਲਤਾ ਕੀਤੇ ਹਨ। ਉਹ ਜੋ ਹਰ ਹਸਤੀ ਦਾ ਸਾਂਝੀਵਾਲ ਜਾਂ ਭਾਈਵਾਲ ਹੈ, ਜਿਸ ਵਿਚ ਹਰ ਹਸਤੀ ਦੀ ਸ਼ਮੂਲੀਅਤ ਹੈ, ਜੋ ਕਿਸੇ ਲਈ ਵੀ ਓਪਰਾ ਨਹੀਂ ਹੈ, ਜੋ ਸਭ ਤੋਂ ਵੱਡਾ ਹੈ। ਇਸੇ ਲਈ ਬਾਣੀ ਵਿਚ ਆਇਆ ਹੈ, 'ਸਭ ਤੇ ਵੱਡਾ ਸਤਿਗੁਰ ਨਾਨਕ॥'

ਯੂਨਾਨੀ ਭਾਸ਼ਾ, ਕਾਵਿ ਅਤੇ ਦਰਸ਼ਨ ਦੇ ਸਮਰੱਥ ਵਿਦਵਾਨ, ਭਾਈ ਧਰਮਾਨੰਤ ਸਿੰਘ ਨੇ ਆਪਣੀ ਅੰਗਰੇਜ਼ੀ ਵਿਚ ਲਿਖੀ ਪੁਸਤਕ ਵਿਚ 'ਨਾਨਕ' ਦੇ ਅਰਥ ਕੀਤੇ ਹਨ, 'ਨਾ ਅਨਕ।' 'ਅਨਕ' ਅਰਥਾਤ ਨਾਲ 'ਨ' ਅਗੇਤਰ ਲਾ ਕੇ ਅਰਥ ਬਣਦੇ ਹਨ, 'ਅਨੇਕ ਨਹੀਂ'। ਭਾਵ ਗੁਰੂ ਨਾਨਕ ਇੱਕ ਹੈ, ਅਨੇਕ ਨਹੀਂ।

ਗੁਰੂ ਨਾਨਕ ਪਾਤਸ਼ਾਹ ਦੇ ਨਾਂ ਦੀ ਪਵਿਤਰਤਾ ਅਤੇ ਮਹਿਮਾ ਨੂੰ ਭਾਈ ਨੰਦ ਲਾਲ ਇਸ ਤਰ੍ਹਾਂ ਬਿਆਨ ਕਰਦੇ ਹਨ, "ਉਸ ਦੇ ਪਵਿਤਰ ਨਾਮ ਦੇ ਦੋਵੇਂ 'ਨੂਨ' ਨਿਆਮਤਾਂ ਬਖਸ਼ਣ ਵਾਲੇ ਅਤੇ ਸਹਾਈ ਹੋਣ ਵਾਲੇ ਹਨ। ਵਿਚਕਾਰਲਾ 'ਅਲਿਫ' ਅਕਾਲ ਪੁਰਖ ਦਾ ਲਖਾਇਕ ਹੈ, ਅਤੇ ਅਖੀਰਲਾ 'ਕਾਫ' ਅੰਤਿਮ ਮਹਾਂਪੁਰਖ ਦਾ ਸੂਚਕ ਹੈ। ਉਨ੍ਹਾਂ ਕਿੰਨਾ ਸਪਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਹੈ, "ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼, ਕਿ ਨਿਆਇਦ ਚੁਨੂੰ ਦਿਗਰ ਦਰਵੇਸ਼।" ਅਰਥਾਤ ਉਸ ਦਾ ਨਾਮ ਨਾਨਕ ਪਾਤਸ਼ਾਹ ਹੈ ਤੇ ਉਹ ਸੱਚੇ ਧਰਮ ਵਾਲਾ ਹੈ। ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿਚ ਨਹੀਂ ਆਇਆ।

ਗਣਿਤ ਵਿਗਿਆਨ ਵਿਚ ਇੱਕ ਤੋਂ ਅੱਗੇ ਜਾਂ ਵੱਖਰੀ ਕੋਈ ਗਿਣਤੀ ਨਹੀਂ ਹੈ। ਜੋ ਵੀ ਹੈ, ਉਹ ਉਸ ਪ੍ਰਥਮ ਇੱਕ ਦਾ ਹੀ ਵਿਸਥਾਰ ਹੈ। 'ਨਾਨਕ' ਸ਼ਬਦ ਉਸ ਪ੍ਰਥਮ ਇੱਕ ਦਾ ਪਰਿਆਇ ਹੈ। ਕਹਿ ਸਕਦੇ ਹਾਂ ਕਿ ਕਾਇਨਾਤ 'ਨਾਨਕ' ਦਾ ਵਿਸਥਾਰ ਹੈ ਤੇ 'ਨਾਨਕ' ਕਾਇਨਾਤ ਦਾ ਸਾਰ ਹੈ।

ਭਾਈ ਨੰਦ ਲਾਲ ਦੀ ਇਹ ਉਕਤੀ ਨਿਰੋਲ ਕਾਵਿ ਉਕਤੀ ਜਾਂ ਭਾਵਕ ਮੁਗਾਲਤਾ ਨਹੀਂ, ਸ਼ੁੱਧ ਅਤੇ ਬੇਬਾਕ ਸੱਚ ਹੈ ਕਿ 'ਗੁਰੂ ਨਾਨਕ ਆਮਦ ਨਾਰਾਇਣ ਸਰੂਪ।' ਇਸੇ ਲਈ ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਅਰਥਾਤ ਗੁਰਪੁਰਬ ਵਿਸ਼ਵ ਦਾ ਮੁਬਾਰਕ ਦਿਵਸ ਹੈ।

# ਗੁਰੂ ਨਾਨਕ, ਭਾਈ ਮਰਦਾਨਾ ਅਤੇ ਉਨ੍ਹਾਂ ਦਾ ਪੁੱਤਰ ਸਜਾਦਾ

ਅਮਰੀਕ ਸਿੰਘ

ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ, ਪਿੰਡ ਰਾਏਭੋਇ ਦੀ ਤਲਵੰਡੀ ਦੇ ਨਿਵਾਸੀ ਸਨ। ਉਹ ਗੁਰੂ ਜੀ ਤੋਂ ਨੌਂ ਕੁ ਸਾਲ ਵੱਡੇ ਸਨ। ਜਦੋਂ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਰੂਹਾਨੀ ਜੋਤ ਵੇਖ ਕੇ ਨਿਹਾਲ ਹੋ ਗਏ ਤੇ ਗੁਰੂ ਜੀ ਦੇ ਮੁਰੀਦ ਬਣ ਗਏ।

ਗੁਰੂ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਜਦੋਂ ਮੋਦੀਖਾਨਾ ਤਿਆਗ ਕੇ ਅਕਾਲ ਪੁਰਖ ਦਾ ਸੰਦੇਸ਼ 'ਧਰਤਿ ਲੋਕਾਈ' ਨੂੰ ਦੇਣ ਵਾਸਤੇ ਸੋਚਿਆ ਤਾਂ ਭਾਈ ਮਰਦਾਨਾ ਜੀ ਨੂੰ ਸਾਥ ਦੇਣ ਲਈ ਕਿਹਾ। ਭਾਈ ਮਰਦਾਨਾ ਜੀ ਨੂੰ ਇਹ ਵੀ ਤਾਕੀਦ ਕੀਤੀ ਕਿ ਡੂਮਪੁਣਾ ਛੱਡਣਾ ਪੈਣਾ ਤੇ ਇਕ ਅਕਾਲ ਪੁਰਖ 'ਚ ਵਿਸ਼ਵਾਸ ਕਰਨਾ ਪੈਣਾ ਜੋ ਸਭ ਨੂੰ ਰੋਜ਼ੀ ਦਿੰਦਾ ਹੈ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਬੇਬੇ ਨਾਨਕੀ ਕੋਲੋਂ ਪੈਸੇ ਲੈ ਕੇ ਰਬਾਬ ਖਰੀਦ ਕੇ ਲਿਆਉਣ ਲਈ ਕਿਹਾ। ਭਾਈ ਮਰਦਾਨਾ ਜੀ ਕਈ ਥਾਂ ਫਿਰੇ, ਅਖੀਰ ਗੁਰੂ ਕਿਰਪਾ ਨਾਲ ਇਲਾਹੀ ਰਬਾਬ ਦੀ ਪ੍ਰਾਪਤੀ ਹੋਈ। ਰਬਾਬ ਜਦੋਂ ਗੁਰੂ ਜੀ ਨੂੰ ਲਿਆ ਕੇ ਵਿਖਾਈ ਤਾਂ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਸੰਗੀਤ ਛੇੜਨ ਲਈ ਕਿਹਾ। ਭਾਈ ਮਰਦਾਨਾ ਜੀ ਨੇ ਤਾਨ ਬਣਾ ਕੇ ਜਦੋਂ ਰਬਾਬ ਵਜਾਈ ਤਾਂ "ਧੰਨ ਨਿਰੰਕਾਰ, ਧੰਨ ਨਿਰੰਕਾਰ, ਨਾਨਕ ਤੇਰਾ ਬੰਦਾ" ਦੀ ਆਵਾਜ਼ ਆਈ। ਭਾਈ ਮਰਦਾਨਾ ਜੀ ਰਬਾਬ ਤਾਂ ਬਚਪਨ ਤੋਂ ਹੀ ਚੰਗੀ ਤਰ੍ਹਾਂ ਵਜਾ ਲੈਂਦੇ ਸਨ ਪਰ ਗੁਰੂ ਕਿਰਪਾ ਤੇ ਅਪਾਰ ਬਖ਼ਸ਼ਿਸ਼ ਸਦਕਾ ਸੰਗੀਤਕ ਸੁਰਾਂ ਤੇ ਰਾਗਾਂ ਦੇ ਮਾਹਰ ਹੋ ਗਏ। ਗੁਰੂ ਜੀ ਦੇ ਹੁਕਮ 'ਤੇ ਜਦੋਂ ਭਾਈ ਮਰਦਾਨਾ ਜੀ ਰਬਾਬ ਛੇੜਦੇ ਤਾਂ ਸੁਣਨ ਵਾਲੇ ਜੀਵ ਮੰਤਰ ਮੁਗਧ ਹੋ ਜਾਂਦੇ।

ਗੁਰੂ ਜੀ ਦੀਆਂ ਚਾਰਾਂ ਉਦਾਸੀਆਂ ਤੇ ਹੋਰ ਦੇਸ਼ਾਂ-ਦਿਸ਼ਾਂਤਰਾਂ ਦੇ ਭ੍ਰਮਣ ਸਮੇਂ ਗੁਰੂ ਜੀ ਦਾ ਸਾਥ ਭਾਈ ਮਰਦਾਨਾ ਜੀ ਤੇ ਉਨ੍ਹਾਂ ਦੀ ਰਬਾਬ ਨੇ ਦਿੱਤਾ। ਗੁਰੂ ਜੀ ਨੇ ਦੇਸ਼ਾਂ-ਦਿਸ਼ਾਂਤਰਾਂ ਦੇ ਭ੍ਰਮਣ ਵੇਲੇ ਭਾਈ ਮਰਦਾਨਾ ਜੀ ਦੀ ਹਰ ਬੇਨਤੀ ਨੂੰ ਸਵੀਕਾਰਿਆ ਤੇ ਜੀਵਾਂ ਦਾ ਉਧਾਰ ਕੀਤਾ। ਇਸੇ ਸੰਦਰਭ 'ਚ ਦੱਖਣ ਦੀ ਉਦਾਸੀ ਦਾ ਇਕ ਪ੍ਰਸੰਗ ਯਾਦ ਆਉਂਦਾ ਹੈ। ਗੁਰੂ ਜੀ ਜਦੋਂ ਬਿਦਰ ਸ਼ਹਿਰ ਪਹੁੰਚੇ, ਉਸ ਵੇਲੇ ਮੱਕੇ ਦਾ ਹੱਜ ਕਰਨ ਮੁਸਲਮਾਨ ਯਾਤਰੀ ਜਾਂਦੇ ਵੇਖ ਭਾਈ ਮਰਦਾਨਾ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੁਸਲਮਾਨ ਨੂੰ ਜ਼ਿੰਦਗੀ 'ਚ ਇਕ ਵਾਰੀ ਮੱਕੇ ਦਾ ਹੱਜ ਕਰਨਾ ਜ਼ਰੂਰੀ ਕਹਿੰਦੇ ਹਨ, ਕਿਵੇਂ ਹੋਵੇ ਜੋ ਮੈਂ ਵੀ ਇਸ ਜ਼ਿੰਦਗੀ 'ਚ ਮੱਕੇ ਦਾ ਹੱਜ ਕਰ ਸਕਾਂ। ਗੁਰੂ ਜੀ ਨੇ ਭਾਈ ਮਰਦਾਨਾ ਜੀ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਉਥੋਂ ਹੀ ਮੱਕੇ ਦੀ ਯਾਤਰਾ ਸ਼ੁਰੂ ਕਰ ਦਿੱਤੀ ਤੇ ਮੱਕਾ, ਮਦੀਨਾ ਅਤੇ ਬਗ਼ਦਾਦ ਸਭ ਥਾਂ ਭਾਈ ਮਰਦਾਨਾ ਜੀ ਨੂੰ ਵਿਖਾ ਦਿੱਤੇ ਤੇ ਉਥੋਂ ਦੇ ਲੋਕਾਂ ਨੂੰ ਇਕ ਅਕਾਲ ਪੁਰਖ ਦਾ ਸੰਦੇਸ਼ ਦੇ ਕੇ ਉਨ੍ਹਾਂ ਦਾ ਉਧਾਰ ਕੀਤਾ।

ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਹਿੰਦੇ-ਰਹਿੰਦੇ ਉਨ੍ਹਾਂ ਦੇ ਰੰਗ 'ਚ ਰੰਗੇ ਗਏ ਤੇ ਇਕ ਮਹਾਨ ਰੁਤਬਾ ਪ੍ਰਾਪਤ ਕੀਤਾ। ਗੁਰੂ ਜੀ, ਮਰਦਾਨਾ ਜੀ ਨੂੰ ਸਤਿਕਾਰ ਨਾਲ 'ਭਾਈ ਮਰਦਾਨਾ' ਕਹਿੰਦੇ ਸਨ। ਇਹ ਗੁਰੂ ਨਾਨਕ ਸਾਹਿਬ ਦੀ ਹੀ ਵਡਿਆਈ ਹੈ ਕਿ ਮਰਦਾਨਾ, ਮਰਦਾਨੇ ਤੋਂ ਭਾਈ ਮਰਦਾਨਾ ਕਹਾਇਆ ਤੇ ਸਤਿਕਾਰ ਪਾਇਆ। ਭਾਈ ਗੁਰਦਾਸ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਯਾਤਰਾ ਦਾ ਵਰਣਨ ਆਪਣੀ ਇਕ ਵਾਰ 'ਚ ਕਰਦੇ ਹੋਏ ਗੁਰੂ ਜੀ ਦੀ ਉਸਤਤਿ ਦੇ ਨਾਲ-ਨਾਲ ਭਾਈ ਮਰਦਾਨਾ ਜੀ ਦੀ ਵਡਿਆਈ ਵੀ ਇਸ ਤਰ੍ਹਾਂ ਕੀਤੀ ਹੈ;

ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ। (ਵਾਰ ੧;੩੫)

ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਸਾਥ ਖੁਰਮ ਸ਼ਹਿਰ (ਅਫ਼ਗਾਨਿਸਤਾਨ) ਤਕ ਦਿੱਤਾ ਤੇ ਗੁਰੂ ਜੀ ਦੇ ਹੱਥੋਂ ਇਸ ਆਵਾਗਵਨ ਤੋਂ ਮੁਕਤੀ ਪਾਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਦੀ ਇੱਛਾ ਮੁਤਾਬਕ ਉਸ ਦੇ ਅਕਾਲ ਚਲਾਣਾ ਕਰ



ਜਾਣ ਮਗਰੋਂ ਉਸ ਦਾ ਸਸਕਾਰ ਖੁਰਮ ਸ਼ਹਿਰ ਵਿਚ ਹੀ ਕਰ ਦਿੱਤਾ ਸੀ। ਫਿਰ ਗੁਰੂ ਜੀ ਨੇ ਭਾਈ ਬਾਲੇ ਨੂੰ ਭਾਈ ਮਰਦਾਨਾ ਜੀ ਦੇ ਘਰ ਭੇਜਿਆ। ਭਾਈ ਮਰਦਾਨਾ ਜੀ ਦਾ ਪੁੱਤਰ ਸਜਾਦਾ ਆਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਬੇਨਤੀ ਕੀਤੀ ਕਿ ਮੇਰਾ ਬਾਪ ਕਿੱਥੇ ਹੈ? ਗੁਰੂ ਜੀ ਨੇ ਦੱਸਿਆ ਕਿ ਉਹ ਕਾਲ-ਵਸ ਹੋ ਗਿਆ ਹੈ। ਗੁਰੂ ਜੀ ਨੇ ਕਿਹਾ ਕਿ ਭਾਈ ਮਰਦਾਨਾ ਜੀ ਨੇ ਸਾਨੂੰ ਕਿਹਾ ਸੀ ਕਿ ਮਰਨ ਮਗਰੋਂ ਮੇਰਾ ਸਸਕਾਰ ਕਰ ਦੇਣਾ ਤਾਂ ਕਿ ਇਸ ਆਉਣ-ਜਾਣ ਤੋਂ ਮੁਕਤੀ ਹੋ ਜਾਵੇ, ਕਿਧਰੇ ਜ਼ਮੀਨ ਵਿਚ ਦੱਬਿਆ ਨਾ ਰਹਿ ਜਾਵਾਂ। ਸੋ ਅਸੀਂ ਉਸ ਦਾ ਕਾਲ-ਵੱਸ ਹੋਣ ਮਗਰੋਂ ਖੁਰਮ ਸ਼ਹਿਰ ਵਿਚ ਹੀ ਸਸਕਾਰ ਕਰ ਦਿੱਤਾ ਹੈ। ਗੁਰੂ ਜੀ ਨੇ ਕਿਹਾ ਕਿ ਅਸੀਂ ਤੈਨੂੰ ਸਿਰੋਪਾਉ ਦੇਣਾ ਹੈ, ਅੱਗੇ ਤੂੰ ਜਿਹੜਾ ਕਹੇਂ ਉਹ ਸਿਰੋਪਾਉ ਦੇਈਏ।

ਸਜਾਦਾ ਨੇ ਗੁਰੂ ਜੀ ਨੂੰ ਕਿਹਾ ਕਿ ਜਿਹੜਾ ਸਿਰੋਪਾਉ ਮੇਰੇ ਪਿਤਾ ਮਰਦਾਨਾ ਜੀ ਨੂੰ ਦਿੱਤਾ ਸੀ ਸੋਈ ਮੈਨੂੰ ਦੇਵੋ ਜੀ। ਸਜਾਦਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਮੇਰੇ ਬਾਪ ਦੇ ਅਸਥਾਨ 'ਤੇ ਲੈ ਚਲੋਗੇ ਤਾਂ ਮੇਰੇ ਉਪਰ ਕਰਤਾਰ ਵੀ ਮਿਹਰਬਾਨੀ ਕਰੇਗਾ। ਗੁਰੂ ਜੀ ਸਜਾਦਾ ਨੂੰ ਲੈ ਕੇ ਉਥੋਂ ਤੁਰ ਪਏ ਤੇ ਪਹਿਲਾਂ ਲਾਹੌਰ ਆਏ, ਉਥੇ ਕਸਾਇਪੁਰ ਦੇ ਪਾਸ ਜਾ ਖਲੋਤੇ। ਉਸ ਵੇਲੇ ਲਾਹੌਰ ਵਿਚ ਸਵਾ ਪਹਿਰ ਦਿਨ ਚੜ੍ਹੇ ਤਕ ਗਊਬਧ ਹੁੰਦਾ ਸੀ। ਇਸ ਗਊਬਧ ਨੂੰ ਵੇਖ ਕੇ ਗੁਰੂ ਜੀ ਦਾ ਮਨ ਬਹੁਤ ਪਸੀਜ ਗਿਆ ਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਆਪ-ਮੁਹਾਰੇ ਨਿਕਲਿਆ:

ਲਾਹੌਰ ਸਹਰੁ ਜਹਰੁ
ਕਹਰੁ ਸਵਾ ਪਹਰੁ॥
(ਪੰਨਾ ੧੪੧੨)

ਗੁਰੂ ਜੀ ਤੇ ਸਜਾਦਾ ਉਥੋਂ ਚਲ ਪਏ ਤੇ ਸ਼ਾਹਦਰੇ ਆ ਕੇ ਠਹਿਰੇ। ਗੁਰੂ ਜੀ ਅਗੇ ਚਲ ਕੇ ਸਿਆਲਕੋਟ ਠਹਿਰੇ। ਉਥੋਂ 'ਜਿਊਣਾ ਝੂਠ ਤੇ ਮਰਨਾ ਸੱਚ' ਵਾਲੇ ਮੂਲੇ ਖੱਤਰੀ ਨੂੰ ਲੈ ਕੇ ਸੱਚ ਤੇ ਝੂਠ ਦਾ ਨਿਤਾਰਾ ਕਰਨ ਲਈ ਚਲਦੇ ਚਲਦੇ ਤਿਲੁੰਬੇ ਸ਼ਹਿਰ ਦੇ ਬਾਹਰ ਜਾ ਬੈਠੇ। ਗੁਰੂ ਜੀ ਨੇ ਸਜਾਦਾ ਨੂੰ ਕਿਹਾ ਕਿ ਜੇਕਰ ਭੁੱਖ ਲੱਗੀ ਹੈ ਤਾਂ ਨਿਡਰ ਹੋ ਕੇ ਸ਼ਹਿਰ ਜਾ ਕੇ ਕੁਝ ਖਾ ਪੀ ਆ। ਸਜਾਦਾ ਘੁੰਮਦਾ ਫਿਰਦਾ ਸੱਜਣ ਠੱਗ ਦੇ ਜਾਲ 'ਚ ਫਸ ਗਿਆ ਤੇ ਉਸ ਨੇ ਸਜਾਦਾ ਦੀਆਂ ਮੁਸ਼ਕਾਂ ਬੰਨ੍ਹ ਕੇ ਉਸ ਨੂੰ ਅੰਦਰ ਡੱਕ ਦਿੱਤਾ। ਸੱਜਣ ਠੱਗ ਦੇ ਮਨ 'ਚ ਸੀ ਕਿ ਸਜਾਦਾ ਤਾਂ ਮਰਾਸੀ ਹੈ, ਇਸ ਦੇ ਜਜਮਾਨ ਵੀ ਪੈਸੇ ਵਾਲੇ ਹੋਣਗੇ, ਜਦੋਂ ਉਹ ਇਹਨੂੰ ਲੱਭਦੇ ਇਥੇ ਆਉਣਗੇ ਤਾਂ ਉਨ੍ਹਾਂ ਨੂੰ ਵੀ ਲੁੱਟ ਲਵਾਂਗਾ। ਉਧਰ ਸਜਾਦਾ ਲੱਗਾ ਗੁਰੂ ਜੀ ਨੂੰ ਯਾਦ ਕਰਨ ਕਿ ਕੁਥਾਈਂ ਫਸ ਗਿਆ ਹਾਂ, ਜਲਦੀ ਬਹੁੜੋ ਤੇ ਮੈਨੂੰ ਛੁਡਾਓ। ਜਾਣੀ-ਜਾਣ ਗੁਰੂ ਜੀ ਨੇ ਉਥੇ ਪਹੁੰਚ ਕੇ ਸਜਾਦੇ ਨੂੰ ਸੱਜਣ ਠੱਗ ਦੀ ਗ੍ਰਿਫਤ 'ਚੋਂ ਛੁਡਵਾਇਆ ਤੇ ਉਥੇ ਸੱਜਣ ਠੱਗ ਦਾ ਉਧਾਰ ਕੀਤਾ। ਉਸ ਨੂੰ ਸੱਜਣ ਠੱਗ ਤੋਂ ਸੱਜਣ ਬਣਾਇਆ ਤੇ ਨਾਮ-ਦਾਨ ਬਖ਼ਸ਼ਿਆ।

ਗੁਰੂ ਜੀ ਫਿਰ ਖੁੱਰਮ ਸ਼ਹਿਰ ਪਹੁੰਚੇ ਤੇ ਸਜਾਦੇ ਨੂੰ ਉਹ ਥਾਂ ਵਿਖਾਈ ਜਿਥੇ ਭਾਈ ਮਰਦਾਨਾ ਜੀ ਦਾ ਸਸਕਾਰ ਕੀਤਾ ਸੀ। ਸਜਾਦੇ ਨੇ ਆਪਣੇ ਪਿਤਾ ਦੀ ਮੜ੍ਹੀ 'ਤੇ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ ਕਿ ਇਹ ਭਾਈ ਮਰਦਾਨਾ ਜੀ ਦਾ ਅੰਤਿਮ ਅਸਥਾਨ ਹੈ ਤੇ ਤੂੰ ਵੀ ਆਪਣਾ ਪਰਿਵਾਰ ਇਥੇ ਲੈ ਆ ਤੇ ਇਥੇ ਰਹਿ। ਭਾਈ ਮਰਦਾਨਾ ਜੀ ਦੀ ਥਾਂ ਤੇਰੀ ਮੰਜੀ ਇਥੇ ਹੋਵੇਗੀ। ਸਜਾਦਾ ਕਹਿਣ ਲੱਗਾ ਕਿ ਤੁਹਾਡੇ ਜਾਣ ਮਗਰੋਂ ਮੈਂ ਕਿਸ ਦੇ ਸਹਾਰੇ ਇਥੇ ਰਹਾਂਗਾ। ਗੁਰੂ ਜੀ ਨੇ ਕਿਹਾ ਕਿ ਹਮੇਸ਼ਾਂ ਸੱਤ ਪ੍ਰਤੀਤ ਰੱਖੀਂ, ਜਦੋਂ ਤੂੰ ਯਾਦ ਕਰੇਂਗਾ ਅਸੀਂ ਹਾਜ਼ਰ ਹੋਵਾਂਗੇ। ਸਜਾਦਾ ਨੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਉਨ੍ਹਾਂ ਨੂੰ ਸੱਚ ਕਰ ਮੰਨਿਆ ਤੇ ਉਥੇ ਰਹਿਣ ਲੱਗ ਗਿਆ।

ਭਾਈ ਮਰਦਾਨਾ ਜੀ ਵਾਂਙੂੰ ਸਜਾਦਾ 'ਤੇ ਗੁਰੂ ਜੀ ਨੇ ਬਖਸ਼ਿਸ਼ ਕੀਤੀ ਤੇ ਉਸ ਨੂੰ ਨਿਹਾਲ ਕੀਤਾ। ਸਜਾਦਾ ਵੀ ਰਬਾਬ ਦਾ ਧਨੀ ਸੀ ਤੇ ਸੰਗੀਤਕ ਸੁਰਾਂ ਤੇ ਰਾਗਾਂ ਦਾ ਮਾਹਿਰ ਹੋਇਆ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਵਡਿਆਈ ਹੈ ਕਿ ਜਿਸ 'ਤੇ ਮਿਹਰ ਦੀ ਨਜ਼ਰ ਪਾਈ ਉਹ ਨਿਹਾਲ ਤਾਂ ਹੋਇਆ ਹੀ, ਨਾਲ ਆਵਾਗਵਨ ਦੇ ਚੱਕਰ ਤੋਂ ਵੀ ਮੁਕਤ ਹੋ ਗਿਆ।



ਸ਼ੌਰਟ ਕੱਟ ਵਾਇਆ ਲੌਂਗ ਰੂਟ

16

ਅਮਰੀਕ ਸਿੰਘ ਬਲ
ਫੋਨ: 34602835897

# ਖ਼ਾਬ ਦੇਖਣ ਦੀ ਸਜ਼ਾ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 16ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਅਸੀਂ ਸੁਫ਼ਨੇ ਦੇਖਣ ਦੀ ਸਜ਼ਾ ਭੁਗਤ ਰਹੇ ਸਾਂ। ਖ਼ਾਬ ਹਰ ਕੋਈ ਦੇਖਦਾ ਹੈ- ਛੋਟੇ, ਦਰਮਿਆਨੇ, ਵੱਡੇ। ਜਿੱਡਾ ਖ਼ਾਬ, ਉਨੀ ਕੀਮਤ ਚੁਕਾਉਣੀ ਪੈਂਦੀ ਹੈ। ਮੇਰੇ ਖ਼ਿਆਲ ਵਿਚ ਮੋਟੇ ਅਹਿਮਦ ਦੀ ਫੈਕਟਰੀ 'ਚ ਰਹਿੰਦਿਆਂ, ਮੈਨੂੰ ਖ਼ਾਬ ਦੇਖਣ ਦੀ ਸਭ ਤੋਂ ਵੱਡੀ ਸਜ਼ਾ ਮਿਲੀ ਸੀ: ਰੋਟੀ ਖ਼ਾਤਿਰ ਲੋਕਾਂ ਅੱਗੇ ਹੱਥ ਫੈਲਾਉਣੇ... ਭੀਖ਼ ਮੰਗਣੀ।

ਲੱਖਾਂ ਰੁਪਏ ਦੇ ਕੇ ਬਾਹਰ ਆਉਣ ਵਾਲੇ ਗਰੀਬ ਤਾਂ ਨਹੀਂ ਕਹੇ ਜਾ ਸਕਦੇ (ਅਪਵਾਦ ਦੇ ਤੌਰ 'ਤੇ ਮੇਰੇ ਜਿਹੇ ਉਧਾਰ ਤੇ ਵਿਆਜੂ ਪੈਸੇ ਫੜ ਕੇ ਆਉਣ ਵਾਲਿਆਂ ਨੂੰ ਛੱਡ ਕੇ)। ਜਿਹੜੇ ਹੱਥ ਹਮੇਸ਼ਾ ਗਰੀਬਾਂ-ਭਿਖ਼ਾਰੀਆਂ ਨੂੰ ਦਿੰਦੇ ਸਨ, ਇਥੇ ਚੰਦ ਟੁਕੜਿਆਂ ਦੀ ਖ਼ਾਤਿਰ ਲੋਕਾਂ ਅੱਗੇ ਫੈਲਦੇ ਦੇਖੇ। ਹਾਲਾਤ ਇਨਸਾਨ ਨੂੰ ਕਿਸ ਹੱਦ ਤਕ ਬੇਵਸ, ਮਜਬੂਰ ਕਰ ਦਿੰਦੇ ਨੇ। ਸ਼ਾਇਦ ਚੋਰੀ-ਠੱਗੀ ਕਰਨਾ ਇੰਨੀ ਸ਼ਰਮਨਾਕ ਗੱਲ ਨਹੀਂ ਲੱਗਦੀ, ਜਿੰਨੀ ਥਾਂ-ਥਾਂ 'ਤੇ ਹੱਥ ਅੱਡ ਕੇ ਭੀਖ਼ ਮੰਗਣਾ। ਇਸ ਜ਼ਿਲਤ ਤੇ ਸ਼ਰਮਿੰਦਗੀ ਭਰੇ ਸਮੇਂ ਨੂੰ ਅਸੀਂ ਦਿਲਾਂ ਅਤੇ ਰੂਹਾਂ 'ਤੇ ਝੱਲਿਆ ਸੀ, ਤੇ ਜਿਸ ਦਿਲ ਨਾਲ ਝੱਲਿਆ ਸੀ, ਉਹ ਸਾਡਾ ਰੱਬ ਹੀ ਜਾਣਦਾ ਸੀ। ਪਾਪੀ ਪੇਟ ਇਨਸਾਨ ਤੋਂ ਕੀ ਕੁਝ ਨਹੀਂ ਕਰਵਾਉਂਦਾ!

ਅਗਲੇ ਦਿਨ ਅਸੀਂ ਦੋ-ਦੋ, ਤਿੰਨ-ਤਿੰਨ ਹੋ ਕੇ ਸ਼ਹਿਰ ਵੱਲ ਨਿਕਲ ਗਏ। ਮੇਰੇ ਨਾਲ ਨਵਾਂ ਮੁੰਡਾ ਮਲਕੀਤ ਸੀ ਜੋ ਸਾਡੇ ਜੱਦੀ ਪਿੰਡ ਬੁਤਾਲਾ ਦਾ ਸੀ। ਅਸੀਂ ਗੱਲੀਂ-ਬਾਤੀਂ ਲਗ ਗਏ। ਸੋਚਦਾ ਸਾਂ, ਨੀਲੇ ਵਾਂਗ ਕਿਸੇ ਜ਼ਰੀਏ ਵੈਸਟਰਨ ਯੂਨੀਅਨ ਤੋਂ ਪੈਸੇ ਮੰਗਵਾ ਲਵਾਂਗਾ, ਪਰ ਫਿਰ ਤਿੰਨ ਕੁ ਦਿਨਾਂ ਦੀਆਂ ਛੁੱਟੀਆਂ ਨਿਕਲ ਆਈਆਂ। ਅਹਿਮਦ ਹੁਣ ਰੋਟੀ ਕਿਸੇ ਦਿਨ ਹੀ ਭੇਜਦਾ ਸੀ। ਪੈਸੇ ਕਿਸੇ ਕੋਲ ਹੈ ਨਹੀਂ ਸਨ, ਜਾਂ ਕੋਈ ਕੱਢ ਕੇ ਰਾਜ਼ੀ ਨਹੀਂ ਸੀ, ਸ਼ਾਇਦ ਇਸ ਤੋਂ ਵੀ ਬੁਰੇ ਵਕਤ ਵਾਸਤੇ ਸੰਭਾਲੇ ਹੋਣ, ਜਾਂ ਫਿਰ ਡੌਂਕੀ ਦੀ ਰਿਸ਼ਵਤ ਲਈ ਸੁਰੱਖਿਅਤ ਰੱਖੇ ਹੋਣ!

ਇੱਕ ਸਟੋਰ 'ਤੇ ਪਹੁੰਚ ਕੇ ਮਲਕੀਤ ਨੇ ਅਲਖ਼ ਜਗਾਈ: "ਥਰੀ ਡੇ ਨੋ ਅਕਿਲ, ਨੋ ਮੋਂਜੇ, ਨੋ ਫਲੂਸ...", ਨਾਲ ਦੋ ਕੁ ਵਾਰ ਪੇਟ 'ਤੇ ਹੱਥ ਮਾਰਿਆ। ਸਾਨੂੰ ਭੀਖ਼ ਵਿਚ ਇੱਕ-ਇੱਕ ਖੋਬਸ ਮਿਲ ਗਿਆ। ਮੈਂ ਝੂਠਾ ਜਿਹਾ ਹੋਇਆ ਪਿੱਛੇ ਖੜ੍ਹਾ ਸਾਂ। ਅਗਾਂਹ ਗਏ, ਇੱਕ ਹੋਰ ਦੁਕਾਨ 'ਚ ਵੜੇ, ਹੁਣ ਮੈਂ ਅੱਗੇ ਸਾਂ।

ਉਨ੍ਹਾਂ ਅਭੁੱਲ ਬੇਰਹਿਮ ਪਲਾਂ ਨੂੰ ਸ਼ਾਇਦ ਲਫ਼ਜ਼ਾਂ ਵਿਚ ਬਿਆਨ ਨਾ ਕਰ ਸਕਾਂ, ਜਦੋਂ ਮੇਰੀ ਜ਼ਮੀਰ 'ਤੇ ਸ਼ਰਮਿੰਦਗੀ ਦੇ ਆਰੇ ਚੱਲੇ, ਮੇਰੀ ਆਤਮਾ ਜਿਵੇਂ ਲਹੂ-ਲੁਹਾਣ ਹੋ ਰਹੀ ਸੀ। ਜ਼ਿਲਤ ਨਾਲ ਮੈਂ ਸਿਰ ਤੋਂ ਪੈਰਾਂ ਤਕ ਸੁੰਨ ਹੋ ਗਿਆ। ਨਮ ਅੱਖਾਂ 'ਤੋਂ ਪਲਕਾਂ ਚੁੱਕੀ ਰੱਖਣੀਆਂ ਬਹੁਤ ਭਾਰੀ ਲੱਗਿਆ ਸੀ। ਮੈਨੂੰ ਆਪਣੇ ਚਿਹਰੇ ਅਤੇ ਪੁੜਪੁੜੀਆਂ 'ਤੇ ਉਸ ਸੇਕ ਦਾ ਅਹਿਸਾਸ ਹੋਇਆ ਜੋ ਬਹੁਤ ਬੇਇਜ਼ਤ ਹੋਣ ਵੇਲੇ ਮਹਿਸੂਸ ਹੁੰਦਾ ਏ। ਆਪਣੇ-ਆਪ ਅੱਗੇ ਕਿੰਨਾ ਹੀਣਾ ਤੇ ਬੌਣਾ ਲੱਗਣ ਲੱਗਿਆ ਸਾਂ ਉਸ ਵੇਲੇ। ਭਰੇ ਹੋਏ ਗਲੇ ਵਿਚੋਂ, ਕੰਬਦੀ ਆਵਾਜ਼ ਮਸੀਂ ਨਿਕਲੀ, "ਥਰੀ ਡੇ, ਨੋ ਮੋਂਜੇ, ਨੋ ਮਨੀ।" ਭੁੱਖ ਦਰਸਾਉਣ ਲਈ ਇੱਕ ਹੱਥ ਪੇਟ 'ਤੇ ਫੇਰ ਰਿਹਾ ਸਾਂ। ਮੋਰੱਕੀ ਨੇ ਪੁੱਛਿਆ, "ਇੰਡੀਅਨ?" ਅਸੀਂ ਸਿਰ ਹਿਲਾਇਆ, "ਹਾਂ"। ਲੋਕਾਂ ਨੂੰ ਪਤਾ ਸੀ, ਇੰਡੀਅਨ, ਪਾਕਿਸਤਾਨੀ, ਬੰਗਲਾਦੇਸ਼ੀ ਇਥੇ ਧੱਕੇ ਖਾਂਦੇ ਫਿਰਦੇ ਨੇ ਤੇ ਖਾਣ ਲਈ ਮੰਗਦੇ ਵੀ ਸਨ। ਮੈਂ ਸਿਰ ਝੁਕਾਈ ਖੜ੍ਹਾ ਸਾਂ, ਮੈਨੂੰ ਲੱਗਾ ਸ਼ਰਮਿੰਦਗੀ ਨਾਲ ਮੈਂ ਧਰਤੀ 'ਚ ਧਸਦਾ ਜਾ ਰਿਹਾ ਹੋਵਾਂ।

ਇੰਡੀਆ ਵਿਚ ਜੇ ਕੋਈ ਮੰਗਤਾ ਕੋਲੋਂ ਲੰਘਦਾ ਹੋਵੇ, ਤੇ ਮੇਰੇ ਕੋਲ ਦੇਣ ਲਈ ਕੁਝ ਨਾ ਹੁੰਦਾ ਤਾਂ ਖ਼ੁਦ ਨੂੰ ਅਸਹਿਜ ਮਹਿਸੂਸ ਕਰਦਾ ਸਾਂ। ਉਸ ਵਕਤ ਅਸੀਂ ਕਦੇ ਉਸ ਮੰਗਤੇ ਦੇ ਅੰਦਰ ਝਾਤ ਮਾਰ ਕੇ ਨਹੀਂ ਦੇਖਦੇ ਕਿ ਉਹ ਕਿਸ ਹੌਸਲੇ, ਕਿਸ ਮਜਬੂਰੀ ਅਤੇ ਕਿਸ ਦਿਲ ਨਾਲ ਮੰਗ ਰਿਹਾ ਹੋਵੇਗਾ!

ਮੋਰੱਕੀ ਨੇ ਉਹੀ ਰਵਾਇਤੀ 'ਧਰਮ ਸਿੱਧ ਅਧਿਕਾਰਤ' ਪ੍ਰਸ਼ਨ ਪੁੱਛਿਆ, "ਮੁਸਲਮਾਨ?" ਅਸੀਂ ਨਾਂਹ ਵਿਚ ਸਿਰ ਮਾਰਿਆ। ਇਸ ਵਕਤ ਤਾਂ ਸਾਡਾ ਧਰਮ ਭੁੱਖ ਸੀ, ਰੋਟੀ ਸੀ ਜੋ ਦੁਨੀਆ ਦੇ ਸਭ ਧਰਮਾਂ ਤੋਂ ਵੱਡਾ ਧਰਮ ਹੈ। ਕਹਿੰਦੇ ਹਨ, ਕਿਸੇ ਨੇ ਭੁੱਖੇ ਨੂੰ ਸਵਾਲ ਕੀਤਾ: "ਇੱਕ ਤੇ ਇੱਕ ਕਿੰਨੇ?" ਜਵਾਬ ਮਿਲਿਆ: "ਦੋ ਰੋਟੀਆਂ।"

***ਤਿੰਨ ਜਣੇ ਬੱਸ 'ਚ ਜਾਣੇ ਸਨ। ਬਾਕੀ ਕਿਸੇ ਨੇ ਇਸ ਵਿਚ ਵਿਸ਼ੇਸ਼ ਰੁਚੀ ਨਾ ਦਿਖਾਈ, ਕਿਉਂਕਿ ਮੁਹੰਮਦ ਨੇ ਚਾਰ ਬੰਦੇ, ਚਾਰ ਮਹੱਤਵਪੂਰਨ ਬੰਦੇ ਸਿੱਧੇ ਸਿਬਤਾ ਨੇੜੇ ਲੈ ਜਾਣੇ ਸਨ। ਮੁਹੰਮਦ, ਸਿਬਤਾ ਵਿਚ ਨੌਕਰੀਸ਼ੁਦਾ ਡੌਂਕਰ ਸੀ ਜੋ ਹਫ਼ਤੇ ਦੇ ਕੰਮਕਾਜੀ ਦਿਨਾਂ ਵਿਚ 4 ਮੁੰਡੇ ਆਰਾਮ ਨਾਲ ਸਪੇਨ ਦਾਖਲ ਕਰਵਾ ਦਿੰਦਾ ਸੀ। ਨੀਲੇ, ਛਿਆਸੀ ਹੋਰਾਂ ਦੇ ਦਿਮਾਗ ਵਿਚ ਇਹੀ ਸੀ ਕਿ ਫੋਨ 'ਤੇ ਰਾਬਤਾ ਹੁੰਦਿਆਂ ਹੀ ਉਹ 4 ਜਣੇ ਚੁਪਚਾਪ ਨਿਕਲ ਜਾਣਗੇ। ਮੇਰੇ ਸਣੇ ਮੋਹਕਮ, ਬੰਟੀ ਅਰਬੀ, ਰਾਜਬੀਰ ਵਗੈਰਾ ਨਾ ਤਾਂ ਦਿੱਲੀ ਵਾਲੇ ਟੀਟੂ ਏਜੰਟ ਦੇ ਕਲਾਇੰਟ ਸਨ ਤੇ ਨਾ ਹੀ ਛਿਆਸੀ, ਸਤਾਸੀ ਵਾਂਗ 700-700 ਯੂਰੋ ਫ਼ਾਲਤੂ ਰਿਸ਼ਵਤ ਭਰੀ ਸੀ।***



***ਸਪੇਨ ਦਾ ਖੂਬਸੂਰਤ ਸ਼ਹਿਰ ਸਿਬਤਾ ਜਿਥੇ ਪੁੱਜਣ ਦੇ ਸੁਪਨੇ ਨੌਜਵਾਨ ਲੈ ਰਹੇ ਸਨ।***

ਮੋਰੱਕੀ ਨੇ ਮਾਮੂਲੀ ਸਵਾਲ-ਜਵਾਬ ਨਾਲ ਚਾਰ ਬਰੈਡ, ਮੱਖਣ ਅਤੇ ਚਾਹ ਦੇ ਦਿੱਤੇ। ਇੱਕ-ਇੱਕ ਬਰੈਡ ਅਸੀਂ ਚਾਹ ਨਾਲ ਖਾ ਲਿਆ ਤੇ ਦੋ ਸਾਂਭ ਲਏ। ਭੁੱਖ ਕੁਝ ਸ਼ਾਂਤ ਹੋ ਗਈ ਸੀ। ਕ੍ਰਿਤਗਤਾ ਨਾਲ ਸੀਨੇ 'ਤੇ ਸੱਜਾ ਹੱਥ ਰੱਖ ਕੇ ਥੋੜ੍ਹਾ ਸਿਰ ਨਿਵਾ ਕੇ ਵਾਰ-ਵਾਰ 'ਸ਼ੁਕਰਾਣ-ਸ਼ੁਕਰਾਣ' ਦੋਹਰਾਉਂਦੇ ਰਹੇ। ਚਿਹਰੇ 'ਤੇ ਅਹਿਸਾਨਮੰਦਗੀ ਦੇ ਉਹ ਸੱਚੇ ਭਾਵ ਹੁੰਦੇ ਸਨ ਜੋ ਭਾਸ਼ਾ ਦੀ ਨਾਸਮਝੀ ਦੀ ਵਜ੍ਹਾ ਨਾਲ, ਹਰਫ਼ਾਂ ਦੇ ਜ਼ਰੀਏ ਸਾਡੇ ਹੋਂਠਾਂ ਤਕ ਨਹੀਂ ਸੀ ਅਪੜਦੇ: "ਰੱਬ ਤੁਹਾਨੂੰ ਖ਼ੁਸ਼ ਰੱਖੇ, ਬਹੁਤਾ-ਬਹੁਤਾ ਦੇਵੇ, ਭੁੱਖਿਆਂ ਦੇ ਪੇਟ ਭਰਨ ਵਾਲਿਓ! ਹਮੇਸ਼ਾ ਸੁਖੀ ਰਹੋ...।" ਉਥੋਂ ਅੱਗੇ ਕੁਝ ਹੋਰ ਲੋਕਾਂ ਕੋਲ ਪੇਟ ਰੂਪੀ ਖੂਹ ਵਿਚ ਬਲਦੀ ਭੁੱਖ ਦੀ ਅਗਨ ਸ਼ਾਂਤ ਕਰਨ ਲਈ ਖਾਣੇ ਦੇ ਵਾਸਤੇ ਪਾਏ। ਫੈਕਟਰੀ ਬੈਠੇ ਮੁੰਡਿਆਂ ਲਈ ਅਤੇ ਰਾਤ ਲਈ ਵੀ ਇੰਤਜ਼ਾਮ ਕਰਨਾ ਸੀ।

ਵਾਪਸੀ ਦੇ ਸਾਰੇ ਰਾਸਤੇ ਮੈਂ ਚੁੱਪ ਵੱਟੀ ਰੱਖੀ, ਬੋਲਣ ਨੂੰ ਦਿਲ ਨਹੀਂ ਸੀ ਕਰਦਾ। ਬਸ ਸੋਚਾਂ ਨਾਲ ਘੁਲ ਰਿਹਾ ਸਾਂ। ਵਕਤ ਕਿਹੜੇ-ਕਿਹੜੇ ਰੰਗ ਦਿਖਾ ਰਿਹਾ ਸੀ! ਜ਼ਿੰਦਗੀ ਆਪਣੀ ਦਬੰਗ ਚਾਲੇ ਸਾਡੀਆਂ ਰੂਹਾਂ ਨੂੰ ਕਿਵੇਂ ਰੌਂਦ ਰਹੀ ਸੀ! ਪਰ ਹਾਲਾਤ ਬਾਦਸ਼ਾਹਾਂ ਨੂੰ ਵੀ ਮੰਗਤੇ ਬਣਾ ਸੁੱਟਦੇ ਨੇ, ਅਸੀਂ ਤਾਂ ਸਾਧਾਰਨ ਇਨਸਾਨ ਸਾਂ!

ਫੈਕਟਰੀ ਪਹੁੰਚੇ, ਬਾਕੀ 'ਭਿਖ਼ਾਰੀ' ਵੀ ਮੁੜ ਆਏ ਸਨ। ਸਭ ਮੰਗਤਿਆਂ ਨੇ ਰਲ-ਮਿਲ ਕੇ ਖਾਧਾ-ਪੀਤਾ, ਬਾਕੀ ਰਾਤ ਅਤੇ ਅਗਲੀ ਸਵੇਰ ਲਈ ਸੰਭਾਲ ਲਿਆ। ਮੰਗਣ ਵਾਲਿਆਂ ਵਿਚ ਜ਼ਿਆਦਾਤਰ ਪੁਰਾਣੇ ਤਜਰਬੇਕਾਰ ਮੁੰਡੇ ਹੀ ਸਨ ਜਿਨ੍ਹਾਂ ਨੂੰ ਪਹਿਲਾਂ ਵੀ ਅਜਿਹੇ ਹਾਲਾਤ ਨਾਲ ਦੋ-ਚਾਰ ਹੋਣਾ ਪਿਆ ਸੀ। ਸਿਰਫ਼ ਮੈਂ ਅਤੇ ਚਮਕੀਲੇ ਨੇ ਹੀ ਅੱਜ ਪਹਿਲੀ ਵਾਰ ਇਹ ਸਜ਼ਾ ਭੁਗਤੀ ਸੀ।

ਪਤਾ ਲੱਗਾ ਕਿ ਅੱਜ ਰਾਤ ਚਾਰ ਜਣੇ 'ਰਬਾਤ' ਲਈ ਰਵਾਨਾ ਹੋਣੇ ਸੀ ਅਤੇ ਕੱਲ੍ਹ ਪਰਸੋਂ ਤਕ 'ਸਿਬਤਾ' ਨੇੜਿਓਂ ਮੁਹੰਮਦ ਡੌਂਕਰ ਆਏਗਾ, ਚਾਰ ਬੰਦੇ ਹੋਰ ਲੈ ਜਾਣ ਲਈ। ਮੈਂ ਕੋਈ ਖ਼ਾਸ ਉਤੇਜਿਤ ਜਾਂ ਉਤਸ਼ਾਹਿਤ ਨਹੀਂ ਸਾਂ, ਕਿਉਂਕਿ ਬੱਸ ਵਿਚ ਹੁਣ ਮੇਰਾ ਨੰਬਰ ਲੇਟ ਲੱਗਣਾ ਸੀ। ਮੁਹੰਮਦ ਨਾਲ ਟੀਟੂ ਏਜੰਟ ਦੇ ਬੰਦੇ ਬੁੱਧੂ, ਨੀਲਾ, ਰਣਜੀਤ ਪਹਿਲ ਦੇ ਆਧਾਰ 'ਤੇ ਜਾਣੇ ਸਨ ਤੇ ਫਿਰ ਛਿਆਸੀ, ਸਤਾਸੀ ਵੀ ਖ਼ਾਨ ਨੂੰ ਵਾਧੂ 1400 ਯੂਰੋ ਦੇ ਕੇ ਅਗਲੀ ਕਤਾਰ ਵਿਚ ਜਾ ਖੜ੍ਹੇ ਸਨ। ਇਹ ਧਰਵਾਸ ਜ਼ਰੂਰ ਸੀ, ਪਿੱਛੇ ਰਹਿ ਜਾਣ ਵਾਲੇ ਮੁੱਠੀ ਕੁ ਭਰ ਰਹਿ ਜਾਂਦੇ ਨੇ ਜਿਨ੍ਹਾਂ ਨੂੰ ਅੱਗੇ ਜਾਂਦਿਆਂ ਜ਼ਿਆਦਾ ਸਮਾਂ ਨਹੀਂ ਸੀ ਲੱਗਣਾ।

ਰਾਤ ਨੂੰ ਅਹਿਮਦ ਮੋਟੇ ਨਾਲ ਰਣਜੀਤ, ਟੈਪੂ, ਚਮਕੀਲਾ, ਮੋਹਕਮ, ਤੇ ਪੰਜਵਾਂ ਇੱਕ ਨਵਾਂ ਮੁੰਡਾ ਤੁਰ ਗਏ। ਮੋਹਕਮ ਦੇ ਜਾਣ ਦੀ ਮੈਨੂੰ ਬੜੀ ਪ੍ਰਸੰਨਤਾ ਹੋਈ। ਘੰਟੇ ਕੁ ਬਾਅਦ ਮੇਰੀ ਇਹ ਖੁਸ਼ੀ ਅਫ਼ਸੋਸ ਦੀ ਸੂਲੀ ਚੜ੍ਹ ਗਈ, ਜਦੋਂ ਮੋਹਕਮ ਤੇ ਨਵਾਂ ਮੁੰਡਾ ਵਾਪਿਸ ਮੁੜ ਆਏ। ਉਦਾਸ ਭਾਵ ਨਾਲ ਮੋਹਕਮ ਨੇ ਦੱਸਿਆ ਕਿ ਤਿੰਨ ਜਣਿਆਂ ਦਾ ਹੀ ਇੰਤਜ਼ਾਮ ਹੋ ਸਕਿਆ ਸੀ, ਪਰ ਮੇਰੇ ਮਨ ਵਿਚ ਕੜੱਤਣ ਭਰ ਗਈ ਕਿ ਮੋਹਕਮ ਨਾਲ ਹੀ ਇੰਜ ਕਿਉਂ ਹੋਇਆ? ਕੀ ਉਸ ਦਾ ਵੀ ਮੇਰੇ ਵਾਂਗ ਦੁੱਖਾਂ-ਤਕਲੀਫ਼ਾਂ ਦੇ ਖਾਤੇ ਵਿਚ ਹਾਲੇ ਕਾਫੀ ਹਿਸਾਬ-ਕਿਤਾਬ ਬਕਾਇਆ ਹੈ ਜੋ ਵਕਤ ਨੇ ਆਪਣੇ ਵਹੀ-ਖਾਤਿਆਂ ਦੇ ਲਿਖਿਆਂ ਮੁਤਾਬਿਕ ਹੀ ਬਰਾਬਰ ਮੁਕਾਉਣਾ ਸੀ। ਹਾਲੇ ਸਾਡਾ ਦਾਣਾ-ਪਾਣੀ ਇਥੇ ਰਹਿੰਦਾ ਸੀ। ਫਿਰ ਮੈਨੂੰ ਖ਼ਿਆਲ ਆਇਆ, ਯਕੀਨਨ ਆਪੋ-ਧਾਪ ਵੇਲੇ ਇਹ ਚੁੱਪ-ਚਾਪ ਪਿੱਛੇ ਖੜ੍ਹਾ ਰਿਹਾ ਹੋਵੇਗਾ। ਉਹ ਇੱਦਾਂ ਦਾ ਹੀ ਸੀ, ਪਰ ਦਿਲਾਸਾ ਸੀ ਕਿ ਕੁਝ ਨਾ ਹੋਣ ਨਾਲੋਂ ਕੁਝ ਤਾਂ ਹੋਇਆ ਸੀ। ਸ਼ੁਕਰ ਸੀ, ਤਿੰਨ ਜਣੇ ਤਾਂ ਰੁਖ਼ਸਤ ਹੋਏ।

ਅਗਲੇ ਦਿਨ ਇੱਕ ਜਣੇ ਦਾ ਜਨਮ ਦਿਨ ਸੀ। ਮੈਂ ਫਿਰ ਜ਼ਿਹਨੀ ਬੁਣਤੀ ਵਿਚ ਸੋਚਾਂ ਦੀਆਂ ਸਲਾਈਆਂ ਤੁੰਨ ਦਿੱਤੀਆਂ। ਉਮਰ ਦੇ ਢਾਈ ਦਹਾਕਿਆਂ ਤਕ ਮੈਂ ਆਪਣੇ ਪਰਿਵਾਰ ਨੂੰ ਖੁਸ਼ੀਆਂ-ਖੇੜਿਆਂ ਦੇ ਪਲ ਮੁਹੱਈਆ ਨਹੀਂ ਕਰਵਾ ਸਕਿਆ। ਮੇਰੀ ਨਾਕਾਮੀ ਤੇ ਸ਼ਰਮਿੰਦਗੀ ਦਾ ਇਸ ਤੋਂ ਵੱਡਾ ਹੋਰ ਕੋਈ ਸਬੂਤ ਨਹੀਂ ਹੋ ਸਕਦਾ! ਮੇਰੇ ਆਪਣੇ ਕਿਉਂ ਮੇਰੇ 'ਤੇ ਫ਼ਖ਼ਰ ਮਹਿਸੂਸ ਕਰ ਸਕਣਗੇ?

ਸੋਚਾਂ ਦੇ ਨਾਲ-ਨਾਲ ਮੇਰੇ ਅੰਦਰ ਇਹ ਅਹਿਸਾਸ ਫੈਲਦਾ ਗਿਆ ਕਿ ਪਤਾ ਨਹੀਂ ਜ਼ਿੰਦਗੀ ਮੇਰੇ 'ਤੇ ਬੋਝ ਹੈ, ਜਾਂ ਫਿਰ ਮੈਂ ਜ਼ਿੰਦਗੀ 'ਤੇ ਬੋਝ ਹਾਂ। ਸ਼ਾਇਦ ਇਹ ਦੋਵੇਂ ਗੱਲਾਂ ਸੱਚ ਸਨ। ਮੇਰੇ ਕੋਲੋਂ ਮੇਰੇ ਹੋਣ ਦਾ ਹੱਕ ਅਦਾ ਨਾ ਹੋ ਸਕਿਆ... ਜੀਵਨ ਦਾ, ਰਿਸ਼ਤਿਆਂ ਦਾ ਹੱਕ ਨਾ ਅਦਾ ਹੋ ਸਕਿਆ, ਇਸ ਲਈ ਮੈਂ ਜ਼ਿੰਦਗੀ 'ਤੇ ਬੋਝ ਹਾਂ। ਜ਼ਿੰਦਗੀ ਮੈਨੂੰ ਬੋਝ ਮਹਿਸੂਸ ਹੁੰਦੀ ਸੀ, ਕਿਉਂਕਿ ਮੈਂ ਨਿਰਾਸ਼, ਥੱਕੀ-ਹਾਰੀ, ਵਿਸ਼ਵਾਸਹੀਨ, ਨਾਕਾਰਾਤਮਕ ਸੋਚ ਨਾਲ ਜੀਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਐਸੀ ਖ਼ੁਦਕਸ਼ ਸੋਚ ਨਾਲ ਜੀਣ ਦਾ ਮਤਲਬ ਹੈ, ਮਰਨ ਤੋਂ ਪਹਿਲਾਂ ਮਰਨਾ ਤੇ ਉਹ ਵੀ ਕਿਸ਼ਤਾਂ ਵਿਚ, ਰੋਜ਼-ਰੋਜ਼, ਕਈ-ਕਈ ਵਾਰ।

---

**ਦਾਇਰੇ ਦਾ ਸਫ਼ਰ:** ਅਗਲੇ ਰੋਜ਼ ਵੀ ਆਪਣੇ ਮੁਕੱਦਰਾਂ ਦੀ ਮੋਹਰ ਲੱਗਾ, ਤਸਦੀਕਸ਼ੁਦਾ ਖ਼ਾਣਾ ਘਰਾਂ-ਦੁਕਾਨਾਂ ਤੋਂ ਮੰਗ ਕੇ ਲਿਆਂਦਾ ਗਿਆ। ਵਗਦੇ ਨਾਲ੍ਹੇ 'ਤੇ ਨਹਾਤੇ, ਕੱਪੜੇ ਧੋਤੇ। ਹੁਣ ਨੀਲਾ, ਛਿਆਸੀ ਤੇ ਸਤਾਸੀ ਦੀ ਤਿੱਕੜੀ ਅਲੱਗ-ਥਲੱਗ ਰਹਿੰਦੀ ਸੀ। ਉਹ ਖ਼ਾਨ ਨਾਲ ਫੋਨ 'ਤੇ ਗੁੱਪਚੁੱਪ ਵਾਰਤਾਲਾਪ ਕਰ ਲੈਂਦੇ। ਉਨ੍ਹਾਂ ਦੇ ਦਿਮਾਗਾਂ ਵਾਲੇ ਕੀੜੇ, ਸਾਡੇ ਜ਼ੇਹਨਾਂ ਵਿਚ ਵੀ ਰੇਂਗਦੇ ਰਹਿੰਦੇ ਸਨ। ਉਹ ਜ਼ਰੂਰ ਸੋਚਦੇ ਹੋਣਗੇ ਕਿ ਫੋਨ ਜ਼ਰੀਏ ਅੱਗੇ ਜਾਣ ਲਈ ਕੋਈ ਹੋਰ, ਉਨ੍ਹਾਂ ਤੋਂ ਪਹਿਲਾਂ ਨਾ ਕਾਮਯਾਬ ਹੋ ਜਾਵੇ, ਜਾਂ ਪਿਛਲੇ ਏਜੰਟਾਂ ਤੋਂ ਜ਼ੋਰ ਪਵਾ ਕੇ ਤੁਰਤ ਪਹਿਲਾਂ ਨੰਬਰ ਲਵਾ ਲਵੇ। ਫੋਨ ਦੀ ਤਾਨਾਸ਼ਾਹੀ ਕਰ ਕੇ ਮੇਰੀ ਪਿੱਛੇ ਘਰਦਿਆਂ ਨਾਲ ਗੱਲ ਨਾ ਹੋ ਸਕੀ।

ਇਸ ਰਾਤ ਤਿੰਨ ਜਣੇ ਬੱਸ 'ਚ ਜਾਣੇ ਸਨ-ਮਲਕੀਤ ਤੇ ਦੋ ਨਵੇਂ ਸਾਥੀ। ਬਾਕੀ ਕਿਸੇ ਨੇ ਇਸ ਵਿਚ ਵਿਸ਼ੇਸ਼ ਰੁਚੀ ਨਾ ਦਿਖਾਈ ਕਿਉਂਕਿ ਮੁਹੰਮਦ ਨੇ ਚਾਰ ਬੰਦੇ, ਚਾਰ ਮਹੱਤਵਪੂਰਨ ਬੰਦੇ ਸਿੱਧੇ ਸਿਬਤਾ ਨੇੜੇ ਲੈ ਜਾਣੇ ਸਨ। ਮੁਹੰਮਦ, ਸਿਬਤਾ ਵਿਚ ਨੌਕਰੀਸ਼ੁਦਾ ਡੌਂਕਰ ਸੀ ਜੋ ਹਫ਼ਤੇ ਦੇ ਕੰਮਕਾਜੀ ਦਿਨਾਂ ਵਿਚ 4 ਮੁੰਡੇ ਆਰਾਮ ਨਾਲ ਸਪੇਨ ਦਾਖਲ ਕਰਵਾ ਦਿੰਦਾ ਸੀ।

ਨੀਲੇ, ਛਿਆਸੀ ਹੋਰਾਂ ਦੇ ਦਿਮਾਗ ਵਿਚ ਇਹੀ ਸੀ ਕਿ ਫੋਨ 'ਤੇ ਰਾਬਤਾ ਹੁੰਦਿਆਂ ਹੀ ਉਹ 4 ਜਣੇ ਚੁਪਚਾਪ ਨਿਕਲ ਜਾਣਗੇ। ਮੇਰੇ ਸਣੇ ਮੋਹਕਮ, ਬੰਟੀ ਅਰਬੀ, ਰਾਜਬੀਰ ਵਗੈਰਾ ਨਾ ਤਾਂ ਦਿੱਲੀ ਵਾਲੇ ਟੀਟੂ ਏਜੰਟ ਦੇ ਕਲਾਇੰਟ ਸਨ ਤੇ ਨਾ ਹੀ ਛਿਆਸੀ, ਸਤਾਸੀ ਵਾਂਗ 700-700 ਯੂਰੋ ਫ਼ਾਲਤੂ ਰਿਸ਼ਵਤ ਭਰੀ ਸੀ। ਸੋ ਅਸੀਂ ਅਲਸਾਏ, ਉਬਾਸੀਆਂ ਭਰਦੇ ਕਿਸੇ ਹੋਰ ਨਵੀਂ ਖਬਰ ਦੀ ਉਡੀਕ 'ਚ ਲੱਤਾਂ ਪਸਾਰੀ ਪਏ ਰਹਿੰਦੇ।

ਬੱਸ ਦੇ ਸਫ਼ਰ ਵਾਲਿਆਂ 'ਚੋਂ ਮਲਕੀਤ ਬੈਰੰਗ ਲਿਫਾਫ਼ੇ ਵਾਂਗ ਮੁੜ ਆਇਆ ਸੀ। ਕਾਰਨ, ਦੋ ਜਣਿਆਂ ਦੇ ਜਾਣ ਦਾ ਹੀ ਪ੍ਰਬੰਧ ਹੋ ਸਕਿਆ ਸੀ। ਖ਼ਾਨ ਦਾ ਫੋਨ ਆਇਆ ਤਾਂ ਮੈਂ ਨੀਲੇ ਹੱਥੋਂ ਫੋਨ ਫੜ ਕੇ ਆਪਣੀ ਸੋਚ, ਆਪਣਾ ਫ਼ਿਕਰ ਖ਼ਾਨ ਅੱਗੇ ਖੋਲ੍ਹਿਆ, "ਮੁਹੰਮਦ ਕੇ ਸਾਥ ਜਾਨੇ ਪਰ, ਨੀਲਾ ਫੋਨ ਭੀ ਸਾਥ ਲੇ ਜਾਏਗਾ, ਫਿਰ ਹਮਾਰਾ ਆਪ ਸੇ ਰਾਬਤਾ ਕੈਸੇ ਹੋਗਾ। ਅਬ ਹਮ ਯਹਾਂ ਫ਼ਿਰ ਸੇ ਹਫਤੋਂ-ਮਹੀਨੇ ਨਹੀਂ ਸੜਨਾ ਚਾਹਤੇ...।" ਖ਼ਾਨ ਦੀ ਫ਼ੈਸਲਾਕੁਨ ਆਵਾਜ਼ ਆਈ, "ਫੋਨ ਯਹੀਂ ਪਰ ਰਹੇਗਾ, ਨਹੀਂ ਤੋ ਨੀਲਾ ਭੀ ਨਹੀਂ ਜਾਏਗਾ।" ਨੀਲਾ ਫੋਨ ਖੋਹ ਕੇ ਖ਼ਾਨ ਨਾਲ ਬਹਿਸ ਕਰਦਾ ਰਿਹਾ। ਇਹ ਤਾਂ ਪੱਕਾ ਸੀ, ਕਿਸੇ ਵੀ ਹਾਲਤ 'ਚ ਨੀਲੇ ਨੇ ਫੋਨ ਇਥੇ ਨਹੀਂ ਸੀ ਛੱਡ ਕੇ ਜਾਣਾ, ਉਹਨੇ ਜਾਣਾ ਸੀ ਤਾਂ ਫੋਨ ਵੀ ਜਾਣਾ ਸੀ। ਫਿਰ ਅਸੀਂ ਬਿਨਾਂ ਸੰਪਰਕ, ਪਤਾ ਨਹੀਂ ਇਥੇ ਹੀ ਕਿੰਨਾ ਚਿਰ ਤੜਪਦੇ ਰਹਿੰਦੇ।

ਨੀਲਾ ਆ ਕੇ ਮੇਰੇ ਨਾਲ ਭਿੜਨ ਲੱਗਾ ਤਾਂ ਮੈਂ ਜਵਾਬ ਦਿੱਤਾ, "ਅਸੀਂ ਆਪਣੀ ਸਮੱਸਿਆ ਦੱਸੀ ਸੀ, ਤੇਰਾ ਫੋਨ ਨਹੀਂ ਸੀ ਮੰਗਿਆ; ਫਿਰ ਜੇ ਤੂੰ ਫੋਨ ਦੇ ਜਾਵੇਂ ਤਾਂ ਅੱਗੇ ਸ਼ੁਕਰਾਨੇ ਸਮੇਤ ਤੈਨੂੰ ਵਾਪਿਸ ਸੌਂਪ ਦੇਵਾਂਗੇ। ਸਾਡੇ ਮਰਦਿਆਂ ਦੇ ਕੰਮ ਆ ਜਾਏਗਾ। ਤੂੰ ਤਾਂ ਮੁਹੰਮਦ ਜ਼ਰੀਏ ਦੋ-ਚਹੁੰ ਦਿਨਾਂ ਵਿਚ ਸਪੇਨ ਦਾਖਲ ਹੋ ਹੀ ਜਾਵੇਂਗਾ।" ਬਹਿਸ ਕਾਫੀ ਦੇਰ ਚਲਦੀ ਰਹੀ, ਤਕਰਾਰ ਹੁੰਦੀ ਰਹੀ। ਮੇਰੀਆਂ ਸੋਚਾਂ ਨੇ ਗੁੱਸੇ ਦਾ ਗੁਬਾਰ ਉਗਲਿਆ, "ਕਿੰਨਾ ਨਿਰਦਈ ਤੇ ਮਤਲਬੀ ਹੋ ਗਿਆ ਏਂ ਨੀਲਿਆ! ਜੇ ਤੂੰ ਫੋਨ ਲੈ ਗਿਆ ਤਾਂ ਰੱਬ ਕਰ ਕੇ ਡੌਂਕਰ ਖੋਹ ਲੈਣ, ਕਮੀਨਾ ਕਿਸੇ ਥਾਂ ਦਾ...।"

ਹਨੇਰੇ ਦੀ ਪਸਰੀ ਚਾਦਰ ਹੇਠਾਂ ਸਭ ਖੂੰਜਿਆਂ-ਕੋਨਿਆਂ 'ਚ ਦੁਬਕੇ, ਸੌਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਦਿਮਾਗ ਵਿਚ ਬਹੁਤ ਕੁਝ ਦੌੜ ਰਿਹਾ ਸੀ। ਹਰ ਜ਼ਿਹਨ ਇਸੇ ਜੋੜ-ਤੋੜ ਵਿਚ ਮਸਰੂਫ ਸੀ ਕਿ ਕਿਸ ਤਰ੍ਹਾਂ ਅੱਗੇ ਜਾਣਾ ਸੀ, ਉਹ ਵੀ ਛੇਤੀ ਤੋਂ ਛੇਤੀ, ਪਹਿਲਾਂ ਤੋਂ ਪਹਿਲਾਂ, ਸਭ ਤੋਂ ਪਹਿਲਾਂ।

ਅਗਲੀ ਦੁਪਿਹਰ ਅਚੰਭੇ ਦੇ ਤੌਰ 'ਤੇ ਦੋ ਅਜਨਬੀ ਮੋਰੱਕੀ ਸਾਡੇ ਕਮਰੇ 'ਚ ਆ ਘੁਸੇ। ਸਾਨੂੰ ਦੇਖ ਕੇ ਅਰਬੀ ਵਿਚ ਗੱਲਾਂ ਕਰਦੇ ਰਹੇ, ਹੱਸਦੇ ਰਹੇ, ਫਿਰ ਚਲੇ ਗਏ। ਅਸੀਂ ਘਬਰਾਇਆਂ ਨੇ ਖ਼ਾਨ ਨੂੰ ਵਾਕਿਆ ਦੱਸਿਆ। ਉਸ ਨੇ ਵੀ ਸਾਡੇ ਮਨ ਵਾਲੀ ਸੋਚ ਦੁਹਰਾਈ ਕਿ ਦਿਨੇ ਬਾਹਰ ਕਿਤੇ ਛਿਪ ਕੇ ਰਿਹਾ ਕਰੋ, ਰਾਤ ਨੂੰ ਇਥੇ ਸੌਂ ਲਿਆ ਕਰੋ। ਅਸੀਂ ਪਹਿਲਾਂ ਵੀ ਪਿਛਲੇ ਉਜਾੜਾਂ ਵਿਚ, ਟੋਇਆਂ-ਝਾੜੀਆਂ 'ਚ ਜ਼ਿਆਦਾ ਵਕਤ ਗੁਜ਼ਾਰਦੇ ਸਾਂ, ਅੱਜ ਸਾਰਾ ਦਿਨ ਹੀ ਬਾਹਰ ਰਹੇ, ਪਰ ਰਾਤ ਨੂੰ ਕੁਝ ਅਜਿਹਾ ਵਾਪਰਿਆ ਕਿ ਸਾਨੂੰ ਖੜ੍ਹੇ ਪੈਰੀਂ ਫ਼ੈਕਟਰੀ 'ਚੋਂ ਦੌੜ ਲਾਉਣੀ ਪੈ ਗਈ।

ਅੱਧੀ ਕੁ ਰਾਤ ਨੂੰ ਤਿੰਨ-ਚਾਰ ਸਾਏ ਪਿਛਲੇ ਪਾਸਿਓਂ ਕੰਧਾਂ 'ਤੇ ਚੜ੍ਹੇ ਨਜ਼ਰ ਆਏ। ਅਸੀਂ ਡਰੇ-ਘਬਰਾਏ ਉਨ੍ਹਾਂ ਦੀਆਂ ਹਰਕਤਾਂ ਜਾਚਦੇ ਰਹੇ। ਦੋ ਸਾਏ ਕੰਧ 'ਤੇ ਤੁਰਦੇ ਕਮਰਿਆਂ ਵੱਲ ਆ ਰਹੇ ਸਨ। ਦੋ ਹੋਰ ਧੁੰਦਲੇ ਆਕਾਰ ਕੰਧ ਦੇ ਨਾਲ-ਨਾਲ ਬੇਆਵਾਜ਼ ਇਧਰ ਵਧ ਰਹੇ ਸਨ। ਉਨ੍ਹਾਂ ਨੇ ਹੱਥਾਂ 'ਚ ਕੁਝ ਫੜਿਆ ਸੀ, ਜਿਵੇਂ ਡੰਡੇ-ਸਰੀਏ ਹੋਣ। ਅਸੀਂ ਫ਼ੁਰਤੀ ਨਾਲ ਪੱਥਰ-ਰੋੜਿਆਂ ਸਣੇ ਮਾਰ ਕਰ ਸਕਣ ਵਾਲੀ ਹਰ ਠੋਸ ਸ਼ੈਅ ਹੱਥਾਂ ਵਿਚ ਫੜ ਲਈ। ਅੰਦਾਜ਼ੇ ਲੱਗ ਰਹੇ ਸਨ, ਸ਼ਾਇਦ ਦੁਪਹਿਰ ਵਾਲੇ ਆਦਮੀ ਹੀ ਹੋਰ ਬੰਦੇ ਲੈ ਕੇ ਆਏ ਹੋਣ, ਸ਼ਾਇਦ ਸਾਨੂੰ ਫੜ ਕੇ ਏਜੰਟਾਂ ਜਾਂ ਘਰਾਂ ਵਾਲਿਆਂ ਤੋਂ ਪੈਸੇ ਵਸੂਲਣਾ ਚਾਹੁੰਦੇ ਹੋਣ, ਜਾਂ ਫਿਰ ਸਾਥੋਂ ਹੀ ਕੁਝ ਮਾਲ ਲੁੱਟਣ ਦੀ ਉਮੀਦ ਲਾ ਬੈਠੇ ਹੋਣ।

ਖ਼ਾਨ ਨੂੰ ਹਾਲਾਤ ਤੋ ਜਾਣੂ ਕਰਾਇਆ ਤਾਂ ਉਹ ਬੇਯਕੀਨੀ ਭਰੇ ਸੁਰ ਵਿਚ ਭੜਕ ਪਿਆ, "ਤੁਮ ਝੂਠ ਬੋਲਤੇ ਹੋ, ਕਭੀ ਦਿਨ ਮੇਂ ਆਦਮੀ ਆ ਜਾਤੇ ਹੈਂ, ਕਭੀ ਰਾਤ ਕੋ ਆ ਜਾਤੇ ਹੈਂ, ਕਿਆ ਡਰਾਮਾ ਲਗਾ ਰੱਖਾ ਹੈ।" ਮੈਂ ਤੇ ਨੀਲੇ ਨੇ ਤਰਲੇ ਭਰੇ ਕੰਬਦੇ ਬੋਲਾਂ ਨਾਲ ਉਸ ਨੂੰ ਸੰਤੁਸ਼ਟ ਕੀਤਾ ਕਿ ਅਸੀਂ ਸੱਚ ਬੋਲ ਰਹੇ ਸਾਂ। ਆਖਿਰ ਉਹ ਠੰਢਾ ਹੋਇਆ, "ਠੀਕ ਹੈ ਫ਼ੈਕਟਰੀ ਸੇ ਨਿਕਲ ਕਰ ਬਾਹਰ ਕਹੀਂ ਛੁਪ ਜਾਓ, ਵੋ ਪੀਛੇ ਪੜੇਂ ਤੋ ਪੱਥਰ ਮਾਰਨਾ। ਮੈਂ ਥੋੜ੍ਹੀ ਦੇਰ ਮੇਂ ਆਦਮੀ ਭੇਜਤਾ ਹੂੰ।"

ਅਸੀ ਚੁਪਚਾਪ, ਦੱਬੇ ਪੈਰੀਂ ਕੰਧ ਦੇ ਬਣੇ ਪਾੜ 'ਚੋਂ ਨਾਲ ਦੀ ਉਜਾੜ ਪਈ ਦੂਜੀ ਚਾਰਦੀਵਾਰੀ ਵੱਲ ਦੌੜੇ। ਘੁੰਮ ਕੇ ਰੋਡ 'ਤੇ ਪਹੁੰਚੇ, ਪਰ੍ਹੇ ਕਿਤੇ ਕੁੱਤੇ ਭੌਂਕੇ, ਕੁਝ ਆਵਾਜ਼ਾਂ ਗੂੰਜੀਆਂ। ਸਭ ਨੇ ਦੌੜ ਲਾ ਦਿੱਤੀ। ਸੜਕ ਵਲੋਂ ਘੇਰਾ ਕੱਟ ਕੇ ਫਿਰ ਫੈਕਟਰੀ ਦੀ ਬਗਲ ਵਿਚ ਦੂਰ ਤਕ ਫੈਲੀਆਂ ਝਾੜੀਆਂ ਵਿਚ ਵੜ ਗਏ ਤੇ ਕਾਫੀ ਪਰ੍ਹੇ ਪਹੁੰਚ ਕੇ, ਲੁਕ ਕੇ ਬਹਿ ਗਏ। ਖ਼ੌਫ਼ ਤੇ ਉਤੇਜਨਾ ਨਾਲ ਦਿਲ ਦੀ ਧੜਕਣ ਸੀਨਾ ਪਾੜਨ ਤਕ ਜਾ ਰਹੀ ਸੀ। ਸੜਕ ਦੀਆਂ ਰੌਸ਼ਨੀਆਂ ਵਿਚ ਅਸੀਂ ਦੂਰ ਤਕ ਖ਼ਤਰਾ ਭਾਂਪਦੇ ਰਹੇ, ਪਰ ਕੋਈ ਵੀ ਸ਼ੱਕੀ ਹਿਲਜੁਲ ਨਾ ਹੋਈ। ਸ਼ਾਇਦ ਅਨਜਾਣ ਖ਼ਤਰਾ ਟਲ ਗਿਆ ਸੀ। ਤਸੱਲੀ ਵਾਲੀ ਗੱਲ ਇਹ ਹੋਈ ਸੀ ਕਿ ਖ਼ਾਨ ਦੇ ਬੰਦੇ ਚਾਰ ਦੀ ਥਾਂ ਹੁਣ ਸਾਰਿਆਂ ਨੂੰ ਲੈ ਕੇ ਜਾਣਗੇ!

ਖ਼ਾਨ ਦਾ ਫੋਨ ਆਇਆ, "ਦੋ-ਤੀਨ ਘੰਟੇ ਮੇਂ ਮੁਹੰਮਦ ਕੇ ਆਦਮੀ ਪਹੁੰਚੇਂਗੇ।" ਸਬਰ ਨਾਲ ਪਏ ਰਹੇ, ਪਰ ਕੋਈ ਨਹੀਂ ਆਇਆ। ਫਿਰ ਖ਼ਾਨ ਦਾ ਉਸੇ ਰਾਤ ਦਾ ਆਖ਼ਿਰੀ ਫੋਨ ਆਇਆ, "ਆਜ

***(ਬਾਕੀ ਅਗਲੇ ਸਫੇ 'ਤੇ)***

# ਕੁਦਰਤੀ ਆਫਤਾਂ ਦੀ ਅਮਰੀਕਾ ਨੂੰ ਮਾਰ

ਕੈਲੀਫੋਰਨੀਆ ਵਿਚ ਅਕਤੂਬਰ ਮਹੀਨੇ ਨਾਪਾ ਵੈਲੀ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਲੱਗੀ ਅੱਗ ਨਾਲ ਲਗਭਗ 40 ਲੋਕਾਂ ਦੀ ਮੌਤ ਹੋ ਗਈ ਅਤੇ ਸੈਂਕੜੇ ਲੋਕ ਹਾਲੇ ਵੀ ਲਾਪਤਾ ਹਨ। ਇਸ ਅੱਗ ਨਾਲ ਕਰੀਬ 2.25 ਹਜ਼ਾਰ ਏਕੜ ਉਤੇ ਲੱਗੇ ਦਰਖਤ, ਝਾੜੀਆਂ ਅਤੇ ਅੰਗੂਰਾਂ ਦੇ ਬਾਗ ਸੜ ਕੇ ਸੁਆਹ ਹੋ ਗਏ। ਕੋਈ 3500 ਇਮਾਰਤਾਂ ਅਤੇ ਘਰ ਵੀ ਅੱਗ ਦੀ ਭੇਟ ਚੜ੍ਹ ਗਏ। ਅੱਗ ਇੰਨੀ ਤੇਜ ਸੀ ਕਿ ਜੇ ਇਸ ਨੂੰ



ਡਾ. ਗੁਰਿੰਦਰ ਕੌਰ
ਫੋਨ: 609-721-0950

ਅੱਗ ਦਾ ਤੂਫਾਨ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਵਿਗਿਆਨੀਆਂ ਨੇ ਇਸ ਅੱਗ ਨੂੰ ਅਮਰੀਕਾ ਵਿਚ ਲੱਗੀਆਂ ਭਿਆਨਕ ਅੱਗਾਂ ਵਿਚੋਂ ਤੀਜੀ ਖਤਰਨਾਕ ਅੱਗ ਦੱਸਿਆ ਹੈ।

ਸਾਲ 1933 ਵਿਚ ਗਰੀਫਥ ਪਾਰਕ 'ਚ ਲੱਗੀ ਅੱਗ ਨਾਲ 29 ਲੋਕਾਂ ਅਤੇ ਸਾਲ 1991 'ਚ ਓਕਲੈਂਡ ਹਿਲਜ਼ ਵਿਚ 25 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਨੈਸ਼ਨਲ ਪਬਲਿਕ ਰੇਡੀਓ ਅਨੁਸਾਰ 13 ਸਤੰਬਰ 2014 ਨੂੰ ਅਮਰੀਕਾ ਦੇ 9 ਰਾਜਾਂ ਵਿਚ ਕਰੀਬ 123 ਥਾਂਵਾਂ ਉਤੇ ਅੱਗ ਲੱਗੀ ਸੀ। ਮੌਸਮ ਮਾਹਿਰਾਂ ਅਨੁਸਾਰ ਹਾਲ ਹੀ ਵਿਚ ਲੱਗੀਆਂ ਅੱਗਾਂ ਦਾ ਮੁੱਖ ਕਾਰਨ ਅਮਰੀਕਾ ਦੇ ਉਤਰ-ਪੱਛਮੀ ਰਾਜਾਂ ਵਿਚ ਪਿਛਲੇ ਦੋ ਮਹੀਨਿਆਂ ਤੋਂ ਚਲ ਰਹੀ 'ਹੀਟ ਵੇਵ' ਸੀ।

ਦੂਜੇ ਪਾਸੇ ਅਮਰੀਕਾ ਦੇ ਦੱਖਣੀ-ਪੂਰਬੀ ਹਿੱਸੇ ਖਾਸ ਤੌਰ 'ਤੇ ਪੋਰਟੋਰੀਕੋ ਅਤੇ ਵਰਜਿਨ ਟਾਪੂਆਂ ਦੇ ਨਾਲ ਨਾਲ ਟੈਕਸਸ, ਲੁਈਸੀਆਨਾ, ਫਲੋਰੀਡਾ, ਮਿਸੀਸਿਪੀ ਆਦਿ ਰਾਜ ਹਾਰਵੇ, ਇਰਮਾ ਅਤੇ ਮਾਰੀਆ ਵਰਗੇ ਭਿਆਨਕ ਸਮੁੰਦਰੀ ਤੁਫਾਨਾਂ ਦੀ ਮਾਰ ਝੱਲ ਰਹੇ ਹਨ। ਵੱਖ-ਵੱਖ ਮੌਸਮ ਵਿਗਿਆਨੀਆਂ ਨੇ ਸਮੁੰਦਰੀ ਤੁਫਾਨਾਂ ਦੇ ਮੌਸਮ ਜੋ ਪਹਿਲੀ ਜੂਨ ਤੋਂ 30 ਨਵੰਬਰ ਤੱਕ ਰਹਿੰਦਾ ਮੰਨਿਆ ਜਾਂਦਾ ਹੈ, ਸਬੰਧੀ ਅਪਰੈਲ ਵਿਚ ਅਨੁਮਾਨ ਲਾਇਆ ਸੀ ਕਿ ਇਸ ਸਾਲ ਅੰਧ-ਮਹਾਂਸਾਗਰ ਵਿਚ ਆਉਣ ਵਾਲੇ ਸਮੁੰਦਰੀ ਤੁਫਾਨਾਂ ਦੀ ਗਿਣਤੀ ਔਸਤ (12) ਨਾਲੋਂ ਵੱਧ ਹੋਵੇਗੀ। ਇਸੇ ਕਰਕੇ ਉਨ੍ਹਾਂ ਨੇ ਇਸ ਵਰ੍ਹੇ ਦੀ ਸੂਚੀ ਵਿਚ 20 ਨਾਂ ਸ਼ਾਮਲ ਕੀਤੇ ਸਨ। ਹੁਣ ਤੱਕ ਅੰਧ-ਮਹਾਂਸਾਗਰ 'ਚ 14 ਸਮੁੰਦਰੀ ਤੁਫਾਨ ਆ ਚੁਕੇ ਹਨ ਜਿਨ੍ਹਾਂ 'ਚੋਂ ਹਾਰਵੇ, ਇਰਮਾ ਤੇ ਮਾਰੀਆ ਨੇ ਅਮਰੀਕਾ ਵਿਚ ਭਾਰੀ ਤਬਾਹੀ ਕੀਤੀ ਹੈ।

ਸਾਲ 2005 ਵਿਚ ਆਏ ਕੈਟਰੀਨਾ ਸਮੁੰਦਰੀ ਤੁਫਾਨ ਤੋਂ ਬਾਅਦ ਤਬਾਹੀ ਮਚਾਉਣ ਵਾਲਾ ਦੂਜਾ ਵੱਡਾ ਸਮੁੰਦਰੀ ਤੁਫਾਨ ਹਾਰਵੇ ਸੀ, ਪਰ ਉਸ ਪਿਛੋਂ ਉਪਰੋਥਲੀ ਆਏ ਖਤਰਨਾਕ ਸਮੁੰਦਰੀ ਤੁਫਾਨਾਂ-ਇਰਮਾ ਅਤੇ ਮਾਰੀਆ ਨੇ ਇੱਕ ਵਾਰ ਅਮਰੀਕੀ ਅਰਥ-ਵਿਵਸਥਾ ਨੂੰ ਚਰਮਰਾ ਹੀ ਦਿੱਤਾ ਹੈ। ਮਾਰੀਆ ਸਮੁੰਦਰੀ ਤੂਫਾਨ ਨੇ ਤਾਂ ਪੋਰਟੋਰੀਕੋ ਟਾਪੂ ਵਿਚ ਇੰਨੀ ਤਬਾਹੀ ਮਚਾਈ ਹੈ ਕਿ ਉਥੇ ਬੁਨਿਆਦੀ ਸਹੂਲਤਾਂ ਦੀ ਬਹਾਲੀ ਲਈ ਹੀ ਕਈ ਮਹੀਨੇ ਲੱਗ ਜਾਣਗੇ। ਦੇਸ਼ ਦੇ ਉਤਰ-ਪੱਛਮੀ ਰਾਜਾਂ ਵਿਚ ਜੰਗਲੀ ਅੱਗ ਅਤੇ ਦੱਖਣੀ-ਪੂਰਬੀ ਰਾਜਾਂ ਦੇ ਸਮੁੰਦਰੀ ਤੁਫਾਨਾਂ ਦੀਆਂ ਖਤਰਨਾਕ ਘਟਨਾਵਾਂ ਤੋਂ ਪਹਿਲਾਂ ਇਸ ਸਾਲ ਜਨਵਰੀ ਤੋਂ ਅਪਰੈਲ ਤੱਕ ਗੜਿਆਂ, ਭਾਰੀ ਮੀਂਹਾਂ ਅਤੇ ਝੱਖੜਾਂ ਨੇ ਡੈਨਵਰ ਅਤੇ ਡੈਲਸ ਆਦਿ ਥਾਂਵਾਂ ਉਤੇ ਭਾਰੀ ਤਬਾਹੀ ਮਚਾਈ ਸੀ। ਇਨ੍ਹਾਂ ਸਭ ਖਤਰਨਾਕ ਕੁਦਰਤੀ ਆਫਤਾਂ ਕਾਰਨ ਜਿੱਥੇ ਕਈ ਸੌ ਬਿਲੀਅਨ ਡਾਲਰਾਂ ਦਾ ਮਾਲੀ ਨੁਕਸਾਨ ਹੋਇਆ ਹੈ, ਉਥੇ ਸੈਂਕੜੇ ਮਨੁੱਖੀ ਜਾਨਾਂ ਵੀ ਇਨ੍ਹਾਂ ਦੀ ਭੇਟ ਚੜ੍ਹ ਗਈਆਂ।

ਸਵਾਲ ਹੈ ਕਿ ਇਸ ਤਰ੍ਹਾਂ ਸਾਲ 'ਚ ਉਪਰੋਥਲੀ ਬੇਹੱਦ ਖਤਰਨਾਕ ਕੁਦਰਤੀ ਆਫਤਾਂ ਦੇ ਆਉਣ ਦਾ ਕੀ ਕਾਰਨ ਹੋ ਸਕਦਾ ਹੈ? ਮੌਸਮੀ ਮਾਹਿਰਾਂ ਅਨੁਸਾਰ ਅਮਰੀਕਾ ਦੇ ਉਤਰ-ਪੱਛਮੀ ਰਾਜਾਂ ਵਿਚ ਭਿਆਨਕ ਅੱਗਾਂ ਲੱਗਣ ਦਾ ਮੁੱਖ ਕਾਰਨ ਦਿਨੋ-ਦਿਨ ਵਧ ਰਿਹਾ ਤਾਪਮਾਨ ਹੈ। ਇਹ ਰਾਜ ਅਗਸਤ ਤੇ ਸਤੰਬਰ ਮਹੀਨੇ ਤੋਂ 'ਹੀਟ ਵੇਵ' ਦੀ ਲਪੇਟ ਵਿਚ ਆਏ ਹੋਏ ਸਨ। ਪਹਿਲੀ ਸਤੰਬਰ ਨੂੰ ਸੈਨ ਫਰਾਂਸਿਸਕੋ ਦਾ ਤਾਪਮਾਨ 106 ਡਿਗਰੀ ਫਾਰਨਹਾਈਟ ਸੀ ਜੋ ਔਸਤ ਤਾਪਮਾਨ ਤੋਂ 36 ਡਿਗਰੀ ਵੱਧ ਸੀ। ਇਸ ਤੋਂ ਬਿਨਾ ਕੈਲੀਫੋਰਨੀਆ ਦੇ ਔਸਤ ਤਾਪਮਾਨ ਵਿਚ ਸਾਲ 2012 ਤੋਂ ਲਗਾਤਾਰ ਵਾਧਾ ਹੋ ਰਿਹਾ ਹੈ। ਪਹਿਲਾਂ ਗਰਮੀਆਂ ਵਿਚ ਔਸਤ ਤਾਪਮਾਨ 70.4 ਡਿਗਰੀ ਫਾਰਨਹਾਈਟ ਹੁੰਦਾ ਸੀ ਜੋ ਹੁਣ ਤੱਕ ਵੱਧ ਕੇ 73.6 ਡਿਗਰੀ ਹੋ ਗਿਆ ਹੈ। ਤਾਪਮਾਨ ਦੇ ਵਾਧੇ ਤੋਂ ਬਿਨਾ ਅੱਗ ਲੱਗਣ ਦੇ ਦੂਜੇ ਕਾਰਨ ਸੋਕਾ, ਹਵਾ ਦੀ ਤੇਜ਼ ਗਤੀ ਅਤੇ ਜ਼ਿਆਦਾ ਬਾਲਣ ਦਾ ਇਕੱਠਾ ਹੋਣਾ ਹੈ।



*ਅੱਗ ਦੀਆਂ ਲਾਟਾਂ ਵਿਚ ਘਿਰੀ ਨਾਪਾ ਵੈਲੀ*

ਸਮੁੰਦਰੀ ਤੁਫਾਨਾਂ ਭਾਵ ਹੈਰੀਕੇਨਾਂ ਦੀ ਵਧ ਰਹੀ ਗਿਣਤੀ ਅਤੇ ਉਨ੍ਹਾਂ ਦੀ ਗਤੀਸ਼ੀਲਤਾ ਵਿਚ ਤੀਬਰਤਾ ਦਾ ਮੁੱਖ ਕਾਰਨ ਵੀ ਮੌਸਮ ਵਿਗਿਆਨੀ ਅੰਧ-ਮਹਾਂਸਾਗਰ ਦੇ ਪਾਣੀ ਦਾ ਵਧ ਰਿਹਾ ਤਾਪਮਾਨ ਹੀ ਦੱਸਦੇ ਹਨ। ਵਿਗਿਆਨੀਆਂ ਅਨੁਸਾਰ ਜਦੋਂ ਅੰਧ-ਮਹਾਂਸਾਗਰ ਦਾ ਪਾਣੀ ਗਰਮ ਹੁੰਦਾ ਹੈ ਤਾਂ ਹਰੀਕੇਨ ਬਣਨੇ ਸ਼ੁਰੂ ਹੁੰਦੇ ਹਨ। ਇਸੇ ਲਈ ਇਨ੍ਹਾਂ ਦੇ ਆਉਣ ਦਾ ਸਮਾਂ ਪਹਿਲੀ ਜੂਨ ਤੋਂ 30 ਨਵੰਬਰ ਤੱਕ ਮੰਨਿਆ ਜਾਂਦਾ ਹੈ। ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਪਿਛਲੀ ਸਦੀ ਵਿਚ ਇੱਕ ਡਿਗਰੀ ਫਾਰਨਹਾਈਟ ਦਾ ਵਾਧਾ ਹੋਇਆ ਹੈ। ਵਿਗਿਆਨੀਆਂ ਅਨੁਸਾਰ ਜੇ ਸਮੁੰਦਰੀ ਪਾਣੀ ਦਾ ਤਾਪਮਾਨ ਇੱਕ ਡਿਗਰੀ ਸੈਂਟੀਗਰੇਡ ਵਧਦਾ ਹੈ ਤਾਂ ਹਰੀਕੇਨ ਵਿਚਲੀ ਹਵਾ ਦੀ ਗਤੀ 5% ਵਧ ਜਾਂਦੀ ਹੈ। ਇੰਜ ਸਮੁੰਦਰੀ ਤੁਫਾਨਾਂ ਦੀ ਗਿਣਤੀ ਵਿਚ ਵਾਧਾ ਵੀ ਤਾਪਮਾਨ ਦੇ ਵਾਧੇ ਨਾਲ ਹੀ ਜੁੜਿਆ ਹੋਇਆ ਹੈ।

ਸਪਸ਼ਟ ਹੈ ਕਿ ਧਰਤੀ ਉਤੇ ਵਧ ਰਹੇ ਤਾਪਮਾਨ ਕਾਰਨ ਹੀ ਅਮਰੀਕਾ ਵਿਚ ਕੁਦਰਤੀ ਆਫਤਾਂ ਵਧ ਰਹੀਆਂ ਹਨ। ਅਫਸੋਸ! ਰਾਸ਼ਟਰਪਤੀ ਡੋਨਲਡ ਟਰੰਪ ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਧਰਤੀ ਉਤੇ ਤਾਪਮਾਨ ਤੇਜ਼ੀ ਨਾਲ ਵੱਧ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਚੀਨ ਝੂਠਾ ਪ੍ਰਚਾਰ ਕਰ ਰਿਹਾ ਹੈ। ਦੱਸਣਾ ਬਣਦਾ ਹੈ ਕਿ ਮੌਸਮ ਤਬਦੀਲੀ ਨੂੰ ਮੰਨਣ ਤੋਂ ਇਨਕਾਰੀ ਅਮਰੀਕਾ ਨੇ ਪਿਛਲੇ ਸਮੇਂ ਵਿਚ ਵਾਯੂ-ਮੰਡਲ ਵਿਚ ਦੁਨੀਆਂ ਦੇ ਸਭ ਦੇਸ਼ਾਂ ਤੋਂ ਜ਼ਿਆਦਾ ਗਰੀਨ ਹਾਊਸ ਗੈਸਾਂ ਛੱਡੀਆਂ ਹਨ ਅਤੇ ਅੱਜ ਵੀ ਵਾਯੂ-ਮੰਡਲ ਵਿਚ ਛੱਡੀਆਂ ਹੋਈਆਂ ਕੁੱਲ ਗਰੀਨ ਹਾਊਸ ਗੈਸਾਂ ਵਿਚ ਅਮਰੀਕਾ ਦਾ ਹਿੱਸਾ 16% ਹੈ ਜੋ ਸਭ ਦੇਸ਼ਾਂ ਤੋਂ ਵੱਧ ਹੈ। ਇਨ੍ਹਾਂ ਗੈਸਾਂ ਦੇ ਨਿਕਾਸ ਨਾਲ ਹੀ ਸਿੱਧੇ ਤੌਰ 'ਤੇ ਮੌਸਮੀ ਤਬਦੀਲੀ ਜੁੜੀ ਹੋਈ ਹੈ।

ਸਾਲ 2014 ਵਿਚ ਮਾਰਚ ਮਹੀਨੇ ਦੇ ਅੰਤ ਵਿਚ ਸੰਯੁਕਤ ਰਾਸ਼ਟਰ ਵਲੋਂ ਜਾਰੀ ਕੀਤੀ ਗਈ ਵਾਤਾਵਰਣ ਸਬੰਧੀ ਇਕ ਰਿਪੋਰਟ ਵਿਚ ਮੌਸਮ ਦੇ ਬਦਲਾਓ ਸਬੰਧੀ ਚਿੰਤਾਜਨਕ ਤੱਥਾਂ ਵਿਚ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਮੌਸਮੀ ਤਬਦੀਲੀਆਂ ਦੇ ਖਤਰਨਾਕ ਪ੍ਰਭਾਵਾਂ ਤੋਂ ਦੁਨੀਆਂ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਸੀ ਕਿ ਆਲਮੀ ਤਪਸ਼ ਛੋਟੇ ਟਾਪੂਆਂ ਤੋਂ ਲੈ ਕੇ ਵੱਡੇ ਮਹਾਂਦੀਪਾਂ ਤੱਕ ਅਤੇ ਗਰੀਬ ਤੇ ਅਮੀਰ ਦੇਸ਼ਾਂ ਦੇ ਨਾਲ ਧਰਤੀ ਦੇ ਸਾਰੇ ਖਿੱਤਿਆਂ ਨੂੰ ਆਪਣੀ ਮਾਰ ਵਿਚ ਲੈ ਚੁਕੀ ਹੈ। ਧਰਤੀ 'ਤੇ ਵਧ ਰਹੇ ਤਾਪਮਾਨ ਕਾਰਨ ਮੌਸਮੀ ਤਬਦੀਲੀਆਂ ਦੇ ਬੁਰੇ ਪ੍ਰਭਾਵ ਹਰ ਪਾਸੇ ਪ੍ਰਤੱਖ ਨਜ਼ਰ ਆਉਣ ਲੱਗੇ ਹਨ।

ਆਲਮੀ ਤਪਸ਼ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਸਾਰੇ ਦੇਸ਼ਾਂ ਨੇ ਸਾਲ 2015 ਵਿਚ ਪੈਰਿਸ ਵਿਚ ਹੋਈ ਮੌਸਮੀ ਤਬਦੀਲੀਆਂ ਸਬੰਧੀ ਕਾਨਫਰੰਸ ਵਿਚ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘੱਟ ਕਰਨ ਲਈ ਰੂਪ-ਰੇਖਾ ਬਣਾਈ ਸੀ ਤਾਂ ਕਿ ਇੱਕੀਵੀਂ ਸਦੀ ਦੇ ਅਖੀਰ ਤੱਕ ਧਰਤੀ ਦਾ ਤਾਪਮਾਨ, ਉਦਯੋਗਿਕ ਇਨਕਲਾਬ ਵੇਲੇ ਦੇ ਔਸਤ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਤੋਂ ਵੱਧ ਨਾ ਵਧ ਸਕੇ। ਇਸ ਸਮਝੌਤੇ ਨੂੰ ਸਾਰੇ ਦੇਸ਼ਾਂ ਨੇ ਬਹੁਤ ਸਰਾਹਿਆ ਸੀ। ਉਦੋਂ ਦੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਸੀ ਕਿ ਇਹ ਸਮਝੌਤਾ ਸਾਰੀ ਦੁਨੀਆਂ ਦੇ ਹਿੱਤ ਵਿਚ ਹੈ, ਪਰ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸਮਝੌਤੇ ਵਿਚੋਂ ਇਸ ਸਾਲ ਜੂਨ ਮਹੀਨੇ ਬਾਹਰ ਨਿਕਲਣ ਦਾ ਐਲਾਨ ਕਰਦਿਆਂ ਕਿਹਾ ਕਿ ਸਮਝੌਤਾ ਅਮਰੀਕਾ ਦੇ ਹਿੱਤ ਵਿਚ ਨਹੀਂ ਹੈ ਕਿਉਂਕਿ ਇਸ ਨਾਲ ਸਾਲ 2025 ਤੱਕ ਲੱਖਾਂ ਅਮਰੀਕੀ ਬੇਕਾਰ ਹੋ ਜਾਣਗੇ। ਉਨ੍ਹਾਂ ਅਨੁਸਾਰ ਮੌਸਮੀ ਤਬਦੀਲੀ ਕੋਈ ਹਕੀਕਤ ਨਹੀਂ ਹੈ ਅਤੇ ਇਹ ਤਾਂ ਅਮਰੀਕਾ ਨੂੰ ਉਲਝਾਉਣ ਲਈ ਚੀਨ ਨੇ ਇੱਕ ਸ਼ੋਸ਼ਾ ਛੱਡਿਆ ਹੈ।

ਖਤਰਨਾਕ ਕੁਦਰਤੀ ਆਫਤਾਂ ਦੇ ਮੱਦੇਨਜ਼ਰ ਅਮਰੀਕਾ ਨੂੰ ਹੋਰ ਦੇਸ਼ਾਂ ਨਾਲ ਰਲ ਕੇ ਗਰੀਨ ਹਾਊਸ ਗੈਸਾਂ ਦਾ ਨਿਕਾਸ ਘਟਾ ਕੇ ਧਰਤੀ ਦੇ ਤਾਪਮਾਨ ਨੂੰ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਸਮਰੱਥਾ ਨਾਲ ਯੋਗਦਾਨ ਪਾਉਣਾ ਚਾਹੀਦਾ ਹੈ।

# ਖਾਬ ਦੇਖਣ ਦੀ ਸਜ਼ਾ

*(ਪਿਛਲੇ ਸਫੇ ਦੀ ਬਾਕੀ)*

ਕੀ ਰਾਤ ਮੁਸ਼ਕਿਲ ਹੋਗਾ, ਆਦਮੀ ਕੱਲ੍ਹ ਆਏਂਗੇ।" ਖ਼ਾਨ ਹੰਢਿਆ-ਵਰਤਿਆ ਕਾਢੂ ਬੰਦਾ ਸੀ। ਚੰਗੀ ਤਰ੍ਹਾਂ ਜਾਣਦਾ ਸੀ ਕਿ ਹਾਲਾਤ ਅਤੇ ਲੋਕਾਂ ਨਾਲ ਕਿਸ ਢੰਗ ਨਾਲ ਨਜਿਠਣਾ ਹੈ।

ਅਗਲਾ ਦਿਨ ਖੁੱਲ੍ਹੇ ਅਸਮਾਨ ਥੱਲੇ, ਬਿਨਾਂ ਕਿਸੇ ਅਹਿਮ ਘਟਨਾ ਦੇ ਲੰਘ ਗਿਆ ਸੀ। ਸ਼ਾਮ ਢਲੇ ਚਾਰ ਕੁ ਜਣੇ ਫੈਕਟਰੀ 'ਚੋਂ ਕੰਬਲ ਚੁੱਕ ਕੇ ਲਿਆਉਣ ਦੀ ਮਨਸ਼ਾ ਨਾਲ ਦੱਬੇ ਪੈਰੀਂ ਕਮਰੇ ਨੇੜੇ ਪਹੁੰਚੇ ਤਾਂ ਕਮਰੇ 'ਚੋਂ ਕਿਸੇ ਨੇ ਇੱਕ ਦਮ ਨਿਕਲ ਕੇ ਜ਼ੋਰਦਾਰ ਦਬਕਾ ਮਾਰਿਆ। ਡਰ ਨਾਲ ਸਾਡਾ ਤ੍ਰਾਹ ਨਿਕਲ ਗਿਆ। ਅਸੀਂ ਪਿਛਲਖੁਰੀ ਦੌੜਨ ਦੇ ਸਟਾਰਟ ਵੀ ਲੈ ਲਏ ਸਨ ਕਿ ਉਹ ਸਾਇਆ ਹੱਸਣ ਲੱਗ ਪਿਆ, ਨੇੜੇ ਆਇਆ, ਉਹ ਚਾਹਲ ਸੀ ਜੋ ਪਿੱਛੇ ਪਿੰਡ 'ਚ ਗੁੰਮ ਗਿਆ ਸੀ। ਉਸ ਦੱਸਿਆ, ਉਹ ਅੰਦਾਜ਼ਨ ਪੈਦਲ ਭਟਕਦਾ ਇਥੇ ਆ ਪਹੁੰਚਾ ਸੀ, ਉਹ ਮੋਟੇ ਕੋਲ ਇਥੇ ਪਹਿਲਾਂ ਵੀ ਰਹਿ ਚੁੱਕਾ ਸੀ। ਸਾਡਾ ਅੰਦਾਜ਼ਾ ਸੀ, ਖ਼ਾਨ ਦੇ ਕਹਿਣ 'ਤੇ ਮੋਟਾ ਉਸ ਨੂੰ ਕਿਸੇ ਥਾਂ ਤੋਂ ਚੁੱਕ ਲਿਆਇਆ ਹੋਵੇਗਾ। ਹਾਂ! ਉਹ ਪਹੁੰਚਿਆ ਐਨ ਮੌਕੇ 'ਤੇ ਸੀ, ਪੂਰੀ ਉਮੀਦ ਸੀ, ਅੱਜ ਇਥੋਂ ਨਿਕਲ ਜਾਣਾ ਸੀ। ਜਾਣਾ ਵੀ ਮੋਟੇ ਅਹਿਮਦ ਤੋਂ ਚੋਰੀ ਸੀ।

ਕੰਬਲ ਸਮੇਟ ਕੇ ਪਰਤ ਆਏ ਤਾਂ ਥੋੜ੍ਹੇ ਚਿਰ ਬਾਅਦ ਮੋਟਾ ਅਹਿਮਦ ਵੀ ਦਾਲ ਦਾ ਪਤੀਲਾ ਚੁੱਕੀ ਪਹੁੰਚ ਗਿਆ। ਕਹਿਣ ਲੱਗਾ, ਕੱਲ੍ਹ ਜਾਂ ਪਰਸੋਂ ਮੁੰਡੇ ਰਬਾਤ ਜਾਣਗੇ। ਅਸੀਂ ਵੀ ਉਤਸ਼ਾਹ ਨਾਲ ਫਰਮਾਇਸ਼ੀ ਜਿਹਾ ਖੁਸ਼ ਹੋ ਕੇ ਦਿਖਾਇਆ। ਉਸ ਨੂੰ ਕੀ ਪਤਾ ਸੀ, ਰਬਾਤ ਦੇ ਲੰਮੇਰੇ ਤੇ ਵਲੇਵੇਂ ਭਰੇ ਟਿਕਾਣੇ ਪਹੁੰਚ ਕੇ, ਫਿਰ ਇੰਤਜ਼ਾਰ 'ਚ ਬੈਠਣ ਦੀ ਥਾਂ ਕੱਲ੍ਹ ਸਿੱਧੇ ਸਿਬਤਾ ਨੇੜੇ ਜਾ ਪਹੁੰਚਣਾ ਸੀ। ਫਿਰ ਮੋਟਾ ਤੇ ਅਲੀ ਰਾਤ ਦੇ ਹਨੇਰੇ 'ਚ ਲੋਪ ਹੋ ਗਏ।

ਤਕਰੀਬਨ ਇਕ ਵਜੇ ਫੋਨ ਦੀ ਘੰਟੀ ਨੇ ਸਭ ਨੂੰ ਝੰਜੋੜ ਕੇ ਬਿਠਾ ਦਿੱਤਾ। ਖ਼ਾਨ ਨੇ ਚੁਪਚਾਪ ਪੈਟਰੋਲ ਪੰਪ ਨੇੜੇ ਪਹੁੰਚਣ ਨੂੰ ਕਿਹਾ ਸੀ। ਅਸੀਂ ਕਾਹਲੇ ਕਦਮੀਂ ਚੱਲਦੇ ਪੰਪ ਨੇੜੇ ਜਾ ਛੁਪੇ। ਛਿਆਸੀ ਤੇ ਨੀਲਾ ਪੰਪ ਵੱਲ ਗਏ, ਫਿਰ ਸਾਨੂੰ ਹੱਥ ਮਾਰਿਆ। ਅਸੀਂ ਦੌੜ ਲਾ ਦਿੱਤੀ। ਅਜੇ ਵਿਰਲੇ-ਟਾਂਵੇਂ ਲੋਕਾਂ ਦੀ ਆਵਾਜਾਈ ਸੀ।

ਡੌਂਕਰ ਦੋ ਕਾਰਾਂ ਲੈ ਕੇ ਪਹੁੰਚੇ ਸਨ। ਪਿਛਲੀਆਂ ਸੀਟਾਂ ਉਖਾੜ ਕੇ ਕਾਫੀ ਜਗ੍ਹਾ ਬਣਾਈ ਹੋਈ ਸੀ। 11 ਜਣੇ ਦੋਹਾਂ ਗੱਡੀਆਂ ਵਿਚ ਖੁਲ੍ਹੇ-ਡੁਲ੍ਹੇ ਬਹਿ ਗਏ। ਸ਼ੀਸ਼ਿਆਂ, ਤਾਕੀਆਂ ਉਤੇ ਅੰਦਰੋਂ ਗੱਤੇ-ਕੱਪੜੇ ਦੇ ਪਰਦੇ ਜਿਹੇ ਕਰ ਦਿੱਤੇ। ਅਸੀਂ ਖ਼ੁਦ ਨੂੰ ਅੰਦਰੋਂ ਬਹੁਤ ਪ੍ਰਸੰਨ ਤੇ ਸੰਤੁਸ਼ਟ ਮਹਿਸੂਸ ਕਰ ਰਹੇ ਸਾਂ ਕਿ ਮੰਜ਼ਿਲ ਦੇ ਆਖ਼ਿਰੀ ਪੜਾਅ ਵੱਲ ਜਾ ਰਹੇ ਸਾਂ। ਇਸ ਤੋਂ ਬਾਅਦ ਕੁਝ ਦਿਨਾਂ 'ਚ ਸਿੱਧਾ ਸਿਬਤਾ, ਮਤਲਬ ਸਪੇਨ।

ਬੰਦ ਤਾਕੀਆਂ, ਸ਼ੀਸ਼ੇ, ਡੀਜ਼ਲ ਦੀ ਬਦਬੂ, ਹੁੰਮਸ ਅਤੇ ਜ਼ਿਆਦਾ ਖਾਧਾ ਖਾਣਾ, ਸਭ ਨੇ ਰਲ-ਮਿਲ ਕੇ ਸਾਡੀ ਤਿੰਨ ਕੁ ਜਣਿਆਂ ਦੀ ਸਰੀਰਕ ਹਾਲਤ ਖ਼ਰਾਬ ਕਰ ਦਿੱਤੀ ਸੀ। ਦੋ ਜਣਿਆਂ ਨੇ ਲਿਫਾਫ਼ਿਆਂ 'ਚ ਉਲਟੀਆਂ ਕਰ ਕੇ ਇੱਕ ਖੂੰਜੇ ਰੱਖ ਦਿੱਤੇ ਸਨ, ਪਰ ਮੇਰਾ ਹਾਲ ਮਰਨ ਵਾਲਾ ਹੋਇਆ ਸੀ, ਨੇੜੇ ਪਏ ਕਈ ਲਿਫਾਫੇ-ਕੱਪੜੇ ਭਰ ਦਿੱਤੇ ਸੀ। ਸਫ਼ਰ ਮੁੱਕਣ ਦਾ ਨਾਂ ਨਹੀਂ ਸੀ ਲੈ ਰਿਹਾ। ਰਾਤ ਗੁਜ਼ਰ ਗਈ, ਦਿਨ ਚੜ੍ਹ ਗਿਆ। ਸੂਰਜ ਅਜੇ ਸਿਰਾਂ 'ਤੇ ਨਹੀਂ ਸੀ ਪਹੁੰਚਿਆ, ਜਦੋਂ ਕਾਰਾਂ ਰੁਕੀਆਂ। ਬਾਹਰ ਨਿਕਲੇ, ਆਲੇ-ਦੁਆਲੇ ਨਿਰਜਨ ਪਹਾੜੀਆਂ ਸਨ। ਰਾਤ ਭਰ ਦੇ ਥੱਕੇ-ਟੁੱਟੇ, ਉਣੀਂਦੇ, ਆਕੜੇ ਸਰੀਰ ਦੁਖ ਰਹੇ ਸਨ। ਤਾਜ਼ਾ ਹਵਾ 'ਚ ਹੱਥ-ਪੈਰ ਖੋਲ੍ਹੇ। ਬੇਅਰਾਮੀ, ਉਲਟੀਆਂ ਦੀ ਅਤਿ-ਦੁਖਦਾਈ ਕਿਰਿਆ ਅਤੇ ਬੁਖ਼ਾਰ ਦਾ ਅਸਰ ਮੈਨੂੰ ਹਾਵੀ ਹੁੰਦਾ ਮਹਿਸੂਸ ਹੋਇਆ। ਸਾਰੇ ਨਿਢਾਲ ਜਿਹੇ ਲੰਮੇ ਪੈ ਗਏ। ਦੂਜੀ ਕਾਰ 'ਚੋਂ ਡੌਂਕਰਾਂ ਦੀ ਸਾਥਣ, ਖ਼ੂਬਸੂਰਤ ਕੁੜੀ ਸਾਡੇ ਨਾਲ ਇੰਗਲਿਸ਼ 'ਚ ਗੱਲੀਂ ਜੁੜ ਗਈ। ਅੱਧੇ ਕੁ ਘੰਟੇ ਦੇ ਆਰਾਮ ਤੋਂ ਬਾਅਦ ਕਾਰਾਂ ਫਿਰ ਚਾਲੇ ਪੈ ਗਈਆਂ।

ਫਿਰ ਘੰਟੇ ਕੁ ਬਾਅਦ ਗੱਡੀਆਂ ਬਦਲ ਗਈਆਂ, ਮੁੰਡਿਆਂ ਦੇ ਸਥਾਨ ਬਦਲ ਗਏ। ਹੁਣ ਮੈਂ ਤੇ ਅਰਬੀ ਬੰਟੀ ਕਾਰ ਦੀ ਡਿੱਕੀ ਵਿਚ ਬੰਦ ਸਾਂ। ਇੱਕ-ਅੱਧ ਥਾਂ ਰੁਕਣ, ਫਿਰ ਚੱਲਣ ਪਿਛੋਂ ਆਖਿਰ ਕਿਤੇ ਡਿੱਕੀ ਖੁਲ੍ਹੀ। ਸਾਨੂੰ ਸਾਹਮਣੇ ਟੀਲੇ 'ਤੇ ਚੜ੍ਹ ਕੇ ਪਰਲੇ ਪਾਸੇ ਉਤਰਨ ਦਾ ਇਸ਼ਾਰਾ ਹੋਇਆ। ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਦੂਜੀ ਕਾਰ ਅਤੇ ਬਾਕੀ ਸਾਰੇ ਮੁੰਡੇ ਕਿਧਰ ਗਏ।

ਖ਼ੈਰ! ਮੈਂ ਤੇ ਬੰਟੀ ਤਿੰਨ ਪਾਸੇ ਫੈਲੀਆਂ ਪਹਾੜੀਆਂ ਦੇ ਦਰਮਿਆਨ ਢਲਾਣ ਵੱਲ ਉਤਰਦੇ ਕਾਫੀ ਹੇਠਾਂ ਜਾ ਕੇ ਰੁਕ ਗਏ। ਪਹਾੜੀਆਂ ਤੋਂ ਬਾਅਦ ਸਾਹਮਣੇ ਦੂਰ ਤਕ ਖ਼ੇਤ, ਫਿਰ ਕੋਈ ਸੜਕ, ਫਿਰ ਉਸ ਤੋਂ ਵੀ ਪਰ੍ਹੇ, ਕਾਫੀ ਦੂਰ ਤਕ ਹੋਰ ਪਹਾੜੀ ਢਲਾਣ 'ਤੇ ਵਸਿਆ ਕੋਈ ਛੋਟਾ-ਮੋਟਾ ਪਿੰਡ ਨਜ਼ਰੀਂ ਪੈਂਦਾ ਸੀ। ਉਪਰ ਖੜ੍ਹੇ ਡੌਂਕਰ ਨੇ ਸਾਨੂੰ ਹੱਥ ਮਾਰ ਕੇ ਅਗਾਂਹ ਜਾਣ ਦਾ ਇਸ਼ਾਰਾ ਕੀਤਾ। ਅਸੀਂ ਤੇਜ਼ੀ ਨਾਲ ਖਾਈ 'ਚ ਉਤਰਦੇ ਗਏ।

ਪਿੱਛੇ ਨਜ਼ਰ ਮਾਰੀ, ਡੌਂਕਰ ਨਹੀਂ ਸੀ। ਪੰਜ ਮਿੰਟ ਉਡੀਕ, ਦਸ ਮਿੰਟ; ਪਰ ਪਿੱਛੇ ਨਾ ਮੁੰਡੇ ਆਏ, ਨਾ ਡੌਂਕਰ। ਆਪਸ 'ਚ ਮਸ਼ਵਰੇ ਕਰਦੇ ਰਹੇ, ਕਿਧਰ ਜਾਈਏ, ਕਿਧਰ ਨਾ। ਪਰ੍ਹੇ ਖ਼ੇਤਾਂ ਵਿਚ ਦੋ-ਮੰਜ਼ਿਲਾ ਵਿਸ਼ਾਲ ਮਕਾਨ ਸੀ। ਬੰਟੀ ਨੇ ਗੰਭੀਰ ਸੁਰ 'ਚ ਆਪਣੀ ਵਡਮੁੱਲੀ ਸਲਾਹ ਉਚਾਰੀ, "ਸ਼ਾਇਦ ਡੌਂਕਰ ਨੇ ਉਸ ਮਕਾਨ 'ਚ ਜਾਣ ਲਈ ਕਿਹਾ ਸੀ, ਬਾਕੀ ਮੁੰਡੇ ਵੀ ਉਥੇ ਹੀ ਹੋਣਗੇ।"

ਖ਼ਾਈ ਪਾਰ ਕਰ ਕੇ, ਖ਼ੇਤ ਲੰਘ ਕੇ ਉਸ ਮਕਾਨ ਦੇ ਦੂਜੇ ਪਾਸੇ ਪਹੁੰਚੇ ਤਾਂ ਸਾਨੂੰ ਦੇਖ ਕੇ ਕੁੱਤੇ ਭੌਂਕਣ ਲੱਗੇ। ਅਸੀਂ ਡਰ ਕੇ ਇੱਕ ਦੂਜੇ ਦੇ ਪਿੱਛੇ ਲੁਕਣ ਲੱਗੇ। ਇੱਕ ਮੁੰਡਾ ਆ ਕੇ ਰੋਅਬਦਾਰ ਲਹਿਜ਼ੇ 'ਚ ਧੜਾਧੜ ਅਰਬੀ ਬੋਲਣ ਲੱਗ ਪਿਆ। ਫਿਰ ਮਕਾਨ ਮਾਲਕ ਹੱਥ 'ਚ ਦੋਨਾਲੀ ਲੈ ਕੇ ਆ ਗਿਆ। ਸਾਡੇ ਹੱਥਾਂ ਦੇ ਤੋਤੇ ਉਡ ਗਏ।

ਬੁਰੀ ਤਰ੍ਹਾਂ ਘਬਰਾਏ ਅਸੀਂ ਥਥਲਾ ਕੇ 'ਇੰਡੀਅਨ ਇੰਡੀਅਨ' ਕਰਨ ਲੱਗੇ। ਉਸ ਨੇ ਗੁਸੈਲ ਅਰਬੀ ਉਗਲੀ। ਬੰਟੀ ਨੇ ਕੰਬਦੇ-ਥਥਲਾਂਦੇ ਦੋ-ਚਾਰ ਟੁੱਟੇ-ਫੁੱਟੇ ਲਫ਼ਜ਼ ਬੋਲੇ, ਪਰ ਸਾਫ਼ ਲੱਗਦਾ ਸੀ, ਮੋਰੱਕੀ ਦੇ ਪੱਲੇ ਕੁਝ ਨਹੀਂ ਪਿਆ। ਅਸੀਂ ਉਥੋਂ ਖਿਸਕਣਾ ਹੀ ਗ਼ਨੀਮਤ ਸਮਝਿਆ। ਹੱਥ ਜੋੜ ਕੇ 'ਅੱਲ੍ਹਾ ਅੱਲ੍ਹਾ' ਕਰਦੇ ਹੌਲੀ-ਹੌਲੀ ਨਿਕਲੇ। ਦੂਰ ਤਕ ਲੱਗਦਾ ਰਿਹਾ, ਹੁਣ ਵੀ ਬੰਦੂਕ ਚੱਲੀ, ਹੁਣ ਵੀ ਗੋਲੀ ਲੱਗੀ।

ਅਸੀਂ ਭਟਕ ਗਏ ਸਾਂ। ਫਿਲਹਾਲ ਇੱਕੋ ਚਾਰਾ ਸੀ, ਕਿਤਿਉਂ ਫੋਨ ਕਰ ਕੇ ਖ਼ਾਨ ਨੂੰ ਸਾਰਾ ਮਾਜਰਾ ਦੱਸੀਏ। ਸੜਕ 'ਤੇ ਤੁਰਦੇ-ਫਿਰਦਿਆਂ ਇੱਕ ਫੈਕਟਰੀ 'ਚ ਖੜ੍ਹੇ ਬੰਦਿਆਂ ਤੋਂ ਖਾਣਾ ਮੰਗਿਆ ਤਾਂ ਉਨ੍ਹਾਂ ਭਲੇ ਲੋਕਾਂ ਨੇ ਦੇ ਦਿੱਤਾ, ਕੱਪੜੇ ਵੀ ਦਿੱਤੇ ਅਤੇ 22 ਕੁ ਦਰ੍ਹਾਮ ਵੀ। ਢਾਈ ਮਹੀਨੇ ਪੁਰਾਣੇ ਕੱਪੜੇ, ਜੋ ਬਦਤਰ ਹਾਲਤ 'ਚ ਸਨ, ਲਾਹ ਕੇ ਮੈਂ ਪੈਂਟ-ਕਮੀਜ਼ ਪਹਿਨ ਲਈ। ਕੁਝ ਦੂਰ ਇਕ ਦੁਕਾਨ ਤੋਂ ਖਾਨ ਨੂੰ ਫੋਨ ਰਾਹੀਂ ਹਾਲਾਤ ਤੋਂ ਜਾਣੂ ਕਰਵਾਇਆ। ਦੁਕਾਨਦਾਰ ਨੇ ਖਾਨ ਨੂੰ ਸਮਝਾਇਆ ਕਿ ਅਸੀਂ ਕਿਥੇ ਸਾਂ।

ਘੰਟੇ ਭਰ ਦੀ ਉਡੀਕ ਪਿੱਛੋਂ ਡੌਂਕਰ ਕਾਰ ਲੈ ਕੇ ਆ ਗਏ। ਇੱਕ ਉਹੀ ਬਿੱਲੀਆਂ ਅੱਖਾਂ ਵਾਲਾ ਡੌਂਕਰ ਸੀ ਜਿਸ ਨੇ ਸਾਨੂੰ ਪਹਾੜੀ ਤੋਂ ਥੱਲੇ ਉਤਰਨ ਦਾ ਇਸ਼ਾਰਾ ਕੀਤਾ ਸੀ। ਅਸੀਂ ਕਾਰ 'ਚ ਬੈਠੇ, ਥੋੜ੍ਹੀ ਅਗਾਂਹ ਗਏ ਤਾਂ 'ਬਿੱਲਾ' ਗੁੱਸੇ 'ਚ ਬੱਕੜਵਾਹ ਕਰਨ ਲੱਗਾ, ਨਾਲ ਹੀ ਪੂਰੇ ਜ਼ੋਰ ਨਾਲ ਮੇਰੇ ਮੂੰਹ 'ਤੇ ਚਪੇੜ ਕੱਢ ਮਾਰੀ। ਅਪਮਾਨ ਤੇ ਲਾਚਾਰੀ ਨਾਲ ਅੱਖਾਂ ਵਿਚ ਅੱਥਰੂ ਆ ਗਏ। ਸਬਰ ਦਾ ਘੁੱਟ ਭਰ ਲਿਆ। ਮਰਿਆਂ ਹੋਇਆਂ ਨੂੰ ਜਿੰਨਾ ਮਰਜ਼ੀ ਮਾਰ ਲੈਂਦਾ, ਅਸੀਂ ਕੀ ਕਹਿਣਾ ਸੀ, ਅਸੀਂ ਕੀ ਕਰਨਾ ਸੀ! ਦੂਜੇ ਡੌਂਕਰ ਨੇ ਤਰਸ ਖਾ ਕੇ ਬਿੱਲੇ ਨੂੰ ਰੋਕਿਆ।

ਕਾਰ ਘੁੰਮ-ਫਿਰ ਕੇ ਫਿਰ ਉਸੇ ਜਗ੍ਹਾ ਪਹੁੰਚੀ ਜਿਥੋਂ ਅਸੀਂ ਨਾਸਮਝੀ ਭਰਿਆ ਪੈਦਲ ਮਾਰਚ ਸ਼ੁਰੂ ਕਰ ਬੈਠੇ ਸਾਂ। ਅਸੀਂ ਫਿਰ ਖਾਈ ਵਿਚ ਉਤਰਦੇ ਗਏ। ਬਿੱਲਾ ਹੁਣ ਤਰਸ ਖਾਂਦਾ, ਮੈਨੂੰ ਵਰਾਉਣ ਦੀ ਕੋਸ਼ਿਸ਼ ਕਰਦਾ ਪਰੇਮ ਭਾਵ ਨਾਲ ਗੱਲਾਂ ਕਰਨ ਲੱਗਾ। ਮੇਰੀ ਬੇਵਸੀ-ਲਾਚਾਰੀ ਦਾ ਲਰਜ਼ਦਾ ਸਾਗਰ ਮੇਰੇ ਅੰਦਰੋਂ ਵਹਿ ਤੁਰਿਆ। ਚਿਰਾਂ ਦਾ ਜ਼ਬਤ ਜਵਾਬ ਦੇ ਗਿਆ। ਮੈਂ ਨਿਆਣਿਆਂ ਵਾਂਗ ਬੇਤਹਾਸ਼ਾ ਹਟਕੋਰੇ ਲੈ ਕੇ ਰੋਣ ਲੱਗ ਪਿਆ। ਅਥਰੂਆਂ ਦੇ ਧਾਰੇ ਪਰਲ-ਪਰਲ ਵਗਣ ਲੱਗੇ। ਬਿੱਲੇ ਨੇ ਅਪਣੱਤ ਜਤਾਉਂਦਿਆਂ, ਹਮਦਰਦੀ ਦਿਖਾਈ, ਹੌਸਲਾ ਦਿੱਤਾ ਕਿ ਛੇਤੀ ਇਸਪਾਨੀਆ ਚਲੇ ਜਾਉਗੇ। ਫਿਰ ਉਸ ਪੁੱਛਿਆ, ਦਰ੍ਹਾਮ ਹਨ? ਮੈਂ ਰੋਂਦੇ ਨੇ ਨਾਂਹ 'ਚ ਸਿਰ ਮਾਰਿਆ। ਫਿਰ ਉਹ ਬੰਟੀ ਨਾਲ ਅਰਬੀ 'ਚ ਗੱਲੀਂ ਪੈ ਗਿਆ। ਇੱਕ ਪਾਸੇ ਕਾਫੀ ਥੱਲੇ ਉਤਰ ਕੇ ਓਹਲੇ ਜਿਹੇ ਪਹੁੰਚੇ, ਜਿਥੇ ਸਾਡੇ ਬਾਕੀ ਸਾਥੀ ਬੈਠੇ ਸਨ। ਜਾਣਕਾਰੀ ਮਿਲੀ ਕਿ ਡੌਂਕਰ ਰਾਤ ਨੂੰ ਹੋਰ ਕਿਤੇ ਲੈ ਜਾਣਗੇ। ਗੁਜ਼ਾਰੇ ਜੋਗਾ ਖਾਣਾ-ਪਾਣੀ ਦੇ ਗਏ ਸਨ। ਬਾਕੀ ਦਿਨ ਉਥੇ ਹੀ ਗੁਜ਼ਰਿਆ।

ਗਈ ਰਾਤ ਨੂੰ ਡੌਂਕਰ ਪਰਤੇ। ਵਾਪਸ ਉਨ੍ਹਾਂ ਪਿੱਛੇ ਪਹਾੜੀ ਚੜ੍ਹੇ। ਫਿਰ ਚੋਰਾਂ ਵਾਂਗ ਬੇਆਵਾਜ਼ ਤੁਰਦੇ ਸੁੰਨਸਾਨ ਗਲੀਆਂ 'ਚੋਂ ਹੁੰਦੇ ਹੋਏ ਹਨੇਰੇ 'ਚ ਡੁੱਬੇ ਮਕਾਨਾਂ 'ਚੋਂ ਇੱਕ ਪੁਰਾਣੇ ਖ਼ਸਤਾਹਾਲ ਜਿਹੇ ਮਕਾਨ ਅੰਦਰ ਦਾਖ਼ਿਲ ਹੁੰਦੇ ਗਏ। ਸਾਨੂੰ ਅੰਨ੍ਹੇ ਜਿਹੇ ਕਮਰੇ 'ਚ ਧੱਕ ਦਿੱਤਾ ਗਿਆ।

ਮੈਂ ਖ਼ਿਆਲ ਕੀਤਾ ਬੰਟੀ ਅਰਬੀ ਸਭ ਤੋਂ ਪਿੱਛੇ ਬਿੱਲੇ ਡੌਂਕਰ ਨਾਲ ਗੱਲਾਂ ਕਰਦਾ ਆਉਂਦਾ ਸੀ, ਪਰ ਹੁਣ ਉਹ ਸਾਡੇ ਨਾਲ ਨਹੀਂ ਸੀ। ਭੀਖ਼ ਦੇ ਮਿਲੇ 20-22 ਦਰ੍ਹਾਮ ਵੀ ਉਸੇ ਕੋਲ ਸਨ। ਸ਼ਾਇਦ ਉਸ ਕੋਲ ਥੋੜ੍ਹੇ-ਬਹੁਤ ਖ਼ੁਦ ਦੇ ਪੈਸੇ ਵੀ ਹੋਣਗੇ। ਪੈਸੇ ਦੀ ਗੰਧ ਸੁੰਘਦੇ ਬਿੱਲੇ ਨੂੰ ਬਾਹਰੋ-ਬਾਹਰ ਲਾਲਚ ਦੇ ਕੇ ਉਸ ਨੇ ਆਪਣਾ ਨੰਬਰ ਲੁਆ ਲਿਆ ਸੀ। ਸ਼ਾਇਦ ਇੱਕ ਜਣੇ ਦੀ ਡੌਂਕੀ ਲੱਗਣੀ ਸੀ। ਜੋ ਵੀ ਮਿਲਦਾ ਸੀ, ਉਸ ਦੇ ਲੋਭ 'ਚ ਹੀ ਬਿੱਲਾ ਡੌਂਕਰ ਬੰਟੀ ਨੂੰ ਲੈ ਗਿਆ ਹੋਣਾ। ਪੱਕਾ ਯਕੀਨ ਸੀ ਕਿ ਬੰਟੀ ਅਰਬੀ ਨੇ ਹੁਣ ਨਹੀਂ ਸੀ ਆਉਣਾ। ਉਸ ਨੇ ਬੜੀ ਚਤੁਰਾਈ ਨਾਲ ਹਾਲਾਤ ਨੂੰ ਆਪਣੇ ਵਸ ਕਰਨ ਦਾ ਕ੍ਰਿਸ਼ਮਾ ਕਰ ਦਿਖਾਇਆ ਸੀ।

ਅਸੀਂ 10 ਜਣੇ ਹਨੇਰੇ ਕਮਰੇ 'ਚ ਫ਼ਟੇ-ਪੁਰਾਣੇ ਖ਼ੇਸ-ਬੋਰੇ ਵਿਛਾ ਕੇ ਲੰਮੇ ਪੈ ਗਏ। ਡੌਂਕਰ ਚੁੱਪ ਰਹਿਣ ਦੀ ਚਿਤਾਵਨੀ ਦੇ ਕੇ ਨਾਲ ਦੇ ਕਮਰੇ 'ਚ ਜਾ ਵੜੇ। ਇਸ ਹਨੇਰੇ-ਪੁਰਾਣੇ ਕਮਰੇ 'ਚ ਨਵੇਂ ਸਿਰਿਓਂ ਸ਼ੁਰੂਆਤ ਹੋਣ ਲੱਗੀ, ਨਵੀਆਂ ਆਸਾਂ ਨਾਲ ਲਬਰੇਜ਼ ਇੱਕ ਨਵਾਂ ਇੰਤਜ਼ਾਰ।

ਸਾਡਾ ਸਫ਼ਰ ਦਾਇਰੇ ਦਾ ਸਫ਼ਰ ਸੀ, ਵਿਸ਼ਾਲ ਦਾਇਰੇ ਦਾ ਸਫ਼ਰ, ਜਿਸ ਦੀ ਸ਼ੁਰੂਆਤ ਹੋਇਆਂ ਮੁੱਦਤ ਹੋ ਗਈ ਸੀ।


*(ਚਲਦਾ)*

ਚੇਤਿਆਂ ਵਿਚ ਫੁੱਟਬਾਲ-2

# ਫੌਜਾਂ ਜਿੱਤ ਕੇ ਅੰਤ ਨੂੰ...

***2017 ਦੇ ਫੀਫਾ ਅੰਡਰ-17 ਵਿਸ਼ਵ ਕੱਪ ਦੇ 28 ਅਕਤੂਬਰ ਨੂੰ ਹੋਏ ਫਾਈਨਲ ਮੁਕਾਬਲੇ ਵਿਚ ਇੰਗਲੈਂਡ ਨੇ ਸਪੇਨ ਨੂੰ ਜਿਸ ਅੰਦਾਜ਼ ਵਿਚ ਹਰਾਇਆ, ਉਸ ਨੇ ਫੁਟਬਾਲ ਪ੍ਰੇਮੀਆਂ ਨੂੰ ਚਕ੍ਰਿਤ ਕਰ ਕੇ ਰੱਖ ਦਿੱਤਾ ਹੈ। ਭਾਰਤ ਵਿਚ ਪਹਿਲੀ ਵਾਰ ਹੋਏ ਇਸ ਟੂਰਨਾਮੈਂਟ ਵਿਚ ਭਾਰਤ ਦਾ ਮੁਕਾਮ ਭਾਵੇਂ ਕੁਝ ਵੀ ਨਹੀਂ, ਪਰ ਇਸ ਟੂਰਨਾਮੈਂਟ ਨਾਲ ਨਵੀਂ ਪੀੜ੍ਹੀ ਅੰਦਰ ਫੁੱਟਬਾਲ ਲਈ ਮੁਹੱਬਤ ਸਾਫ ਨਜ਼ਰੀਂ ਪੈ ਰਹੀ ਹੈ। ਉਤਸ਼ਾਹ ਦੇ ਇਸ ਪ੍ਰਸੰਗ ਵਿਚ ਹੀ 'ਪੰਜਾਬ ਟਾਈਮਜ਼' ਨਾਲ ਜੁੜੇ ਹੋਏ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਪਿਛਲੇ ਸਾਲ ਕੋਪਾ ਅਮਰੀਕਾ ਕੱਪ ਦੇ ਕਈ ਅਹਿਮ ਮੈਚਾਂ ਦਾ ਹਾਲ ਆਪਣੇ ਇਸ ਲੇਖ ਵਿਚ ਬਹੁਤ ਦਿਲਚਸਪ ਢੰਗ ਨਾਲ ਕਹਿ ਸੁਣਾਇਆ ਹੈ। ਇਸ ਦੀ ਦੂਜੀ ਕੜੀ ਪਾਠਕਾਂ ਲਈ ਪੇਸ਼ ਹੈ। -ਸੰਪਾਦਕ***

ਅਰਜਨਟਾਈਨਾ-ਚਿੱਲੀ ਮੈਚ ਦੌਰਾਨ ਮੈਸੀ ਦੀ ਅਸਲਫਤਾ ਉਤੇ ਆਪਣੀ ਅਤੇ ਆਪਣੇ ਮਿੱਤਰਾਂ ਦੀ ਮਾਯੂਸੀ ਨੂੰ ਸਮਝਣ ਦੀ ਮੈਂ ਕੋਸ਼ਿਸ਼ ਕਰ ਰਿਹਾ ਸਾਂ। ਸਵਾਲ ਇਹ ਸੀ ਕਿ ਚਿਲੀਅਨ ਟੀਮ ਦਾ ਜਿੱਤ ਲਈ ਸੰਘਰਸ਼ ਕਰਨ ਦਾ ਹੱਕ ਕੀ ਹੈ ਨਹੀਂ ਸੀ? ਕੀ ਉਨ੍ਹਾਂ ਦੇ ਖਿਡਾਰੀ ਸਾਰੇ ਟੂਰਨਾਮੈਂਟ ਹੈਰਤਅੰਗੇਜ਼ ਪ੍ਰਤੀਬਧਤਾ ਨਾਲ ਨਹੀਂ ਸਨ ਖੇਡੇ? ਮਹਿਜ਼ ਇਕ ਸਾਲ ਪਹਿਲਾਂ ਕੋਪਾ ਅਮਰੀਕਾ ਦੇ ਫਾਈਨਲ ਵਿਚ ਪੈਨਲਟੀ ਕਿੱਕਾਂ 'ਤੇ ਗਏ ਮੈਚ ਵਿਚ ਉਨ੍ਹਾਂ ਅਰਜਨਟਾਈਨਾ ਦਾ ਵਿਓਂ ਕੀ ਭੰਨਿਆ ਨਹੀਂ ਸੀ? ਫਿਰ ਸਭ ਤੋਂ ਵਧ, ਇਸੇ ਟੂਰਨਾਮੈਂਟ ਦੇ ਕੁਆਰਟਰ ਫਾਈਨਲ, ਪ੍ਰੀ ਕੁਆਰਟਰ ਫਾਈਨਲ, ਜਾਣੀ ਲਾਕ ਆਊਟ ਗੇੜ ਵਿਚ ਉਨ੍ਹਾਂ ਜਦੋਂ ਮੈਕਸੀਕੋ ਵਰਗੀ ਹਰ ਪੱਖ ਤੋਂ ਸੰਤੁਲਤ ਤੇ ਜ਼ਬਰਦਸਤ ਟੀਮ ਨੂੰ 7-1 ਨਾਲ ਨਹੀਂ, ਬਲਕਿ 7-0 ਨਾਲ ਤਹਿ ਤੇਗ ਕਰ ਕੇ ਫਾਈਨਲ ਵੱਲ ਪੇਸ਼ਕਦਮੀ ਕੀਤੀ ਸੀ ਤਾਂ ਉਨ੍ਹਾਂ ਦੀ ਚੈਂਪੀਅਨ ਬਣ ਸਕਣ ਦੀ ਸੰਭਾਵੀ ਸਮਰੱਥਾ ਬਾਰੇ ਸ਼ੱਕ ਦੀ ਗੁੰਜਾਇਸ਼ ਬਾਕੀ ਰਹਿ ਗਈ ਸੀ! ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਉਸ ਦਿਨ ਐਡੂਆਰਡੋ ਵਾਰਗਾਸ ਨੇ ਲਗਾਤਾਰ 4 ਗੋਲ ਕੀਤੇ, ਉਹ ਵੀ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਮੈਕਸੀਕਨ ਗੋਲ ਕੀਪਰ ਗਿਲੈਰਮੋ ਓਚੋਆ ਦੇ ਖਿਲਾਫ; ਕੀ ਇਹ ਕੋਈ ਕ੍ਰਿਸ਼ਮਾ ਨਹੀਂ ਸੀ? ਗਿਲੈਰਮੋ ਓਚੋਆ ਉਹ ਗੋਲ ਕੀਪਰ ਸੀ ਜਿਸ ਨੇ 2014 ਦੇ ਵਿਸ਼ਵ ਕੱਪ ਲੀਗ ਮੈਚ ਦੌਰਾਨ ਬਰਾਜ਼ੀਲ ਦੀ ਟੀਮ ਨੂੰ ਜਾਮ ਲਾਈ ਰੱਖਿਆ ਸੀ। ਉਸ ਮੈਚ ਦੌਰਾਨ ਨੇਮਾਰ ਦੀ ਕਿੱਕ ਤੋਂ ਜਦੋਂ ਉਸ ਤੋਂ ਵੀ ਵਧ ਅਦਭੁਤ ਅੰਦਾਜ਼ ਵਿਚ ਆਪਣੇ ਗੋਲਾਂ ਨੂੰ ਬਚਾਇਆ ਸੀ ਤਾਂ ਦਰਸ਼ਕਾਂ ਦੇ ਚੇਤਿਆਂ ਵਿਚ 1970 ਦੇ ਇੰਗਲੈਂਡ-ਬਰਾਜ਼ੀਲ ਮੈਚ ਦੌਰਾਨ ਉਸੇ ਹੀ ਅੰਦਾਜ਼ ਵਿਚ ਗੋਲ ਕੀਪਰ ਰੋਬਨ ਬੈਂਕਸ ਵੱਲੋਂ ਪੇਲੇ ਦੀ ਕਿੱਕ ਨੂੰ ਜਾਇਆ ਕਰ ਕੇ ਕੀਤਾ ਕੌਤਿਕ ਉਭਰ ਆਇਆ ਸੀ। ਨਿਰਸੰਦੇਹ 'ਮੈਨ ਆਫ ਦਾ ਮੈਚ' ਉਹੀ ਗਿਲੈਰਮੋ ਓਚੋਆ ਬਣਿਆ ਸੀ। ਟੂਰਨਾਮੈਂਟ ਦੇ ਅਖੀਰ ਵਿਚ 'ਗੋਲਡਨ ਬੂਟ' ਦਾ ਇਨਾਮ ਚਿੱਲੀ ਦੇ ਗੋਲਚੀ ਕਲਾਡੀਓ ਬਰਾਵੋ ਦੇ ਹਿੱਸੇ ਆਇਆ। ਮਾਹਿਰਾਂ ਵੱਲੋਂ 'ਪਲੇਅਰ ਆਫ ਦਾ ਟੂਰਨਾਮੈਂਟ' ਵੀ ਉਨ੍ਹਾਂ ਦੇ ਸਾਥੀ ਸੰਚੇਜ਼ ਨੂੰ ਕਰਾਰ ਦਿਤਾ ਗਿਆ। ਟੂਰਨਾਮੈਂਟ ਦੀ ਟੀਮ ਜੋ ਐਲਾਨੀ ਗਈ, ਉਸ ਵਿਚ ਵੀ ਚਾਰ ਚਿਲੀਅਨ ਖਿਡਾਰੀ ਸ਼ਾਮਲ ਸਨ। ਸਾਫ ਸੁਥਰੀ ਅਤੇ ਆਕਰਸ਼ਕ ਖੇਡ ਲਈ ਇਨਾਮ ਅਰਜਨਟਾਈਨਾ ਨੂੰ ਹੀ ਮਿਲਿਆ, ਪਰ ਸਾਡੀ ਤਸੱਲੀ ਲਈ ਇਹ ਕੁਝ ਵੀ ਨਹੀਂ ਸੀ।

ਮਨ ਵਿਚ ਆ ਰਿਹਾ ਸੀ ਕਿ ਆਖਰ ਅਜਿਹਾ ਕਿਉਂ ਸੀ? ਵਿਸ਼ਵ ਕੱਪ ਫੁੱਟਬਾਲ ਮੈਚਾਂ ਦੇ ਅਸੀਮ ਸੁਹੱਪਣ ਦਾ ਨਜ਼ਾਰਾ ਕਰਨ ਦੀ ਪ੍ਰੇਰਨਾ ਮੈਨੂੰ ਸਭ ਤੋਂ ਪਹਿਲਾਂ ਸਾਲ 1986 ਦੇ ਬਰਾਜ਼ੀਲ ਅਤੇ ਫਰਾਂਸ ਵਿਚਾਲੇ ਖੇਡੇ ਕਲਾਸਿਕ ਕੁਆਰਟਰ ਫਾਈਨਲ ਮੈਚ ਤੋਂ ਬਾਅਦ ਦੇ ਦਿਨ ਪੰਜਾਬੀ ਯੂਨੀਵਰਸਿਟੀ ਕਾਫੀ ਹਾਊਸ ਮੂਹਰੇ ਬੈਠ ਕੇ ਲਾਲੀ ਬਾਬਾ ਦੇ 'ਪ੍ਰਵਚਨ' ਤੋਂ ਮਿਲੀ ਸੀ। ਉਨ੍ਹਾਂ ਦਾ ਸਦਾ ਹੀ ਇਹ ਕਹਿਣਾ ਸੀ ਕਿ ਮੈਚ ਵੇਖੀਦਾ ਹੈ; ਅਨੰਦ ਲਈਦਾ ਹੈ। ਜਿੱਤ-ਹਾਰ ਦੀ ਪ੍ਰਵਾਹ ਕਰੇ ਬਗੈਰ ਹਮੇਸ਼ਾ ਵੇਦਨਾ ਅਤੇ ਵਜਦ ਤੋਂ ਪਾਰ ਰਹਿੰਦਾ ਹੈ। ਅਰਜਨਟਾਈਨਾ ਅਤੇ ਚਿੱਲੀ ਦੇ ਮੈਚ ਤੋਂ ਬਾਅਦ ਹੀ ਮੈਨੂੰ ਪੰਜਾਬ ਦੇ ਮਹਾਨ ਢਾਡੀ ਸੋਹਣ ਸਿੰਘ ਸੀਤਲ ਦੀ ਵਾਰ ਦੀ ਇਹ ਸਤਰ ਸੁਤੇ-ਸਿਧ ਹੀ ਯਾਦ ਆ ਗਈ ਸੀ:

ਸੀਤਲ ਜਿੱਤ-ਹਾਰ ਵਸ ਕਰਤਾਰ ਦੇ
ਜ਼ੋਰ ਘੱਟ ਨਾ ਕਿਸੇ ਨੇ ਲਾਇਆ।

ਪਰ ਸਵਾਲ ਇਹ ਸੀ ਕਿ ਸਾਥੋਂ ਲਾਲੀ ਬਾਬਾ ਜਾਂ ਬਜ਼ੁਰਗ ਸੀਤਲ ਵਰਗੇ ਦਰਵੇਸ਼ਾਂ ਦੀ ਸਲਾਹ ਮੰਨੀ ਕਿਉਂ ਨਹੀਂ ਸੀ ਜਾ ਰਹੀ? ਮੈਨੂੰ ਯਾਦ ਆ ਰਿਹਾ ਸੀ ਕਿ 2014 ਦੇ ਵਿਸ਼ਵ ਕੱਪ ਦੌਰਾਨ ਸਪੇਨੀਆਂ ਦੀ ਬਿਹਤਰੀਨ ਟੀਮ ਨੂੰ ਪਹਿਲੇ ਹੀ ਗੇੜ ਵਿਚ ਲਗਾਤਾਰ ਦੋ ਹਾਰਾਂ ਖਾਣ ਪਿਛੋਂ ਟਰਾਫੀ ਦੀ ਦੌੜ ਵਿਚੋਂ ਬਾਹਰ ਹੋਣਾ ਪਿਆ। ਦਰਅਸਲ, ਵਿਸ਼ਵ ਵਿਜੇਤਾ ਸਪੇਨੀਆਂ ਨੂੰ ਉਸ ਦਿਨ ਡੱਚ ਟੀਮ ਨੇ 5-1 ਗੋਲਾਂ ਨਾਲ ਨੇਸਤੋ ਨਬੂਦ ਕਰ ਦਿੱਤਾ ਸੀ! ਦੋ ਗੋਲ ਆਰਜਨ ਰੋਬੇਨ ਵੱਲੋਂ ਦਾਗੇ ਗਏ। ਸਪੇਨ ਤੋਂ ਬਾਅਦ ਹਾਲੈਂਡ (ਡੱਚ) ਦੀ ਟੀਮ ਬਹੁਤ ਵਧੀਆ ਸੀ- ਆਰਜਨ ਰੋਬੇਨ, ਸ਼ਨਾਈਡਰ, ਵਾਨ ਪਰਸੀ- ਸਾਰੇ ਹੀ ਖਿਡਾਰੀ ਸਿਖਰ 'ਤੇ ਸਨ। ਉਸ ਵਿਸ਼ਵ ਕੱਪ ਦੌਰਾਨ ਅਰਜਨਟਾਈਨਾ ਵਿਰੁਧ ਸੈਮੀ ਫਾਈਨਲ ਮੈਚ ਵਿਚ ਜਿੱਤਣ ਦੇ ਹੱਕਦਾਰ ਵੀ ਉਹੀ ਨਜ਼ਰ ਆ ਰਹੇ ਸਨ, ਪਰ ਪੈਨਲਟੀ ਕਿੱਕਾਂ 'ਤੇ ਗਏ ਉਸ ਮੈਚ ਵਿਚ ਮੈਸੀ ਦੀ ਟੀਮ ਜਦੋਂ ਜਿੱਤੀ, ਤਾਂ ਮਨ ਨੂੰ ਸਕੂਨ ਕਿੰਜ ਮਿਲਿਆ ਸੀ! ਪੈਨਲਟੀ ਕਿੱਕ ਵੀ ਕਿਸੇ ਹੋਰ ਨੇ ਨਹੀਂ, ਬਲਕਿ ਸ਼ਨਾਈਡਰ ਵਰਗੇ ਧੁਰੰਤਰ ਨੇ ਮਿਸ ਕੀਤੀ ਅਤੇ ਰਿਮੇਰੋ ਨੇ ਬੜੀ ਸ਼ਾਨ ਨਾਲ ਰੋਕੀ ਸੀ। ਉਸ ਮੈਚ ਤੋਂ ਬਾਅਦ ਰਛਪਾਲ ਗਿੱਲ ਨਾਲ ਚਰਚਾ ਕਰਦਿਆਂ ਮੈਂ 'ਪੇਸ਼ੀਨਗੋਈ' ਇਹ ਕੀਤੀ ਸੀ ਕਿ ਦੋ ਵਰ੍ਹਿਆਂ ਨੂੰ ਯੂਰੋ ਕੱਪ 'ਤੇ ਕਬਜ਼ਾ ਲਾਜ਼ਮੀ ਉਨ੍ਹਾਂ ਦਾ ਹੋਵੇਗਾ; ਪਰ ਹੋਇਆ ਪਤਾ ਕੀ!... ਟਰਾਫੀ ਜਿੱਤਣੀ ਤਾਂ ਇਕ ਪਾਸੇ, ਉਨ੍ਹਾਂ ਨੂੰ ਅਗਲੇ ਮਾਵਾਂ ਦੇ ਪੁੱਤਰਾਂ ਨੇ ਕੁਆਲੀਫਾਇੰਗ ਗੇੜ ਵਿਚੋਂ ਹੀ ਬਾਹਰ ਕੱਢ ਛੱਡਿਆ। ਉਨ੍ਹਾਂ ਦੀ ਲੀਗ ਵਿਚ ਚੈੱਕ, ਆਈਸਲੈਂਡ ਅਤੇ ਟਰਕੀ ਸਮੇਤ ਛੇ ਟੀਮਾਂ ਸਨ; ਦੁੱਧ ਤੇ ਪਾਣੀ ਨਿਤਾਰਨ ਲਈ ਹਰ ਟੀਮ ਨਾਲ ਉਨ੍ਹਾਂ ਨੂੰ ਦੋ ਦੋ ਵਾਰੀ 'ਲੋਹਾ' ਲੈਣਾ ਪੈਣਾ ਸੀ। 9 ਸਤੰਬਰ ਨੂੰ ਕੁਆਲੀਫਾਇੰਗ ਲੀਗ ਦੇ ਪਹਿਲੇ ਮੈਚ ਵਿਚ ਉਹ ਚੈੱਕ ਟੀਮ ਹੱਥੋਂ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਾਰੇ। ਅਗਲਾ ਮੈਚ 13 ਅਕਤੂਬਰ 2014 ਦੇ ਦਿਨ ਆਈਸਲੈਂਡ ਦੀ ਟੀਮ ਨਾਲ ਪਿਆ। ਸਭ ਸਟਾਰ ਖਿਡਾਰੀਆਂ ਦੇ ਪੂਰਾ ਤਾਣ ਲਗਾ ਕੇ ਖੇਡਣ ਦੇ ਬਾਵਜੂਦ ਉਹ 2-0 ਨਾਲ ਹਾਰੇ। ਪੂਰੇ ਵਰ੍ਹੇ ਦੀ ਕਰੜੀ ਮੁਸ਼ੱਕਤ ਪਿਛੋਂ 3 ਸਤੰਬਰ 2015 ਦੇ ਦਿਨ ਉਹ ਆਈਸਲੈਂਡ ਵਾਲਿਆਂ ਨਾਲ ਹੀ ਦੂਸਰੀ ਵਾਰ ਜਦੋਂ ਭਿੜੇ ਤਾਂ ਉਨ੍ਹਾਂ ਨੂੰ ਹਾਰ ਹੀ ਨਸੀਬ ਹੋਈ।... ਤੇ ਫਿਰ 6 ਸਤੰਬਰ ਨੂੰ ਟਰਕੀ ਨਾਲ ਮੈਚ ਵਿਚ ਜਿੱਤ-ਹਾਰ ਉਨ੍ਹਾਂ ਲਈ ਜ਼ਿੰਦਗੀ ਮੌਤ ਦਾ ਸਵਾਲ ਸੀ; ਪਰ ਟਰਕੀ ਦੀ ਟੀਮ ਨੇ ਉਨ੍ਹਾਂ ਨੂੰ ਬਹੁਤ ਬੁਰਾ ਸਬਕ ਸਿਖਾਇਆ। ਆਰਜਨ ਰੋਬੇਨ ਅਤੇ ਸ਼ਨਾਈਡਰ ਵਰਗੇ ਸ਼ਾਨਾਮੱਤੇ ਖਿਡਾਰੀਆਂ 'ਤੇ ਆਧਾਰਤ ਡੱਚ ਟੀਮ ਨੂੰ ਉਨ੍ਹਾਂ ਨੇ ਇਕ ਜਾਂ ਦੋ ਗੋਲਾਂ ਨਾਲ ਨਹੀਂ, ਬਲਕਿ ਸਿਫਰ ਦੇ ਮੁਕਾਬਲੇ ਤਿੰਨ ਗੋਲਾਂ ਦੇ ਸਪਸ਼ਟ ਫਰਕ ਨਾਲ ਹਰਾਇਆ। ਨਿਸਚੇ ਹੀ ਇਸ ਘਾਤਕ ਹਾਰ ਤੋਂ ਪਿੱਛੋਂ ਸ਼ਨਾਈਡਰ ਰੋ ਰਿਹਾ ਸੀ, ਆਰਜਨ ਰੋਬੇਨ ਡੌਰ-ਭੌਰ ਹੋਇਆ ਸ਼ਾਂਤ ਖੜ੍ਹਾ ਸੀ।... ਕਹਿਣ ਦਾ ਭਾਵ, ਇਓਂ ਵੀ ਹੋ ਜਾਂਦਾ ਹੈ, ਖੇਡ ਤਾਂ ਖੇਡ ਹੁੰਦੀ ਹੈ! ਫਿਰ ਵੀ, ਹਾਰ ਪਿਛੋਂ ਮੈਸੀ ਦੀ ਹਾਲਤ ਵਿੰਹਦਿਆਂ ਲਗਦਾ ਸੀ ਕਿ ਜ਼ਿੰਦਗੀ ਦੇ ਸਾਰੇ ਮਜ਼ੇ ਹਮੇਸ਼ਾ ਲਈ ਹੀ ਕਿਰਕਿਰੇ ਹੋ ਗਏ ਸਨ!

ਚਿੱਲੀ ਤੋਂ ਅਰਜਨਟਾਈਨਾ ਦੀ ਹਾਰ ਪਿੱਛੋਂ ਮੇਰੇ ਲੜਕੇ ਗੁਰਨੀਤ ਨੇ ਸਹਿਵਨ ਹੀ ਜਦੋਂ ਇਹ ਆਖਿਆ ਕਿ ਉਸ ਨੂੰ ਵਿਸ਼ਵ ਕੱਪ ਫਾਈਨਲ ਵਿਚ ਉਨ੍ਹਾਂ ਦੀ ਹਾਰ ਤੋਂ ਵੀ ਵੱਧ ਦੁੱਖ ਲੱਗਿਆ ਹੈ, ਤਾਂ ਮੈਂ ਉਸ ਨੂੰ ਆਪਣੀ ਜਾਣੇ ਇਹ ਆਖ ਕੇ ਠੀਕ ਕਰਨ ਦੀ ਕੋਸ਼ਿਸ਼ ਕੀਤੀ ਕਿ ਨਹੀਂ, ਦੁੱਖ ਤਾਂ ਉਹ ਵੀ ਵੱਡਾ ਸੀ! ਮੈਸੀ ਅਤੇ ਉਸ ਦੇ ਸਾਥੀਆਂ ਦੀ ਉਸ ਮੈਚ ਵਿਚ ਹੋਈ ਹਾਰ ਦਾ ਦੁੱਖ ਵੀ ਲੰਮੇ ਸਮੇਂ ਤੱਕ ਮਨ ਵਿਚੋਂ ਗਿਆ ਨਹੀਂ ਸੀ। ਆਖਰ ਫੁੱਟਬਾਲ ਜਗਤ ਦੇ ਮਹਿਬੂਬ ਖਿਡਾਰੀ ਪੇਲੇ ਦੇ ਦੇਸ਼ ਵਿਚ ਜਰਮਨਾਂ ਨੇ ਸੈਮੀ ਫਾਈਨਲ ਗੇੜ ਵਿਚ ਨੇਮਾਰ ਤੋਂ ਬਿਨਾਂ ਖੇਡ ਰਹੀ ਬਰਾਜ਼ੀਲੀਅਨ ਟੀਮ ਨੂੰ 7-1 ਦੇ ਫਰਕ ਨਾਲ ਹਰਾਇਆ ਸੀ। ਪੇਲੇ ਤਾਂ ਰੋਇਆ ਹੀ ਸੀ, ਦੁਨੀਆਂ ਭਰ ਵਿਚ ਉਨ੍ਹਾਂ ਦੇ ਕਰੋੜਾਂ ਪ੍ਰਸ਼ੰਸਕਾਂ ਦੀਆਂ ਚੀਕਾਂ ਵੀ ਉਨ੍ਹਾਂ ਕਢਵਾ ਦਿੱਤੀਆਂ ਸਨ। ਉਸ ਫਾਈਨਲ ਵਿਚ ਅਰਜਨਟੀਨੀਅਨ ਜੇ ਜਾਂਦੇ ਤਾਂ ਸਾਰੀ ਸਕਰਿਪਟ ਹੀ ਬਦਲ ਜਾਣੀ ਸੀ। 2006 ਦੇ ਜਰਮਨੀ ਵਿਚ ਹੋਏ ਵਿਸ਼ਵ ਕੱਪ ਕੁਆਰਟਰ ਫਾਈਨਲ ਮੁਕਾਬਲੇ ਦੌਰਾਨ ਰਿਕੁਐਲਮੇ, ਸੇਵੀਓਲੋ, ਮੈਸੀ, ਟੇਵੇਜ਼, ਕਰੈਸਪੋ ਅਤੇ ਮੱਧ ਪੰਕਤੀ ਵਿਚ ਮੈਸ਼ਰਾਨੋ, ਰੌਡਰੀਗੋ ਅਤੇ ਕੈਂਬੀਆਸੋ ਵਰਗੇ ਮਹਾਂਰਥੀਆਂ ਨਾਲ ਲੈਸ ਟੀਮ ਦਾ ਕੋਈ ਲੇਖਾ ਨਹੀਂ ਸੀ। ਉਸ ਟੂਰਨਾਮੈਂਟ ਵਿਚ ਉਨ੍ਹਾਂ ਟਰਾਫੀ ਦੀ ਮੁਹਿੰਮ ਸਰਬੀਆ ਵਰਗੀ ਟੀਮ ਨੂੰ ਇਕ ਦੇ ਮੁਕਾਬਲੇ 6 ਗੋਲਾਂ ਨਾਲ ਹਰਾ ਕੇ ਸ਼ੁਰੂ ਕੀਤੀ ਸੀ, ਪਰ ਫਿਰ ਜਰਮਨਾਂ ਵਿਰੁਧ ਕੁਆਰਟਰ ਫਾਈਨਲ ਮੈਚ ਦੌਰਾਨ 'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ' ਸਨ ਤਾਂ ਉਹ ਕਸਕ ਸਾਨੂੰ ਅਰਜਨਟਾਈਨਾ ਦੇ ਸਾਡੇ ਸਭ ਸਾਥੀ ਪ੍ਰਸ਼ੰਸਕਾਂ ਨੂੰ ਪਿਛਲੇ 10 ਵਰ੍ਹਿਆਂ ਤੋਂ ਭੁੱਲੀ ਨਹੀਂ ਸੀ। ਉਸ ਮੈਚ ਵਿਚ 'ਫੌਜਾਂ ਜਿੱਤ ਕੇ ਹਾਰਨ' ਵਾਲੀ ਰਾਏ ਮੇਰੀ ਨਹੀਂ, ਬਲਕਿ ਮਹਿਬੂਬ ਸਾਹਿਬ ਦੀ ਸੀ। ਉਨ੍ਹੀਂ ਦਿਨੀਂ ਉਨ੍ਹਾਂ ਸਮੇਤ ਸਾਡੇ ਸਾਰੇ ਦੋਸਤ ਰਿਕੁਐਲਮੇ ਦੇ ਸਭ ਤੋਂ ਵੱਧ ਮਦਾਹ ਸਨ। 2010 ਦੇ ਵਿਸ਼ਵ ਕੱਪ ਦੌਰਾਨ ਟੀਮ ਦਾ ਰਾਹਬਰ ਖੁਦ ਡੀਐਗੋ ਮਾਰਾਡੋਨਾ ਸੀ ਅਤੇ ਸਾਡੀਆਂ ਦੁਆਵਾਂ ਮੈਸੀ ਨਾਲੋਂ ਵੀ ਵੱਧ ਉਸ 'ਦਰਵੇਸ਼' ਦੀ ਸਫਲਤਾ ਨਾਲ ਜੁੜੀਆਂ ਹੋਈਆਂ ਸਨ। ਪਹਿਲੇ ਗੇੜ ਦੇ ਮੈਚ ਮਾਰਾਡੋਨਾ ਦੀ ਟੀਮ ਨੇ ਪੂਰੀ ਸ਼ਾਨ ਨਾਲ ਜਿੱਤੇ ਅਤੇ 16 ਦਾ ਗੇੜ ਵੀ ਪੂਰਨ ਆਤਮ ਵਿਸ਼ਵਾਸ ਨਾਲ ਪਾਰ ਕੀਤਾ, ਪਰ ਅਗਾਂਹ ਕੁਆਰਟਰ ਫਾਈਨਲ ਵਿਚ 'ਫੇਟਫੁੱਲ' ਟੱਕਰ ਇਕ ਵਾਰ ਫਿਰ ਜਰਮਨਾਂ ਨਾਲ ਪੈ ਗਈ ਸੀ।

ਵਿਸ਼ਵ ਕੱਪ ਫਾਈਨਲ ਮੈਚ ਦੌਰਾਨ ਅੰਖਿਲ ਮਾਰੀਆ ਜੇ ਮੈਸੀ ਦੇ ਨਾਲ ਹੁੰਦਾ ਤਾਂ ਜਰਮਨਾਂ ਨੂੰ ਉਨ੍ਹਾਂ ਉਸ ਦਿਨ ਜਿੱਤਣ ਨਹੀਂ ਸੀ ਦੇਣਾ। ਉਸ ਟੂਰਨਾਮੈਂਟ ਦੌਰਾਨ ਪ੍ਰੀ-ਕੁਆਰਟਰ ਫਾਈਨਲ ਗੇੜ ਦੀ ਸਵਿਟਜ਼ਰਲੈਂਡ ਵਿਰੁਧ ਫਸਵੀਂ ਟੱਕਰ ਦੌਰਾਨ ਮੈਚ ਦਾ ਇਕੋ ਇਕ ਫੈਸਲਾਕੁਨ ਗੋਲ ਉਸ ਨੇ ਹੀ ਕੀਤਾ ਸੀ। ਅਗਾਂਹ ਕੁਆਰਟਰ ਫਾਈਨਲ ਗੇੜ ਦੇ ਮੈਚ ਦੌਰਾਨ ਬਰਾਜ਼ੀਲੀਅਨ ਟੀਮ ਦੇ ਕੇਂਦਰੀ ਖਿਡਾਰੀ ਨੇਮਾਰ ਵਾਂਗ ਉਹ ਵੀ ਵਿਰੋਧੀ ਧਿਰ ਦੇ ਕਿਸੇ ਖਿਡਾਰੀ ਦੇ ਗਲਤ ਟੈਕਲ ਕਾਰਨ ਜ਼ਖਮੀ ਹੀ ਹੋ ਕੇ ਆਪਣੀ ਟੀਮ ਦੀ ਮੁਹਿੰਮ ਵਿਚੋਂ ਬਾਹਰ ਜਦੋਂ ਹੋਇਆ ਤਾਂ ਫਾਈਨਲ ਮੁਕਾਬਲੇ ਦੌਰਾਨ 2006 ਦੇ ਕੁਆਰਟਰ ਫਾਈਨਲ ਵਾਂਗ ਉਸੇ ਤਰ੍ਹਾਂ 'ਫੌਜਾਂ ਜਿੱਤ ਕੇ ਅੰਤ ਨੂੰ ਹਾਰਨ' ਵਾਲੀ ਕਹਾਣੀ ਦੁਹਰਾ ਹੋ ਗਈ। ਬਰਾਜ਼ੀਲ ਤੋਂ ਬਾਅਦ ਅਰਜਨਟਾਈਨਾ ਨਾਲ ਸਾਡੀ ਤਾਰ ਹੀ ਇਓਂ ਜੁੜੀ ਹੋਈ ਸੀ ਕਿ ਉਸ ਨੂੰ ਹਾਰਦਿਆਂ ਦੇਖਣ ਨੂੰ ਸਾਡਾ ਮਨ ਰਾਜ਼ੀ ਨਹੀਂ ਸੀ।

ਪਹਿਲਾਂ ਲਿਖੀ ਇਸ ਪੁਸਤਕ ਤੋਂ ਬਾਅਦ ਉਸ ਦੀ ਕੁਝ ਮਹੀਨੇ ਪਹਿਲਾਂ 'ਪੇਲੇ: ਵ੍ਹਾਈ ਫੁੱਟਬਾਲ ਮੈਟਰਜ਼' ਪੁਸਤਕ ਦੇ 'ਬਰਾਜ਼ੀਲ 1950' ਸਿਰਲੇਖ ਹੇਠਲੇ ਪਹਿਲੇ ਹੀ ਚੈਪਟਰ ਦੇ ਪਹਿਲੇ ਹੀ ਪੰਨੇ ਤੋਂ ਉਹ 1950 ਦੇ ਉਸ ਦੀ ਆਪਣੀ ਧਰਤੀ ਉਪਰ ਹੋਏ ਵਿਸ਼ਵ ਕੱਪ ਫੁੱਟਬਾਲ ਦੇ 'ਬਰਾਜ਼ੀਲ ਅਤੇ ਉਰੂਗੁਏ' ਵਿਚਾਲੇ ਖੇਡੇ ਗਏ ਇਤਿਹਾਸਕ ਫਾਈਨਲ ਮੁਕਾਬਲੇ ਤੋਂ ਪਹਿਲਾਂ ਅਤੇ ਬਾਅਦ ਖੁਦ ਆਪਣੇ ਅਤੇ ਆਪਣੇ ਪਰਿਵਾਰ, ਖਾਸ ਕਰ ਕੇ ਆਪਣੇ ਪਿਤਾ ਤੇ ਹੋਰ ਮੈਂਬਰਾਂ ਦੇ ਪ੍ਰਤੀਕਰਮ ਪਾਠਕਾਂ ਨਾਲ ਸਾਂਝੇ ਕਰਦਾ ਹੈ।

ਇਹ ਟੂਰਨਾਮੈਂਟ ਬਰਾਜ਼ੀਲ ਦੀ ਆਪਣੀ ਧਰਤੀ 'ਤੇ ਹੋ ਰਿਹਾ ਸੀ। ਬਰਾਜ਼ੀਲ ਦੀ ਟੀਮ ਨੇ ਪਹਿਲੇ ਹੀ ਮੈਚ ਵਿਚ ਮੈਕਸੀਕੋ ਨੂੰ ਸਿਫਰ ਦੇ ਮੁਕਾਬਲੇ 4 ਗੋਲਾਂ ਨਾਲ ਹਰਾ ਕੇ ਸੁਨਹਿਰੀ ਕੱਪ ਜਿੱਤਣ ਦੀ ਪੱਕੀ ਦ੍ਰਿੜਤਾ ਨਾਲ ਆਪਣੀ ਮੁਹਿੰਮ ਸ਼ੁਰੂ ਕੀਤੀ। ਦੂਜੇ ਮੈਚ ਵਿਚ ਸਵਿਟਜ਼ਰਲੈਂਡ ਦੀ ਟੀਮ ਨੇ ਉਨ੍ਹਾਂ ਨੂੰ 2-2 ਗੋਲਾਂ ਦੀ ਬਰਾਬਰੀ 'ਤੇ



ਚਿੱਲੀ ਦਾ ਖਿਡਾਰੀ ਐਡੂਆਰਡੋ ਵਾਰਗਾਸ ਅਰਜਨਟਾਈਨਾ ਖਿਲਾਫ ਗੋਲ ਕਰਨ ਤੋਂ ਬਾਅਦ ਖੁਸ਼ੀ ਮਨਾਉਂਦਾ ਹੋਇਆ।

**ਚਿੱਲੀ ਤੋਂ ਅਰਜਨਟਾਈਨਾ ਦੀ ਹਾਰ ਪਿਛੋਂ ਮੇਰੇ ਲੜਕੇ ਗੁਰਨੀਤ ਨੇ ਸਹਿਵਨ ਹੀ ਜਦੋਂ ਇਹ ਆਖਿਆ ਕਿ ਉਸ ਨੂੰ ਵਿਸ਼ਵ ਕੱਪ ਫਾਈਨਲ ਵਿਚ ਉਨ੍ਹਾਂ ਦੀ ਹਾਰ ਤੋਂ ਵੀ ਵੱਧ ਦੁੱਖ ਲੱਗਿਆ ਹੈ, ਤਾਂ ਮੈਂ ਉਸ ਨੂੰ ਆਪਣੀ ਜਾਣੇ ਇਹ ਆਖ ਕੇ ਠੀਕ ਕਰਨ ਦੀ ਕੋਸ਼ਿਸ਼ ਕੀਤੀ ਕਿ ਨਹੀਂ, ਦੁੱਖ ਤਾਂ ਉਹ ਵੀ ਵੱਡਾ ਸੀ! ਮੈਸੀ ਅਤੇ ਉਸ ਦੇ ਸਾਥੀਆਂ ਦੀ ਉਸ ਮੈਚ ਵਿਚ ਹੋਈ ਹਾਰ ਦਾ ਦੁੱਖ ਵੀ ਲੰਮੇ ਸਮੇਂ ਤੱਕ ਮਨ ਵਿਚੋਂ ਗਿਆ ਨਹੀਂ ਸੀ। ਆਖਰ ਫੁੱਟਬਾਲ ਜਗਤ ਦੇ ਮਹਿਬੂਬ ਖਿਡਾਰੀ ਪੇਲੇ ਦੇ ਦੇਸ਼ ਵਿਚ ਜਰਮਨਾਂ ਨੇ ਸੈਮੀ ਫਾਈਨਲ ਗੇੜ ਵਿਚ ਨੇਮਾਰ ਤੋਂ ਬਿਨਾਂ ਖੇਡ ਰਹੀ ਬਰਾਜ਼ੀਲੀਅਨ ਟੀਮ ਨੂੰ 7-1 ਦੇ ਫਰਕ ਨਾਲ ਹਰਾਇਆ ਸੀ। ਪੇਲੇ ਤਾਂ ਰੋਇਆ ਹੀ ਸੀ, ਦੁਨੀਆਂ ਭਰ ਵਿਚ ਉਨ੍ਹਾਂ ਦੇ ਕਰੋੜਾਂ ਪ੍ਰਸ਼ੰਸਕਾਂ ਦੀਆਂ ਚੀਕਾਂ ਵੀ ਉਨ੍ਹਾਂ ਕਢਵਾ ਦਿੱਤੀਆਂ ਸਨ।**

ਬਰਾਜ਼ੀਲ ਵਿਸ਼ਵ ਕੱਪ ਫਾਈਨਲ ਤੋਂ ਮਹਿਜ਼ ਦੋ ਕੁ ਮਹੀਨਿਆਂ ਦੇ ਅੰਦਰ ਅੰਦਰ ਉਸੇ ਸਾਲ ਸਤੰਬਰ ਦੇ ਪਹਿਲੇ ਹੀ ਹਫਤੇ ਅਰਜਨਟਾਈਨਾ, ਜਰਮਨੀ ਦੇ ਡਿਊਸਲਡੋਰਫ ਸ਼ਹਿਰ ਵਿਚ ਲਿਓਨਲ ਮੈਸੀ ਤੋਂ ਬਗੈਰ ਮੈਦਾਨ ਵਿਚ ਉਤਰੀ। ਉਸ ਟੀਮ ਵਿਚ ਕਪਤਾਨ ਸ਼ਵੈਨਸਟਾਈਗਰ ਵੀ ਸ਼ਾਮਲ ਨਹੀਂ ਸੀ, ਪਰ ਗੋਟਜ਼ੇ, ਡਰੈਕਸਲਰ ਸ਼ੂਰਲੇ, ਕਰੂਸ ਅਤੇ ਰਿਉਸ ਆਦਿ ਬਾਕੀ ਸਭ ਸਿਰੇ ਦੇ ਤੇਜ਼ ਤਰਾਰ ਖਿਡਾਰੀ ਹਾਜ਼ਰ ਸਨ। ਉਸ ਮੈਚ ਵਿਚ ਅਰਜਨਟਾਈਨੀਅਨਾਂ ਨੇ ਜਰਮਨਾਂ ਦੀ ਨਾਂਹ ਕਰਵਾ ਦਿਤੀ ਸੀ। ਨੈੱਟ ਉਪਰ ਉਸ ਮੈਚ ਦੀਆਂ ਕਲਿਪਿੰਗਜ਼ ਵੇਖਿਆਂ ਇਹ ਖਿਡਾਰੀ ਕਿਧਰੇ ਨਜ਼ਰ ਵੀ ਨਹੀਂ ਆਉਂਦੇ। ਚਾਰੇ ਪਾਸੇ ਜਰਮਨ ਗੋਲਾਂ ਦੇ ਗਿਰਦ ਅੰਖਿਲ ਮਾਰੀਆ ਬਾਲ ਨੂੰ ਕਾਬੂ ਕਰ ਕੇ ਲਗਾਤਾਰ ਆਪਣੇ ਅੰਦਾਜ਼ ਵਿਚ ਨੱਚਦਾ, ਕਿਸੇ ਮਸੂਮ, ਪਰ ਅੱਥਰੇ ਹਰਨੋਟੇ ਦੇ ਹਾਰ ਚੁੰਗੀਆਂ ਭਰਦਾ ਨਜ਼ਰ ਆਉਂਦਾ ਹੈ। ਅਰਜਨਟਾਈਨਾ ਨੇ ਇਹ ਮੈਚ 2 ਦੇ ਮੁਕਾਬਲੇ 4 ਗੋਲਾਂ ਨਾਲ ਜਿੱਤ ਕੇ ਜਰਮਨਾਂ ਦੀ ਭਾਜੀ ਮੋੜੀ। ਪਹਿਲੇ ਤਿੰਨ ਗੋਲ ਅੰਖਿਲ ਮਾਰੀਆ ਦੇ ਸਟੀਕ ਪਾਸ 'ਤੇ ਉਸ ਦੇ ਸਾਥੀਆਂ ਨੇ ਕੀਤੇ ਅਤੇ ਆਖਰੀ ਬਹੁਤ ਹੀ ਸੁੰਦਰ ਆਪਣਾ 'ਸਿਗਨੇਚਰ' ਗੋਲ ਉਸ ਨੇ ਖੁਦ ਕੀਤਾ।

ਅਰਜਨਟਾਈਨਾ ਦੀ ਇਸ ਜਿੱਤ ਨਾਲ ਮੇਰੀ ਆਪਣੀ ਅਤੇ ਮੇਰੇ ਮਿੱਤਰਾਂ ਦੀ ਹੋਣੀ ਤਾਂ 'ਤਸੱਲੀ' ਚਾਹੀਦੀ ਸੀ, ਪਰ ਹੋ ਇਸ ਦੇ ਉਲਟ ਗਿਆ। ਮਨ ਵਿਚ ਕਿੰਨੀ ਦੇਰ ਤੱਕ ਇਹੋ ਹੀ ਆਈ ਗਿਆ ਸੀ ਕਿ ਕਸਰ ਤਾਂ ਥੋੜ੍ਹੀ ਹੀ ਸੀ, ਜਰਮਨ ਟੀਮ 2002, 2006, 2010 ਅਤੇ ਸਭ ਤੋਂ ਵੱਧ 2014, ਕਿਸੇ ਵਿਸ਼ਵ ਕੱਪ ਵਿਚ ਮਾੜੀ ਨਹੀਂ ਸੀ, ਪਰ 2006 ਦੇ ਸੈਮੀ ਫਾਈਨਲ ਵਿਚ ਉਹ ਇਤਾਲਵੀ ਟੀਮ ਹੱਥੋਂ, ਤੇ ਫਿਰ 2010 ਦੀ ਮੁਹਿੰਮ ਦੇ ਅਜਿਹੇ ਹੀ ਮੁਕਾਮ 'ਤੇ ਉਹ ਸਪੇਨੀਆਂ ਹੱਥੋਂ ਜਦੋਂ ਹਾਰੇ ਤਾਂ ਸਾਡੇ ਖੇਮੇ ਦੇ ਸਭ ਸਾਥੀਆਂ ਨੂੰ ਕਹਿਰਾਂ ਦਾ ਮਜ਼ਾ ਆਇਆ ਸੀ, ਪਰ ਇਸ ਦਾ ਰੈਸ਼ਨੇਲ ਕੀ ਹੈ? ਪੇਲੇ ਦਾ ਕਹਿਣਾ ਹੈ ਤੇ ਸਾਡੇ ਆਪਣੇ ਲਾਲੀ ਬਾਬਾ ਸਦਾ ਕਹਿੰਦੇ ਹੀ ਇਹ ਰਹੇ ਸਨ ਕਿ ਫੁੱਟਬਾਲ ਬਹੁਤ ਸੁੰਦਰ ਗੇਮ ਹੈ। ਇਸ ਦਾ ਨਿਰਲੇਪ ਮਨੋਅਵਸਥਾ ਵਿਚ ਨਜ਼ਾਰਾ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਤਕੜੇ, ਗਹਿਗਚ ਮੈਚ ਨੂੰ ਵੇਖਣ ਤੋਂ ਬਾਅਦ ਇਨਸਾਨ ਦਾ ਮਨ ਚਿਤ ਪਹਿਲਾਂ ਨਾਲੋਂ ਵੱਧ ਨਿਰਮਲ ਜੇ ਨਾ ਹੋਵੇ, ਉਦਾਤ ਦੀ ਕਿਸੇ ਉਚੀ ਅਵਸਥਾ ਨੂੰ ਨਾ ਛੂਹੇ ਤਾਂ ਕੋਈ ਬਾਤ ਨਹੀਂ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਵੀ ਐਨ ਇਹੋ ਮੱਤ ਸੀ।

---

ਹੁਣ ਲਾਲੀ ਬਾਬਾ ਵੱਲ ਆਉਣ ਤੋਂ ਪਹਿਲਾਂ ਬਿਹਤਰ ਹੈ ਕਿ ਇਸੇ ਵਿਸ਼ੇ 'ਤੇ ਪੇਲੇ ਦੀ ਕਹਿਣੀ ਅਤੇ ਕਰਨੀ ਦਾ ਜਾਇਜ਼ਾ ਲਿਆ ਜਾਵੇ। ਡੇਢ-ਦੋ ਸਾਲ ਪਹਿਲਾਂ 'ਲਾਲੀ ਬਾਬਾ ਤੇ ਵਿਸ਼ਵ ਕੱਪ ਫੁੱਟਬਾਲ' ਸਿਰਲੇਖ ਹੇਠਲੇ ਆਪਣੇ ਲੇਖ ਵਿਚ ਉਸ ਦੀ ਯਾਦਾਂ ਦੀ ਪੁਸਤਕ 'ਮਾਈ ਲਾਈਫ ਐਂਡ ਦਾ ਬਿਊਟੀਫੁਲ ਗੇਮ' ਦੇ ਹਵਾਲੇ ਨਾਲ ਇਸੇ ਪ੍ਰਥਾਏ ਉਸ ਦੇ ਕੁਝ ਪ੍ਰਭਾਵ ਪਾਠਕਾਂ ਨਾਲ ਸਾਂਝੇ ਕੀਤੇ ਸਨ। ਕਈ ਸਾਲ

ਰੋਕ ਲਿਆ, ਪਰ ਪੂਲ ਦੇ ਮੁਢਲੇ ਗੇੜ ਦੇ ਯੂਗੋਸਲਾਵੀਆ ਨਾਲ ਖੇਡੇ ਆਖਰੀ ਮੈਚ ਵਿਚ ਉਨ੍ਹਾਂ ਦਾ ਆਤਮ ਵਿਸ਼ਵਾਸ ਪਰਤ ਆਇਆ ਅਤੇ ਉਹ 2-0 ਨਾਲ ਜੇਤੂ ਰਹੇ। ਟੂਰਨਾਮੈਂਟ ਦੇ ਅਗਲੇ ਗੇੜ ਵਿਚ ਉਨ੍ਹਾਂ ਦਾ ਉਤਸ਼ਾਹ ਸਿਖਰ 'ਤੇ ਹੈ। ਉਨ੍ਹਾਂ ਨੇ ਇਸ ਮੈਚ ਵਿਚ ਸਵੀਡਨ ਦੀ ਟੀਮ ਨੂੰ 1 ਦੇ ਮੁਕਾਬਲੇ 7 ਗੋਲਾਂ ਨਾਲ ਹਰਾਇਆ ਅਤੇ ਉਸ ਤੋਂ ਅਗਲੇ ਮੈਚ ਵਿਚ ਸਪੇਨੀਆਂ ਦੀ ਸਖਤ ਜਾਨ ਟੀਮ ਉਪਰ 6-1 ਗੋਲਾਂ ਦੇ ਲਗਪਗ ਉਸੇ ਤਰ੍ਹਾਂ ਦੇ ਵਿਸ਼ਾਲ ਅੰਤਰ ਨਾਲ ਜੇਤੂ ਰਹੇ। ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਤੇਜ਼ ਤਰਾਰ ਖਿਡਾਰੀ ਚੀਕੋ ਨੇ ਦੋਵਾਂ ਮੈਚਾਂ ਦੌਰਾਨ 2-2 ਗੋਲ ਕੀਤੇ। ਉਨ੍ਹੀਂ ਦਿਨੀਂ ਬਰਾਜ਼ੀਲੀਅਨ ਫੁੱਟਬਾਲ ਜਗਤ ਅਤੇ ਬਾਲ ਉਮਰ ਪੇਲੇ ਦਾ ਨਾਇਕ, ਆਦੇਮੀਰ ਸੀ। ਉਸ ਨੇ ਪਹਿਲੇ ਮੈਚ ਵਿਚ 4 ਗੋਲ ਕੀਤੇ ਅਤੇ ਸਪੇਨੀਆਂ ਵਿਰੁਧ ਵੀ ਉਹ ਦੋ ਗੋਲ ਕਰਨ ਵਿਚ ਸਫਲ ਰਿਹਾ। ਜ਼ਾਹਿਰ ਹੈ ਕਿ ਇਨ੍ਹਾਂ ਅਹਿਮ ਜਿੱਤਾਂ ਨਾਲ ਬਰਾਜ਼ੀਲ ਦੀ ਗੁੱਡੀ ਸੱਤ ਅਸਮਾਨੇ ਚੜ੍ਹੀ ਹੋਈ ਸੀ ਅਤੇ ਰਾਜਧਾਨੀ ਤੋਂ ਦੂਰ ਦੁਰਾਡੇ ਪੇਲੇ ਦੇ ਨਿੱਕੇ ਜਿਹੇ ਪਹਾੜੀ ਪਿੰਡ, ਖਾਸ ਕਰ ਕੇ ਉਸ ਦੇ ਘਰ ਵਿਚ ਦਿਨ-ਰਾਤ ਉਸੇ ਦਾ ਨਾਂ ਜਪਿਆ ਜਾ ਰਿਹਾ ਸੀ।


ਪੇਲੇ ਦੀਆਂ ਯਾਦਾਂ ਦੀ ਇਸ ਨਵੀਂ ਪੁਸਤਕ ਦੀਆਂ ਸ਼ੁਰੂਆਤੀ ਸਤਰਾਂ ਜ਼ਰਾ ਦੇਖੋ:

"ਅਸੀਂ ਹੱਸ ਰਹੇ ਸਾਂ, ਹੇਠਾਂ ਉਪਰ ਟੱਪ ਰਹੇ ਸਾਂ, ਚਾਅ ਸਾਨੂੰ ਚੜ੍ਹਿਆ ਹੋਇਆ ਸੀ।

***(ਬਾਕੀ ਅਗਲੇ ਸਫੇ 'ਤੇ)***

# ਸ਼ਾਸਤ੍ਰਾਰਥ ਕਰੀਏ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪ੍ਰਾਚੀਨ ਭਾਰਤ ਵਿਚ ਦਾਰਸ਼ਨਿਕ ਜਾਂ ਧਾਰਮਿਕ ਵਾਦ-ਵਿਵਾਦ, ਚਰਚਾ, ਬਹਿਸ, ਪ੍ਰਸ਼ਨੋਤਰ ਆਦਿ ਨੂੰ ਸ਼ਾਸਤ੍ਰਾਰਥ (ਸ਼ਾਸਤਰ+ਅਰਥ) ਕਿਹਾ ਜਾਂਦਾ ਸੀ। ਇਸ ਵਿਚ ਦੋ ਜਾਂ ਵੱਧ ਵਿਅਕਤੀ ਕਿਸੇ ਗੂੜ੍ਹ ਵਿਸ਼ੇ ਦੇ ਅਸਲੀ ਅਰਥ ਬਾਰੇ ਚਰਚਾ ਕਰਦੇ ਸਨ। ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਸਨਾਤਨ ਧਰਮ ਦੀ ਪੁਨਰ-ਸਥਾਪਨਾ ਲਈ ਸੁਆਮੀ ਦਯਾ ਨੰਦ ਨਾਲ ਸ਼ਾਸਤ੍ਰਾਰਥ ਕੀਤਾ ਸੀ। ਕਹਿੰਦੇ ਹਨ, ਗਿਆਨੀ ਦਿੱਤ ਸਿੰਘ ਨੇ ਸੁਆਮੀ ਦਯਾ ਨੰਦ ਨਾਲ ਤਿੰਨ ਵਾਰੀ ਸ਼ਾਸਤ੍ਰਾਰਥ ਕਰਕੇ ਉਨ੍ਹਾਂ ਨੂੰ ਨਿਰੁਤਰ ਕਰ ਦਿੱਤਾ ਸੀ। ਅੱਜ ਵੀ ਬਿਹਾਰ ਦੇ ਮਧੂਬਨੀ ਵਿਚ ਸੌਰਾਠ ਸਭਾ ਨਾਮੀ ਸੰਸਥਾ ਹਰ ਸਾਲ ਨੌਂ ਦਿਨਾਂ ਲਈ ਸ਼ਾਸਤ੍ਰਾਰਥ ਕਰਵਾ ਕੇ ਮਿਥਿਲਾ ਦੀ ਪ੍ਰਾਚੀਨ ਪਰੰਪਰਾ ਨੂੰ ਕਾਇਮ ਰੱਖ ਰਹੀ ਹੈ। ਅਸੀਂ ਅੱਜ ਸ਼ਾਸਤਰ ਸ਼ਬਦ ਦੇ ਅਰਥਾਂ ਬਾਰੇ ਹੀ ਚਰਚਾ ਕਰਨ ਲੱਗੇ ਹਾਂ।

ਹਿੰਦੂ ਧਰਮ ਦੇ ਅਨੁਯਾਈ ਆਪਣੇ ਜੀਵਨ ਵਿਚ ਸ਼ਾਸਤਰਾਂ ਤੋਂ ਅਗਵਾਈ ਲੈਂਦੇ ਹਨ। ਇਹ ਸ਼ਾਸਤਰ ਪ੍ਰਾਚੀਨ ਰਿਸ਼ੀਆਂ-ਮੁਨੀਆਂ ਤੇ ਹੋਰ ਧਰਮਵੇਤਾਵਾਂ ਨੇ ਬਣਾਏ ਸਨ। ਇਨ੍ਹਾਂ ਵਿਚ ਮਨੁੱਖ ਦੇ ਕਰਤੱਵਾਂ ਅਤੇ ਨਖਿਧ ਕਰਮਾਂ ਦਾ ਵੇਰਵਾ ਹੈ। ਇਹ ਇਕ ਤਰ੍ਹਾਂ ਸਮਾਜ ਨੂੰ ਨਿਯਮਬੱਧ ਅਤੇ ਅਨੁਸ਼ਾਸਤ ਕਰਨ ਵੱਲ ਸੇਧਤ ਹਨ। ਆਮ ਤੌਰ 'ਤੇ ਵੇਦਮੂਲਕ ਗ੍ਰੰਥਾਂ ਨੂੰ ਸ਼ਾਸਤਰਾਂ ਦਾ ਦਰਜਾ ਦਿੱਤਾ ਗਿਆ ਹੈ, "ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ॥" (ਗੁਰੂ ਨਾਨਕ ਦੇਵ)। ਇਨ੍ਹਾਂ ਦੀ ਗਿਣਤੀ ਚੌਦਾਂ ਤੋਂ ਅਠਾਰਾਂ ਤੱਕ ਦੱਸੀ ਜਾਂਦੀ ਹੈ। ਚਲੋ ਅਠਾਰਾਂ ਦੇ ਨਾਂ ਗਿਣਦੇ ਹਾਂ-ਸ਼ਿਕਸ਼ਾ, ਕਲਪ, ਵਿਆਕਰਨ, ਨਿਰੁਕਤ, ਜਿਯੋਤਿਸ਼, ਛੰਦ, ਰਿਗਵੇਦ, ਯਜੁਰਵੇਦ, ਸਾਮਵੇਦ, ਸਉਣਸਾਸਤ੍ਰ, ਅਥਰਵ ਵੇਦ, ਮੀਮਾਂਸਾ, ਨਿਯਾਯ, ਧਰਮਸ਼ਾਸਤਰ, ਪੁਰਾਣ, ਧਨੁਰਵੇਦ, ਗਾਂਧਰਵਵੇਦ ਅਤੇ ਅਰਥਸ਼ਾਸਤਰ। ਇਸ ਤਰ੍ਹਾਂ ਸਭ ਧਰਮ ਪੁਸਤਕਾਂ ਸ਼ਾਸਤਰ ਦੀ ਕੋਟੀ ਵਿਚ ਆ ਜਾਂਦੀਆਂ ਹਨ। ਇਨ੍ਹਾਂ ਵਿਚੋਂ ਚਾਰ ਵੇਦਾਂ ਨੂੰ ਮੁਖ ਸਥਾਨ ਪ੍ਰਾਪਤ ਹੈ ਅਤੇ ਇਨ੍ਹਾਂ ਨੂੰ ਅੰਗਿ ਕਿਹਾ ਜਾਂਦਾ ਹੈ। ਵਿਸਤ੍ਰਿਤ ਅਰਥਾਂ ਵਿਚ ਅਸੀਂ ਹੋਰ ਧਰਮਾਂ ਦੇ ਗ੍ਰੰਥਾਂ ਨੂੰ ਵੀ ਸ਼ਾਸਤਰ ਕਹਿ ਸਕਦੇ ਹਾਂ ਪਰ ਦੂਜੇ ਧਰਮਾਂ ਦੇ ਲੋਕ ਸ਼ਾਇਦ ਆਪਣੇ ਗ੍ਰੰਥਾਂ ਲਈ ਇਸ ਸ਼ਬਦ ਦੀ ਵਰਤੋਂ ਤੋਂ ਨੱਕ ਬੁੱਲ੍ਹ ਵੱਟਣਗੇ।

ਸਉਣਸਾਸਤ੍ਰ ਦਾ ਉਚੇਚਾ ਜ਼ਿਕਰ ਕਰਨਾ ਬਣਦਾ ਹੈ। ਇਹ ਉਹ ਸ਼ਾਸਤਰ ਹੈ ਜਿਸ ਤੋਂ ਭਲੇ ਬੁਰੇ ਸ਼ਗਨਾਂ ਦਾ ਫਲ ਜਾਣਿਆ ਜਾਂਦਾ ਹੈ। ਭਾਰਤ ਵਿਚ ਕੋਈ ਕੰਮ ਕਰਨ ਲੱਗਿਆਂ ਜਾਂ ਉਂਜ ਵੀ, ਸ਼ਗਨਾਂ-ਕੁਸ਼ਗਨਾਂ ਨੂੰ ਬਹੁਤ ਵਿਚਾਰਿਆ ਜਾਂਦਾ ਹੈ। 'ਛਨਿਛਰਵਾਰ ਸਉਣਸਾਸਤ ਬੀਚਾਰੁ।' ਪਰ ਗੁਰਬਾਣੀ ਅਨੁਸਾਰ ਪਰਮਾਤਮਾ ਹੀ ਇਹ ਸ਼ਾਸਤਰ ਹੈ, "ਪ੍ਰਭੂ ਹਮਾਰੈ ਸਾਸਤ੍ਰਸਉਣ॥" (ਗੁਰੂ ਅਰਜਨ ਦੇਵ)। 'ਸਉਣ ਸ਼ਾਸਤਰ' ਸ਼ਬਦ ਬਣਿਆ ਹੈ, ਸ਼ਕੁਨ ਸ਼ਾਸਤਰ ਤੋਂ। ਸਉਣ ਸ਼ਬਦ ਸ਼ਕੁਨ ਦਾ ਵਿਗੜਿਆ ਰੂਪ ਹੈ ਜਿਸ ਦਾ ਮੁਢਲਾ ਅਰਥ ਪੰਛੀ ਹੈ, ਵਿਸ਼ੇਸ਼ ਤੌਰ 'ਤੇ ਵੱਡਾ ਪੰਛੀ ਜਿਵੇਂ ਗਰੁੜ। ਸ਼ਗਨ ਸ਼ਬਦ ਵੀ ਸ਼ਕੁਨ ਦਾ ਹੀ ਰੂਪਾਂਤਰ ਹੈ। ਪ੍ਰਾਚੀਨ ਕਾਲ ਵਿਚ ਪੰਛੀਆਂ ਦੇ ਬੋਲਣ ਜਾਂ ਉਨ੍ਹਾਂ ਦੀਆਂ ਹਰਕਤਾਂ ਤੋਂ ਚੰਗੀ ਜਾਂ ਮੰਦੀ ਭਵਿੱਖਵਾਣੀ ਕੀਤੀ ਜਾਂਦੀ ਸੀ। ਸਮਾਂ ਪਾ ਕੇ ਸ਼ਗਨ-ਅਪਸ਼ਗਨ ਸਿਰਫ ਪੰਛੀਆਂ ਨਾਲ ਸਬੰਧਤ ਨਾ ਰਿਹਾ ਬਲਕਿ ਹੋਰ ਜਾਨਵਰਾਂ, ਹਫਤੇ ਦੇ ਦਿਨਾਂ, ਗਹਿਣਿਆਂ ਆਦਿ ਨਾਲ ਵੀ ਜੁੜ ਗਿਆ। ਇਸ ਤਰ੍ਹਾਂ ਇਸ ਦਾ ਆਮ ਅਰਥ ਚੰਗਾ-ਮਾੜਾ ਮਹੂਰਤ ਬਣ ਗਿਆ। ਪ੍ਰਸੰਗਵੱਸ਼ ਅੰਗਰੇਜ਼ੀ Auspicious ਸ਼ਬਦ ਬਣਿਆ ਹੈ, Avis (ਪੰਛੀ)+Spec (ਦੇਖਣਾ) ਤੋਂ। ਪੂਰੀ ਸ਼ਗਨ ਵਾਲੀ ਗੱਲ ਹੀ ਹੈ ਨਾ!

ਚਾਣਕਿਆ ਨੇ ਅਰਥਸ਼ਾਸਤਰ ਵਿਚ ਰਾਜੇ ਦੇ ਦੋ ਭੇਦ ਕੀਤੇ ਹਨ: ਇਕ ਅੰਧਰਾਜਾ, ਦੂਜਾ ਚਲਿਤਸ਼ਾਸਤਰ ਰਾਜਾ। ਚਲਿਤਸ਼ਾਸਤਰ ਉਹ ਹੈ ਜੋ ਜਾਣ ਬੁਝ ਕੇ ਸ਼ਾਸਤਰ ਦੀ ਮਰਿਆਦਾ ਭੰਗ ਕਰਦਾ ਹੋਵੇ। ਦੋਨਾਂ ਵਿਚੋਂ ਚਾਣਕਿਆ ਨੇ ਅੰਧਰਾਜਾ ਨੂੰ ਹੀ ਚੰਗਾ ਕਿਹਾ ਹੈ, ਜੋ ਯੋਗ ਮੰਤਰੀਆਂ ਦੇ ਹੁੰਦਿਆਂ ਚੰਗਾ ਸ਼ਾਸਨ ਕਰ ਸਕਦਾ ਹੈ।

ਸ਼ਾਸਤਰ ਦਾ ਸ਼ਾਬਦਿਕ ਅਰਥ ਹੈ, "ਜੋ ਆਦੇਸ਼ ਦਿੰਦਾ ਹੈ" (ਸ਼ਾਸਤਿ ਇਤਿ ਸ਼ਾਸਤ੍ਰ)। ਇਸ ਤਰ੍ਹਾਂ ਸ਼ਾਸਤਰ ਇਕ ਤਰ੍ਹਾਂ ਹੁਕਮ, ਨੇਮ, ਉਪਦੇਸ਼, ਅਸੂਲ, ਕਾਨੂੰਨ, ਵਿਧੀ ਸਭ ਕੁਝ ਹੈ। ਪਰ ਸ਼ਾਸਤਰ ਸ਼ਬਦ ਦੇ ਪ੍ਰਯੋਗ ਦਾ ਅੱਗੇ ਵਿਕਾਸ ਹੋਇਆ ਹੈ। ਗਿਆਨ ਦੀ ਕਿਸੇ ਵੀ ਸ਼ਾਖਾ ਦੇ ਵਿਧੀਵਤ ਅਤੇ ਸਿਲਸਿਲੇਵਾਰ ਅਧਿਐਨ ਨੂੰ ਸ਼ਾਸਤਰ ਕਿਹਾ ਜਾਣ ਲੱਗਾ। ਇਸ ਅਰਥ ਵਿਚ ਇਹ ਆਮ ਤੌਰ 'ਤੇ ਇਕ ਪਿਛੇਤਰ ਵਜੋਂ ਵਰਤਿਆ ਜਾਣ ਲੱਗਾ, ਸਮਝੋ ਅੰਗਰੇਜ਼ੀ Ology ਜਾਂ Ics ਦੀ ਤਰ੍ਹਾਂ ਜਿਵੇਂ ਕ੍ਰਮਵਾਰ Biology, Physics. ਅਸੀਂ ਸੰਸਕ੍ਰਿਤ ਤੋਂ ਹੀ ਮਿਸਾਲਾਂ ਲੈਂਦੇ ਹਾਂ: ਅਰਥ ਸ਼ਾਸਤਰ, ਯੋਗ ਸ਼ਾਸਤਰ, ਜਿਓਤਿਸ਼ ਸ਼ਾਸਤਰ, ਕਾਮ ਸ਼ਾਸਤਰ, ਸੰਗੀਤ ਸ਼ਾਸਤਰ, ਛੰਦ ਸ਼ਾਸਤਰ, ਨਾਟਯ ਸ਼ਾਸਤਰ ਆਦਿ। ਅਤੀਤ ਵਿਚ ਇਹ ਸ਼ਾਸਤਰ ਆਮ ਤੌਰ 'ਤੇ ਰਿਸ਼ੀਆਂ-ਮੁਨੀਆਂ ਜਾਂ ਮਹਾਂਪੁਰਖਾਂ ਨੇ ਰਚੇ ਸਨ। ਸ਼ਾਸਤਰ ਇਕ ਗ੍ਰੰਥ ਵੀ ਹੋ ਸਕਦਾ ਹੈ ਜਿਵੇਂ ਭਰਤ ਮੁਨੀ ਦਾ ਨਾਟਯ ਸ਼ਾਸਤਰ ਅਤੇ ਗ੍ਰੰਥਾਂ ਦੀ ਲੜੀ ਵੀ। ਇਸ ਤਰ੍ਹਾਂ ਇਹ ਪਦ ਆਮ ਤੌਰ 'ਤੇ ਕਿਸੇ ਵਿਸ਼ੇ ਬਾਰੇ ਵਿਸਤ੍ਰਿਤ ਗਿਆਨ ਨੂੰ ਨਿਯਮਬੱਧ ਕੀਤੀ ਹੋਈ



ਪੇਸ਼ਕਾਰੀ ਲਈ ਵਰਤਿਆ ਜਾਂਦਾ ਹੈ। ਅੱਜ ਕਲ੍ਹ ਵੀ ਇਸ ਨੂੰ ਇਕ ਵਿਸ਼ੇਸ਼ੀਕ੍ਰਿਤ ਵਿਸ਼ੇ ਵਜੋਂ ਵਰਤਿਆ ਜਾਣ ਲੱਗਾ ਹੈ ਪਰ ਹੁਣ ਆਮ ਤੌਰ 'ਤੇ ਸ਼ਾਸਤਰ ਦੀ ਥਾਂ ਵਿਗਿਆਨ ਨੇ ਲੈ ਲਈ ਹੈ। ਅੱਜ ਕਲ੍ਹ ਮਾਨਵਿਕੀ ਵਿਸ਼ਿਆਂ ਲਈ ਵੀ ਵਿਗਿਆਨ ਪਿਛੇਤਰ ਦੀ ਵਰਤੋਂ ਹੋਣ ਲੱਗੀ ਹੈ। ਮੋਟੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕਠੋਰ ਤੇ ਨਿਸ਼ਚਿਤ ਗਿਆਨ ਵਾਲੇ ਵਿਸ਼ਿਆਂ ਲਈ ਵਿਗਿਆਨ ਅਤੇ ਸਮਾਜਕ ਜਿਹੇ ਵਿਸ਼ਿਆਂ ਲਈ ਸ਼ਾਸਤਰ ਸ਼ਬਦ ਦੀ ਵਰਤੋਂ ਹੁੰਦੀ ਹੈ। ਪਰ ਕਿਸੇ ਵੀ ਭਾਸ਼ਾ ਵਿਚ ਕਿਸੇ ਵੀ ਸ਼ਬਦ ਨੂੰ ਅਸੀਂ ਵਿਆਕਰਣ ਜਾਂ ਅਰਥ ਪੱਖੋਂ ਬੰਨ੍ਹ ਕੇ ਨਹੀਂ ਰੱਖ ਸਕਦੇ, ਅਪਵਾਦ ਹੁੰਦੇ ਹਨ ਕਿਉਂਕਿ ਭਾਸ਼ਾ ਦੇ ਪਰਯੋਗ ਵਿਚ ਪਰੰਪਰਾ ਵੀ ਚਲਦੀ ਰਹਿੰਦੀ ਹੈ। ਪਰ ਇਕ ਗੱਲ ਨਿਸ਼ਚਿਤ ਹੈ ਕਿ ਸ਼ਾਸਤਰ ਵਿਸ਼ਾਲ ਖੇਤਰ ਨੂੰ ਹੱਥ ਪਾਉਂਦੇ ਹਨ। ਯੋਗ ਸ਼ਾਸਤਰ ਹੋ ਸਕਦਾ ਹੈ, ਪ੍ਰਾਣਾਯਾਮ ਸ਼ਾਸਤਰ ਨਹੀਂ।

ਸ਼ਾਸਤਰਾਂ ਦਾ ਮਾਹਰ ਸ਼ਾਸਤਰੀ, ਸ਼ਾਸਤਰਵਿਦ ਜਾਂ ਸ਼ਾਸਤਰਗ ਕਹਾਉਂਦਾ ਹੈ, 'ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ॥' (ਗੁਰੂ ਅਰਜਨ ਦੇਵ)। ਕੁਝ ਵਿਦਿਆਲਿਆਂ ਵਿਚ ਸੰਸਕ੍ਰਿਤ ਦੇ ਉਚ ਸਿਖਿਆ ਪ੍ਰਾਪਤ ਵਿਦਿਆਰਥੀਆਂ ਨੂੰ ਸ਼ਾਸਤਰੀ ਦੀ ਡਿਗਰੀ ਦਿੱਤੀ ਜਾਂਦੀ ਹੈ। ਲਾਲ ਬਹਾਦਰ ਸ਼ਾਸਤਰੀ ਨੇ ਕਾਸ਼ੀ ਵਿਦਿਆਪੀਠ ਤੋਂ ਦਰਸ਼ਨ ਅਤੇ ਨੀਤੀ-ਸ਼ਾਸਤਰ ਦੀ ਡਿਗਰੀ ਲਈ ਜਿਸ ਨੂੰ ਇਸ ਪੀਠ ਵਿਚ ਸ਼ਾਸਤਰੀ ਕਿਹਾ ਜਾਂਦਾ ਸੀ। ਲਾਲ ਬਹਾਦਰ ਨੇ ਆਪਣੇ ਨਾਂ ਪਿਛੇ ਜੁੜਦੀ ਗੋਤ ਵਰਮਾ ਛੱਡ ਕੇ ਸ਼ਾਸਤਰੀ ਲਾਉਣਾ ਸ਼ੁਰੂ ਕਰ ਦਿੱਤਾ। ਅੱਜ ਕਲ੍ਹ ਵਿਸ਼ੇਸ਼ਣ ਵਜੋਂ ਸ਼ਾਸਤਰੀ ਦਾ ਅਰਥ ਅੰਗਰੇਜ਼ੀ ਕਲਾਸੀਕਲ ਜਿਹਾ ਵੀ ਲਿਆ ਜਾਣ ਲੱਗਾ ਹੈ। ਰਾਗਾਂ 'ਤੇ ਆਧਾਰਤ ਸੱਤ ਸੁਰਾਂ ਵਾਲੇ ਉਤਰੀ ਭਾਰਤ ਦੇ ਸੰਗੀਤ ਨੂੰ ਸ਼ਾਸਤਰੀ ਸੰਗੀਤ ਜਾਂ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਕਿਹਾ ਜਾਂਦਾ ਹੈ। ਇਹ ਬਾਰ੍ਹਵੀਂ ਸਦੀ ਵਿਚ ਕਰਨਾਟਕ ਸੰਗੀਤ ਤੋਂ ਵੱਖ ਹੋਇਆ।

ਸ਼ਾਸਤਰ ਸ਼ਬਦ ਵਿਚ ਸੰਸਕ੍ਰਿਤ 'ਸ਼ਾਸ' ਬੋਲਦਾ ਹੈ ਜਿਸ ਵਿਚ ਹੁਕਮ ਚਾੜ੍ਹਨ, ਆਦੇਸ਼ ਦੇਣ, ਸਜ਼ਾ ਜਾਂ ਦੰਡ ਦੇਣ ਦਾ ਭਾਵ ਹੈ। ਗੁਰੂ ਨਾਨਕ ਦੇਵ ਨੇ 'ਸਾਸ' ਦੇ ਸ਼ਬਦ ਜੋੜਾਂ ਵਿਚ ਇਹ ਸ਼ਬਦ ਵਰਤਿਆ ਹੈ, "ਪੰਡਿਤ ਸੰਗਿ ਬਸਹਿ ਜਨ ਮੂਰਖ ਆਗਮ ਸਾਸ ਸੁਨੇ।" ਰਿਗ ਵੇਦ ਵਿਚ ਇਸ ਤੋਂ ਬਣੇ ਸ਼ਾਸਤਿ ਵਿਚ ਵੀ ਲਗਭਗ ਇਹੋ ਭਾਵ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਾਸਤ ਸ਼ਬਦ ਵੀ ਆਇਆ ਹੈ। ਪ੍ਰਾਕ੍ਰਿਤ ਵਿਚ ਇਸ ਦਾ ਰੂਪ ਸਾਸਇ ਜਿਹਾ ਹੈ। ਹਿੰਦੀ ਵਿਚ ਸਾਸਨਾ ਦਾ ਅਰਥ ਸਜ਼ਾ ਦੇਣਾ, ਡਾਂਟਣਾ, ਝਿੜਕਣਾ, ਧਮਕਾਉਣਾ ਵੀ ਹੈ, 'ਬਹੁ ਸਾਸਨਾ ਦਈ ਪੈਹਲਦਿ, ਤਊ ਸਿੱਕ ਲਿਓ।' ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਹ ਸ਼ਬਦ ਆਉਂਦਾ ਹੈ, 'ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ॥' ਹੋਰ ਦੇਖੋ, 'ਸਾਸਨਾ ਤੇ ਬਾਲਕੁ ਗਮੁ ਨ ਕਰੈ॥' (ਗੁਰੂ ਅਰਜਨ ਦੇਵ)

ਅਸਲ ਵਿਚ ਸ਼ਾਸਨ ਸ਼ਬਦ ਸੰਸਕ੍ਰਿਤ ਵਿਚ ਸ਼ਾਸਨ ਹੈ ਜਿਸ ਦੀ ਵਰਤੋਂ ਅੱਜ ਕਲ੍ਹ ਹੁੰਦੀ ਹੈ। ਸ਼ਾਸਨ ਵਿਚ ਵੀ ਇਹੋ ਭਾਵ ਹਨ ਅਰਥਾਤ ਹੁਕਮ, ਹੁਕਮਨਾਮਾ, ਆਦੇਸ਼; ਅਧਿਆਪਨ, ਦੰਡ ਦੇਣ; ਰਾਜ ਕਰਨ। ਅੱਜ ਕਲ੍ਹ ਇਸ ਦੀ ਬਹੁਤੀ ਵਰਤੋਂ ਰਾਜ ਜਾਂ ਹਕੂਮਤ ਕਰਨ ਦੇ ਅਰਥਾਂ ਵਿਚ ਹੁੰਦੀ ਹੈ। ਸ਼ਾਸਨ ਤੋਂ ਬਣੇ ਪ੍ਰਸ਼ਾਸਨ ਦਾ ਅਰਥ ਆਮ ਰਾਜ ਪ੍ਰਬੰਧ ਹੈ। ਇਸ ਤੋਂ ਦੁਸ਼ਾਸਨ ਸ਼ਬਦ ਬਣਿਆ ਅਰਥਾਤ ਮਾੜਾ ਰਾਜ। ਧ੍ਰਿਤਰਾਸ਼ਟਰ ਦੇ ਪੁੱਤਰ ਦਾ ਨਾਂ ਦੁਸ਼ਾਸਨ ਸੀ ਪਰ ਇਸ ਨਾਂ ਦਾ ਅਰਥ ਜ਼ਬਰਦਸਤ ਜਾਂ ਕਠੋਰ ਸ਼ਾਸਕ ਹੈ। ਇਸ ਨੇ ਦਰੋਪਤੀ ਨੂੰ ਵਾਲਾਂ ਤੋਂ ਫੜ੍ਹ ਕੇ ਦਰਬਾਰ ਵਿਚ ਲਿਆਂਦਾ ਸੀ, 'ਦੁਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰਿਅਲੇ।' (ਭਗਤ ਨਾਮਦੇਵ)

ਸ਼ਾਸ ਤੋਂ ਭੂਤਕਾਲੀ ਕ੍ਰਿਆ ਬਣੀ 'ਸ਼ਿਸ਼ਟ' ਜਿਸ ਦਾ ਅਰਥ ਹੈ, 'ਪੜ੍ਹਾਇਆ, ਸਿਖਾਇਆ, ਸਿਖਿਅਤ, ਅਨੁਸ਼ਾਸਿਤ।' ਸ਼ਿਸ਼ਟ ਦਾ ਅਰਥ ਪੜ੍ਹਿਆ-ਲਿਖਿਆ, ਵਿਦਵਾਨ ਵੀ ਹੈ। ਧਿਆਨ ਦਿਓ, ਪਿਛੇ ਅਸੀਂ ਅਨੁਸ਼ਾਸਨ ਸ਼ਬਦ ਵਰਤਿਆ ਹੈ, ਇਸ ਵਿਚ ਵੀ ਸ਼ਾਸਨ ਸ਼ਬਦ ਝਲਕਦਾ ਹੈ। ਅਨੁਸ਼ਾਸਨ ਅਰਥਾਤ ਸ਼ਾਸਨ ਦੇ ਅਨੁਸਾਰ ਚਲਣਾ, ਜ਼ਾਬਤੇ ਵਿਚ ਰਹਿਣ ਤੋਂ ਭਾਵ। ਸ਼ਾਸ ਤੋਂ ਅੱਗੇ ਸ਼ਿਸ਼ ਬਣਿਆ ਜਿਸ ਦਾ ਅਰਥ ਸ਼ਾਗਿਰਦ, ਮੁਰੀਦ, ਚੇਲਾ, ਵਿਦਿਆਰਥੀ ਹੁੰਦਾ ਹੈ।

ਚਰਚਾ ਵਿਚ ਆਏ ਸ਼ਬਦਾਂ ਦੇ ਭਾਵ ਯਾਨਿ ਦੰਡ, ਸਜ਼ਾ, ਜ਼ਬਤ, ਉਪਦੇਸ਼, ਅਧਿਆਪਨ, ਪੜ੍ਹਾਉਣ, ਹੁਕਮ, ਹੁਕਮਨਾਮਾ, ਰਾਜ ਜਾਂ ਸ਼ਾਸਨ ਆਦਿ ਅੰਤਰ-ਸਬੰਧਤ ਹਨ। ਰਾਜੇ ਨੂੰ ਦੰਡ ਧਰ ਮਤਲਬ ਸੋਟੇ ਵਾਲਾ ਵੀ ਕਿਹਾ ਜਾਂਦਾ ਸੀ। ਦੰਡ/ਡੰਡਾ ਪ੍ਰਭੁਤਾ ਦਾ ਪ੍ਰਤੀਕ ਹੈ। ਨਿਰੰਕੁਸ਼ ਰਾਜਾ ਸ਼ਕਤੀ ਦੇ ਇਸ ਪ੍ਰਤੀਕ ਨੂੰ ਆਪਣੇ ਹੱਥ ਵਿਚ ਰੱਖਿਆ ਕਰਦਾ ਸੀ। ਅੰਗਰੇਜ਼ੀ ਵਿਚ ਇਸ ਨੂੰ Sceptre/Scepter ਵੀ ਕਿਹਾ ਜਾਂਦਾ ਹੈ। ਇਸੇ ਦੀ ਵਰਤੋਂ ਨਾਲ ਸਮਾਜ ਜਾਂ ਪਰਜਾ ਵਿਚ ਕਾਇਦਾ ਕਾਨੂੰਨ ਲਾਗੂ ਕੀਤਾ ਜਾ ਸਕਦਾ ਸੀ। ਸਬਕ ਸਿਖਾਉਣ ਦਾ ਮਤਲਬ ਕਿਸੇ ਨੂੰ ਗਲਤ ਕੰਮ ਦੀ ਸਜ਼ਾ ਦੇਣਾ ਹੁੰਦਾ ਹੈ। ਅਰਬੀ ਰਾਹੀਂ ਆਏ ਗਰੀਕ ਸ਼ਬਦ ਕਾਨੂੰਨ ਦਾ ਆਮ ਅਰਥ ਕਾਇਦਾ, ਨਿਯਮ ਅਤੇ ਮੁਢਲਾ ਅਰਥ ਡੰਡਾ ਹੈ। ਨਿਯਮ, ਹੁਕਮ, ਸਜ਼ਾ, ਸਿਖਿਆ ਅੰਤਰ-ਸਬੰਧਤ ਸੰਕਲਪ ਹਨ। ਰੂਲ/ਰੂਲਰ ਸ਼ਾਸਨ/ਸ਼ਾਸਕ ਦਾ ਵੀ ਬੋਧਕ ਹੈ ਤੇ ਡੰਡੇ ਦਾ ਵੀ। ਸਕੂਲਾਂ ਵਿਚ ਸਜ਼ਾ ਵਜੋਂ ਬਥੇਰਿਆਂ ਨੇ ਮਾਸਟਰਾਂ ਤੋਂ ਰੂਲਾਂ ਦੀ ਮਾਰ ਖਾਧੀ ਹੋਵੇਗੀ।

---

# ਫੌਜਾਂ ਜਿੱਤ ਕੇ ਅੰਤ ਨੂੰ...

(ਪਿਛਲੇ ਸਫੇ ਦੀ ਬਾਕੀ)

ਉਚੀ-ਉਚੀ ਚੰਘਿਆੜਾਂ ਅਸੀਂ ਪਾ ਰਹੇ ਸਾਂ, ਗੀਤ ਗਾ ਰਹੇ ਸਾਂ। ਸਾਰਾ ਪਰਿਵਾਰ ਸਾਡੇ ਨਿੱਕੇ ਜਿਹੇ ਘਰ ਵਿਚ ਉਨ੍ਹਾਂ ਵਕਤਾਂ ਦੇ ਵੱਡੇ ਰੇਡੀਓ ਸੈੱਟ ਦੇ ਇਰਦ ਗਿਰਦ ਬੈਠਾ ਕੁਮੈਂਟਰੀ ਸੁਣ ਰਿਹਾ ਸੀ, ਪੂਰੇ ਬਰਾਜ਼ੀਲ ਦੇ ਹਰ ਇਕ ਘਰ ਵਾਂਗ।

ਸਾਡੇ ਪਿੰਡ ਤੋਂ 300 ਮੀਲ ਦੂਰ ਰਾਜਧਾਨੀ ਵਿਚ ਬਰਾਜ਼ੀਲ ਅਤੇ ਉਰੂਗੁਏ ਵਿਚਾਲੇ ਫਾਈਨਲ ਮੁਕਾਬਲਾ ਚਲ ਰਿਹਾ ਸੀ। ਸਾਡੀ ਟੀਮ ਬਿਹਤਰ ਸੀ। ਦੂਜੇ ਅੱਧ ਦੀ ਖੇਡ ਲਈ ਟੀਮਾਂ ਵਾਪਸ ਮੈਦਾਨ ਅੰਦਰ ਪਰਤੀਆਂ ਹੀ ਸਨ ਕਿ ਸਾਡੇ ਖਿਡਾਰੀ ਫਰਿਆਕਾ ਨੇ ਗੋਲ ਦਾਗ ਦਿੱਤਾ। ਮੈਂ ਉਦੋਂ ਮਹਿਜ਼ 9 ਵਰ੍ਹਿਆਂ ਦਾ ਸਾਂ, ਪਰ ਵਡੇਰਿਆਂ ਦੇ ਮੂੰਹੋਂ ਉਸ ਗੋਲ ਬਾਰੇ ਸੁਣਦਿਆਂ ਜਿਸ ਕਿਸਮ ਦੀ ਖੁਸ਼ੀ ਅਤੇ ਜਿਸ ਕਿਸਮ ਦਾ ਮਾਣ ਮੈਨੂੰ ਮਹਿਸੂਸ ਹੋਇਆ, ਉਹ ਅਹਿਸਾਸ ਬਾਅਦ ਦੀ ਸਾਰੀ ਉਮਰ ਕਦੀ ਵੀ ਭੁੱਲਿਆ ਨਾ। ਬਰਾਜ਼ੀਲ ਦੀ ਪਿਆਰੀ ਮਾਂ ਭੂਮੀ ਅਤੇ ਫੁੱਟਬਾਲ ਦੀ ਖੇਡ, ਮੇਰੀ ਜ਼ਿੰਦਗੀ ਦੇ ਦੋਵੇਂ ਇਸ਼ਕ ਇਕ ਦੂਜੇ ਵਿਚ ਆਤਮਸਾਤ ਹੋਏ ਮੈਨੂੰ ਉਸ ਪਲ ਮਹਿਸੂਸ ਹੋਏ,

ਪਰ ਇਹ ਅਨੋਖੀ ਅਤੇ ਇੰਤਹਾ ਦੀ ਖੁਸ਼ੀ ਕੇਵਲ 19 ਮਿੰਟਾਂ ਤੱਕ ਹੀ ਬਣੀ ਰਹੀ। ਇੰਤਹਾ ਦੀ ਬੇਵਸੀ ਅਤੇ ਦਰਦ ਦੇ ਪਲ ਤਾਂ ਅਜੇ ਇਸ ਤੋਂ ਪਿੱਛੋਂ ਸਾਹਮਣੇ ਆਉਣੇ ਸਨ।"

ਪੁਸਤਕ ਦੇ ਅਗਲੇ ਕਾਂਡ ਵਿਚ ਪੇਲੇ ਦਸਦਾ ਹੈ ਕਿ ਉਰੂਗੁਏ ਦੇ ਖਿਡਾਰੀ ਰੋਸਾਨਾ ਸਕਿਆਫੀਨੋ ਨੇ ਕਿਵੇਂ ਪਹਿਲਾ ਗੋਲ ਉਤਾਰਿਆ ਤੇ ਫਿਰ ਮੈਚ ਦੇ ਅੰਤਿਮ ਪਲਾਂ ਵਿਚ ਕੀਗੀਆ ਨੇ ਉਨ੍ਹਾਂ ਵੱਲੋਂ ਜਦੋਂ ਜੇਤੂ ਗੋਲ ਕੀਤਾ ਤਾਂ ਉਸ ਦੇ ਪਿਤਾ ਸਮੇਤ ਪਰਿਵਾਰ ਮੈਂਬਰਾਂ ਦੀ ਮਨੋਅਵਸਥਾ ਡੂੰਘੀ ਰਸਾਤਲ 'ਚ ਕਿਵੇਂ ਡਿੱਗੀ ਅਤੇ ਪੂਰੇ ਬਰਾਜ਼ੀਲ ਅੰਦਰ ਕਬਰਾਂ ਵਰਗੀ ਭਿਆਨਕ ਸੁੰਨ ਮਸਾਣ ਵਿਆਪ ਕਿਵੇਂ ਗਈ ਸੀ। ਬਰਾਜ਼ੀਲੀਅਨ ਗੋਲ ਤੋਂ ਬਾਅਦ ਉਸ ਦਾ ਬਾਪ ਅਤੇ ਉਸ ਦੇ ਮਿੱਤਰ ਅਗੇਤੇ ਜਸ਼ਨਾਂ ਵਜੋਂ ਬੀਅਰ ਸਿੱਪ ਕਰ ਰਹੇ ਸਨ, ਗੱਪਾਂ ਮਾਰ ਰਹੇ ਸਨ। ਰੇਡੀਓ ਕੁਮੈਂਟਰੀ ਵੱਲ ਵੀ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ। ਉਨ੍ਹਾਂ ਦੀ ਜਾਣੇ ਬਰਾਜ਼ੀਲੀਅਨ ਟੀਮ ਜਿੱਤ ਗਈ ਹੋਈ ਸੀ, ਮਹਿਜ਼ ਰਸਮੀ ਐਲਾਨ ਹੋਣਾ ਬਾਕੀ ਸੀ, ਪਰ ਪਿਛੋਂ ਐਲਾਨ ਜੋ ਹੋਇਆ, ਉਸ ਤੋਂ ਬਾਅਦ ਬੀਅਰ ਕਿਸੇ ਨੇ ਪੀਤੀ ਨਹੀਂ ਸੀ; ਕੋਈ ਪੀ ਸਕਿਆ ਹੀ ਨਹੀਂ ਸੀ।

ਹੁਣ ਉਹ ਉਨ੍ਹਾਂ ਸੰਭਾਵੀ ਕਾਰਨਾਂ ਦੀ ਤਲਾਸ਼ ਕਰਦਾ ਹੈ ਕਿ ਇਹ ਭਾਣਾ ਵਾਪਰਿਆ ਕਿਵੇਂ, ਉਨ੍ਹਾਂ ਦੀ ਅਜਿਹੀ ਜ਼ਬਰਦਸਤ ਟੀਮ ਚਿੜੀ ਦੇ ਪੋਂਚੇ ਜਿੱਡੇ ਛੋਟੇ ਜਿਹੇ ਅਤੇ ਗੁੰਮਨਾਮ ਜਿਹੇ ਦੇਸ਼ ਦੀ ਟੀਮ ਤੋਂ ਆਖਰ ਹਾਰ ਕਿਵੇਂ ਗਈ। ਪੁਸਤਕ ਦੇ ਪਹਿਲੇ ਭਾਗ ਦੇ 12ਵੇਂ ਕਾਂਡ ਵਿਚ ਉਹ ਦੱਸਦਾ ਹੈ-- "16 ਜੁਲਾਈ 1950 ਦੇ ਦਿਨ ਉਰੂਗੁਏ ਦੇ ਖਿਡਾਰੀ ਸਵੇਰੇ-ਸਵੇਰੇ ਆਪਣਾ ਨਾਸ਼ਤਾ ਲੈ ਰਹੇ ਸਨ। ਉਨ੍ਹਾਂ ਦੇ ਸਫਾਰਤਖਾਨੇ ਵਿਚ ਤਾਇਨਾਤ ਕੌਂਸਲਰ ਮੈਨੁਇਲ ਕਬਾਲੇਰੋ ਸਥਾਨਕ ਅਖਬਾਰਾਂ ਦਾ ਬੰਡਲ ਚੁੱਕੀ ਅਚਾਨਕ ਉਨ੍ਹਾਂ ਦੇ ਹੋਟਲ ਰੂਮ ਵਿਚ ਦਾਖਲ ਹੋਇਆ। ਕਮਰੇ ਵਿਚ ਵੜਦੇ ਸਾਰ ਉਸ ਨੇ ਕਿਹਾ ਕਿ ਉਹ ਟੀਮ ਦੀ ਹਾਰ ਦਾ ਮਾਤਮ ਮਨਾਉਣ ਆਇਆ ਹੈ। ਇਸ ਦੇ ਨਾਲ ਹੀ ਉਹਨੇ 'ਬਰਾਜ਼ੀਲ ਵਿਸ਼ਵ ਫੁੱਟਬਾਲ ਚੈਂਪੀਅਨ ਬਣਨ ਜਾ ਰਿਹਾ ਹੈ' ਦੀ ਮੁੱਖ ਸੁਰਖੀ ਵਾਲੀਆਂ ਅਖਬਾਰਾਂ ਉਨ੍ਹਾਂ ਅੱਗੇ ਰੱਖ ਦਿੱਤੀਆਂ। ਪਲ ਭਰ ਲਈ ਤਾਂ ਸੰਨਾਟਾ ਜਿਹਾ ਛਾਇਆ, ਪਰ ਜਦੋਂ ਉਨ੍ਹਾਂ ਦੀ ਟੀਮ ਦਾ ਸਭ ਤੋਂ ਜ਼ਬਰਦਸਤ ਸਮਝਿਆ ਜਾਂਦਾ ਯੂਸੇਬੀਓ ਤਰੇਜਾ ਨਾਂ ਦਾ ਖਿਡਾਰੀ ਉਠਿਆ। ਉਹਨੇ ਜਦੋਂ ਹੀ ਐਲਾਨ ਕੀਤਾ- 'ਨਹੀਂ! ਬਿਲਕੁਲ ਨਹੀਂ! ਬਰਾਜ਼ੀਲ ਵਿਸ਼ਵ ਕੱਪ ਚੈਂਪੀਅਨ ਨਹੀਂ ਹੈ, ਇਹ ਅਸੀਂ ਉਨ੍ਹਾਂ ਨੂੰ ਗਰਾਊਂਡ ਅੰਦਰ ਜਾ ਕੇ ਦੱਸਾਂਗੇ ਕਿ ਵਿਸ਼ਵ ਚੈਂਪੀਅਨ ਕੌਣ ਹੈ'।"

... ਤੇ ਅਗਾਂਹ ਫਿਰ ਸਭ ਨੂੰ ਪਤਾ ਹੈ ਕਿ ਉਸ ਦਿਨ ਚੈਂਪੀਅਨ ਬਣਿਆ ਕਿਹੜਾ ਅਤੇ ਕਿੰਜ ਬਣਿਆ। ਪੇਲੇ ਦੇ ਦੱਸਣ ਅਨੁਸਾਰ, ਉਸ ਹਾਰ ਦਾ ਬਰਾਜ਼ੀਲ ਵਾਸੀਆਂ ਨੇ ਦੁੱਖ ਇੰਨਾ ਗਹਿਰਾ ਮੰਨਿਆ ਕਿ ਅਗਲੇ ਅਨੇਕਾਂ ਵਰ੍ਹੇ ਉਨ੍ਹਾਂ ਦੀ ਸਮੂਹਿਕ ਚੇਤਨਾ ਵਿਚੋਂ ਉਸ ਦਾ ਦਰਦ ਖਤਮ ਨਹੀਂ ਸੀ ਹੋਇਆ। ਉਨ੍ਹਾਂ ਦੀਆਂ ਟੀਮਾਂ ਵੱਲੋਂ ਤਿੰਨ ਵਾਰ ਵਿਸ਼ਵ ਕੱਪ ਜਿੱਤਣ ਪਿਛੋਂ ਵੀ ਉਸ ਹਾਰ ਨੂੰ ਚੇਤੇ ਕਰਦਿਆਂ ਹੌਲ ਉਨ੍ਹਾਂ ਮਨਾਂ ਅੰਦਰ ਕਿਵੇਂ ਪੈਂਦੇ ਰਹੇ ਸਨ!

ਬਰਾਜ਼ੀਲ ਦੀ ਉਸ ਮਹਾਨ ਟੀਮ ਵਿਚ ਬਾਰਬੋਜ਼ਾ ਆਪਣੇ ਸਮਿਆਂ ਦਾ ਸਭ ਤੋਂ ਜਾਂਬਾਜ਼ ਗੋਲਕੀਪਰ ਸੀ, ਪਰ ਉਸ ਹਾਰ ਤੋਂ ਬਾਅਦ ਬਹੁਤੇ ਬਰਾਜ਼ੀਲੀਅਨ ਲੋਕ ਉਸ ਨੂੰ ਨਹਿਸ਼ ਹੀ ਮੰਨਣ ਲੱਗ ਪਏ ਸਨ। ਮਸਲਨ, ਪੇਲੇ ਆਪਣੀ ਪੁਸਤਕ ਦੇ ਪੰਨਾ 49 ਉਪਰ ਦੱਸਦਾ ਹੈ ਕਿ '1994 ਵਿਚ ਬਰਾਜ਼ੀਲ ਨੂੰ ਵਿਸ਼ਵ ਕੱਪ ਜਿੱਤਿਆਂ ਪੂਰੇ 24 ਵਰ੍ਹੇ ਹੋ ਗਏ ਸਨ। 90 ਵਿਆਂ ਵਿਚ ਜੀਕੋ ਅਤੇ ਸੌਕਰੇਟਸ ਵਰਗੇ ਦੰਤ-ਕਥਾਈ ਪ੍ਰਤਿਭਾ ਵਾਲੇ ਖਿਡਾਰੀ ਕੱਪ ਚੁੱਕਣ ਵਿਚ ਨਾਕਾਮ ਰਹੇ ਸਨ। ਉਨ੍ਹਾਂ ਦੀ ਜਗ੍ਹਾ ਰੋਮਾਰੀਓ ਅਤੇ ਬੈਬੀਟੋ ਵਰਗੇ ਤੂਫਾਨੀ ਖਿਡਾਰੀ ਆ ਗਏ ਸਨ। ਬਰਾਜ਼ੀਲ ਦੇ ਤਰੇਸੋਪੋਲਿਸ ਨਗਰ ਵਿਚ ਟ੍ਰੇਨਿੰਗ ਕੈਂਪ ਚਲ ਰਿਹਾ ਸੀ ਅਤੇ ਅਗਲੇ ਦਿਨ ਵਿਸ਼ਵ ਕੱਪ ਮੁਹਿੰਮ ਵਿਚ ਕਿਸਮਤ ਅਜ਼ਮਾਈ ਲਈ ਉਨ੍ਹਾਂ ਰਵਾਨਾ ਹੋ ਜਾਣਾ ਸੀ। ਬਾਰਬੋਜ਼ਾ ਉਨ੍ਹਾਂ ਨੂੰ ਸ਼ੁਭ ਇੱਛਾਵਾਂ ਦੇਣ ਲਈ ਉਥੇ ਪਹੁੰਚਦਾ ਹੈ, ਪਰ ਸਥਿਤੀ ਦੇ ਵਿਅੰਗ ਦੀ ਇੰਤਹਾ ਜ਼ਰਾ ਦੇਖੋ ਕਿ ਪ੍ਰਬੰਧਕ ਅਤੇ ਖਿਡਾਰੀ ਉਸ ਨੂੰ ਮਨਹੂਸ ਮੰਨਦਿਆਂ ਉਸ ਨੂੰ ਮੱਥੇ ਲੱਗਣ ਤੋਂ ਮਨ੍ਹਾਂ ਕਰ ਦਿੰਦੇ ਹਨ। ਅਪਰੈਲ 2000 ਵਿਚ ਉਸ ਭਲੇ ਪੁਰਸ਼ ਦਾ ਦੇਹਾਂਤ ਹੋਇਆ ਅਤੇ ਪੇਲੇ ਦੇ ਦੱਸਣ ਅਨੁਸਾਰ, ਉਸ ਨਾਲ ਉਸ ਦੀ ਬਹੁਤ ਮੁਹੱਬਤ ਸੀ ਅਤੇ ਉਹ ਅਕਸਰ ਹੀ ਕਹਿੰਦਾ ਰਿਹਾ ਸੀ ਕਿ ਬਰਾਜ਼ੀਲ ਵਿਚ ਕਿਸੇ ਵੀ ਵੱਡੇ ਜੁਰਮ ਲਈ ਵੱਧ ਤੋਂ ਵੱਧ ਸਜ਼ਾ 30 ਸਾਲ ਹੈ, ਮੈਂ ਕਦੀ ਕੋਈ ਜੁਰਮ ਤਾਂ ਕੀਤਾ ਨਹੀਂ, ਪਰ 30 ਸਾਲਾਂ ਤੋਂ ਕਿਤੇ ਵੱਧ ਸਜ਼ਾ ਮੈਂ ਕੱਟ ਲਈ ਹੈ।"

ਤੇ ਫਿਰ ਪੁਸਤਕ ਦੇ ਇਸੇ ਪੰਨੇ ਉਪਰ ਉਹ ਇਕ ਹੋਰ ਮਹਾਨ ਖਿਡਾਰੀ ਜਿੰਜਿਨਹੋ ਨੂੰ ਇਸ ਪ੍ਰਕਾਰ ਕੋਟ ਕਰਦਾ ਹੈ ਜਿਸ ਦਾ ਕਹਿਣਾ ਸੀ ਕਿ ਖੇਡ ਖੇਡ ਹੁੰਦੀ ਹੈ, ਉਸ ਨੂੰ ਖੇਡ ਦੀ ਭਾਵਨਾ ਨਾਲ ਹੀ ਲੈਣਾ ਹੁੰਦਾ ਹੈ। ਬਾਰਬੋਜ਼ਾ, ਹੋਰ ਖਿਡਾਰੀਆਂ ਜਾਂ ਕੋਚ ਦਾ ਅਕਸਰ ਕਦੀ ਵੀ ਕੋਈ ਕਸੂਰ ਨਹੀਂ ਹੁੰਦਾ, ਸਭ ਤੋਂ ਵੱਧ ਕਸੂਰ ਤਾਂ ਉਨ੍ਹਾਂ ਖੁਦਪ੍ਰਸਤ ਸਿਆਸਤਦਾਨਾਂ, ਖੱਪੀ ਪੱਤਰਕਾਰਾਂ ਦਾ ਹੁੰਦਾ ਹੈ ਜੋ ਖੇਡ ਨੂੰ ਖੇਡ ਰਹਿਣ ਨਹੀਂ ਦਿੰਦੇ। ਮੀਡੀਆ ਅਜਿਹੀ ਹਵਾ ਚਲਾ ਦਿੰਦੇ ਹਨ ਕਿ ਖਿਡਾਰੀਆਂ ਕੋਲੋਂ ਤਣਾਅਮੁਕਤ ਹੋ ਕੇ ਖੇਡਿਆ ਹੀ ਨਹੀਂ ਜਾਂਦਾ, ਤੇ ਫਿਰ ਕਈ ਵਾਰ ਅਜਿਹਾ ਭਾਣਾ ਵਾਪਰ ਜਾਂਦਾ ਹੈ ਜਿਸ ਤਰ੍ਹਾਂ ਅਜਿਹੇ ਹੀ ਪਿਛੋਕੜ ਵਿਚ ਜਰਮਨਾਂ ਨੇ ਬਰਾਜ਼ੀਲ ਦੀ ਧਰਤੀ ਉਪਰ 2014 ਦੇ ਵਿਸ਼ਵ ਕੱਪ ਫਾਈਨਲ ਦੌਰਾਨ ਬਾਖੂਬੀ ਵਰਤਾਇਆ। ਪੇਲੇ ਟੀਮ ਦੇ ਕੋਚ ਕੋਸਟਾ ਨੂੰ ਵੀ ਕੋਟ ਕਰਦਾ ਹੈ ਜਿਸ ਦਾ ਰੰਜ ਸੀ ਕਿ ਉਨ੍ਹਾਂ ਦੀ ਟੀਮ ਨੂੰ ਉਸ ਦਿਨ ਅਖਬਾਰਾਂ ਦੀ ਉਸ ਸੁਰਖੀ ਨੇ ਹਰਾਇਆ ਸੀ ਜਿਸ ਵਿਚ 'ਬਰਾਜ਼ੀਲ ਦੀ ਜਿੱਤ' ਮੈਚ ਤੋਂ ਪਹਿਲਾਂ ਹੀ ਲਿਖ ਦਿੱਤੀ ਹੋਈ ਸੀ। ਇਸੇ ਤਰ੍ਹਾਂ ਬਾਰਬੋਜ਼ਾ ਦੇ ਦੱਸਣ ਅਨੁਸਾਰ, ਉਸ ਦੀ ਜ਼ਿੰਦਗੀ ਦਾ ਸਭ ਤੋਂ ਭਿਆਨਕ ਦਿਨ 16 ਜੁਲਾਈ 1950 ਨਹੀਂ ਸੀ, ਬਲਕਿ ਉਸ ਤੋਂ ਪੂਰੇ 20 ਵਰ੍ਹੇ ਬਾਅਦ ਦੀ ਉਹ ਸਾਧਾਰਨ ਜਿਹੀ ਸ਼ਾਮ ਸੀ। ਉਹ ਕਿਸੇ ਸਟੋਰ ਵਿਚ ਖੜ੍ਹਾ ਸੀ। ਕੋਈ ਸਾਧਾਰਨ ਔਰਤ ਆਪਣੇ ਨੰਨ੍ਹੇ ਬੱਚੇ ਨਾਲ ਸਹਿਵਨ ਉਥੇ ਆਈ। ਉਹਨੇ ਚੰਗੀ ਤਰ੍ਹਾਂ ਸੁਣਿਆ, ਉਹ ਔਰਤ ਬੱਚੇ ਨੂੰ ਦੱਸ ਰਹੀ ਸੀ- "ਐਧਰ ਦੇਖ ਅਹੁ ਹੈ ਉਹ ਸਖਸ਼, ਜਿਸ ਨੇ ਕਦੀ ਸਮੁੱਚੀ ਬਰਾਜ਼ੀਲੀਅਨ ਕੌਮ ਦੀਆਂ ਚੀਕਾਂ ਕਢਵਾਈਆਂ ਸਨ।"

ਇਸੇ ਪ੍ਰਥਾਏ ਬਰਾਇਨ ਵਿਟਿਰ ਨੂੰ ਆਪਣੀ ਬਹੁਤ ਹੀ ਰੌਚਿਕ ਜੀਵਨ ਕਥਾ ਦੇ ਰੂਪ ਵਿਚ ਸੁਣਾਈ ਹੋਈ ਗੱਲ ਪੁਸਤਕ ਦੇ ਪੰਨਾ 285 ਉਪਰ ਹੈ। ਲੇਖਕ ਉਸ ਨੂੰ ਪੁੱਛਦਾ ਹੈ- "ਬਰਾਜ਼ੀਲੀ ਫੁੱਟਬਾਲ ਦੇ ਇਤਿਹਾਸ ਵਿਚ ਪੇਲੇ ਦੀ ਰਾਇ ਅਨੁਸਾਰ ਸਭ ਤੋਂ ਚਮਤਕਾਰੀ ਅਤੇ ਯਾਦਗਾਰੀ ਗੋਲ ਕਿਹੜਾ ਸੀ?"

ਕੀ ਇਹ 1958 ਦੇ ਪੇਲੇ ਵਾਲੇ ਵਿਸ਼ਵ ਕੱਪ ਦੌਰਾਨ ਮਹਾਨ ਰੂਸੀ ਗੋਲ ਕੀਪਰ ਲੇਵ ਯਾਸ਼ੀਨ ਵਿਰੁਧ ਗੀਗੀ ਵੱਲੋਂ ਦਾਗਿਆ 'ਰਾਕਟ ਨੁਮਾ' ਗੋਲ ਸੀ? ਕੀ ਇਹ ਸਦੀ ਦੀ ਸਭ ਤੋਂ ਹੁਸੀਨ, 1970 ਦੀ ਬਰਾਜ਼ੀਲੀਅਨ ਟੀਮ ਵੱਲੋਂ ਇਟਲੀ ਵਿਰੁਧ ਫਾਈਨਲ ਵਿਚ ਖੁਦ ਪੇਲੇ ਦੇ ਪਾਸ 'ਤੇ ਕਾਰਲੋਸ ਅਲਬਰੇਟੋ ਵੱਲੋਂ ਕੀਤਾ ਮੈਚ ਦਾ ਅਖ਼ਰੀ ਗੋਲ ਸੀ, ਜਾਂ ਫਿਰ 1958 ਦੇ ਫਾਈਨਲ ਵਿਚ ਮੇਜ਼ਬਾਨ ਸਵੀਡਨ ਦੀ ਟੀਮ ਵਿਰੁਧ 17 ਸਾਲਾਂ ਦੀ ਉਮਰ ਦੇ ਪੇਲੇ ਵੱਲੋਂ ਹੈਡਰ ਮਾਰ ਕੇ ਵਿਰੋਧੀ ਨੈੱਟ ਵਿਚ ਸੁੱਟਿਆ, ਜਾਨੀ ਖੁਦ ਉਸ ਦਾ ਗੋਲ ਸੀ। ਪੇਲੇ ਪਤੈ ਜੋ ਕਹਿੰਦਾ ਹੈ, ਕਾਫੀ ਦਿਲਚਸਪ ਹੈ। ਇਨ੍ਹਾਂ ਸਾਰੇ ਅਤੇ ਅਜਿਹੇ ਹੋਰ ਵੀ ਬਥੇਰੇ ਗੋਲਾਂ ਵਿਚੋਂ ਕੋਈ ਵੀ ਨਹੀਂ! ਜਿਹੜੇ ਗੋਲ ਨੂੰ ਸਾਰਾ ਬਰਾਜ਼ੀਲ ਅੱਜ ਵੀ ਯਾਦ ਕਰਦਾ ਹੈ, ਇਹ ਉਹ ਹੀ ਗੋਲ ਸੀ ਜੋ ਉਸ ਦਿਨ, 1950 ਦੇ ਵਿਸ਼ਵ ਕੱਪ ਫਾਈਨਲ ਮੁਕਾਬਲੇ ਦੌਰਾਨ ਮਾਰਕਾਨਾ ਸਟੇਡੀਅਮ ਅੰਦਰ ਉਨ੍ਹਾਂ ਦੀ ਟੀਮ ਵਿਰੁਧ ਕੀਗੀਆ ਵੱਲੋਂ ਕੀਤਾ ਗਿਆ ਸੀ।

(ਚਲਦਾ)

# ਸੁੱਕੇ ਪੱਤਿਆਂ ਜਿਹੇ ਬਜ਼ੁਰਗ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਦਰਖਤਾਂ ਦੇ ਸੁੱਕੇ ਪੱਤਿਆਂ ਦੇ ਹਵਾਲੇ ਨਾਲ ਬਜ਼ੁਰਗਾਂ ਦੇ ਜੀਵਨ ਦੀ ਗਾਥਾ ਬਿਆਨੀ ਹੈ। ਉਨ੍ਹਾਂ ਨਸੀਹਤ ਦਿੱਤੀ ਹੈ, "ਸੁੱਕੇ ਪੱਤਿਆਂ ਵਰਗੇ ਬਜ਼ੁਰਗਾਂ ਨੂੰ ਹੂੰਝ ਕੇ ਘਰਾਂ ਤੋਂ ਬਾਹਰ ਨਾ ਸੁੱਟੋ, ਇਨ੍ਹਾਂ ਤੁਹਾਡੇ ਜਾਇਆਂ ਲਈ ਸੋਚ-ਸੰਵੇਦਨਾ ਦੀ ਧਰਾਤਲ ਬਣਨਾ ਏ, ਤੀਸਰੀ ਪੀੜ੍ਹੀ ਨੂੰ ਅਮੀਰ ਵਿਰਸੇ ਅਤੇ ਪੁਰਾਤਨ ਵਿਰਾਸਤ ਦੀ ਗੁੜ੍ਹਤੀ ਦੇਣੀ ਏ, ਆਪਣੇ ਲਡਿੱਕਿਆਂ ਦੇ ਮਸਤਕ ਵਿਚ ਮਾਂ-ਬੋਲੀ ਲਈ ਲਾਡ ਉਪਜਾਉਣਾ ਏ ਅਤੇ ਨਿੱਕੀਆਂ ਨਿੱਕੀਆਂ ਕਹਾਣੀਆਂ ਨਾਲ ਇਨ੍ਹਾਂ ਨੂੰ ਵਰਚਾਉਣਾ, ਖਿਡਾਉਣਾ ਅਤੇ ਨੀਂਦ ਦੀ ਪਿਆਰੀ ਗੋਦ ਵਿਚ ਸੁਆਉਣਾ ਏ।" -ਸੰਪਾਦਕ***

ਹਵਾ ਵੱਗ ਰਹੀ ਏ। ਸੁੱਕੇ ਪੱਤਿਆਂ ਦੇ ਵਾ-ਵਰੋਲੇ ਰਾਹ ਰੋਕ ਰਹੇ ਅਤੇ ਕੁਝ ਖਲਾਅ ਵਿਚ ਲਟਕਦੇ ਆਪਣੀ ਹੋਂਦ 'ਤੇ ਪ੍ਰਸ਼ਨ ਖੁਣ ਰਹੇ। ਹਵਾ ਵਿਚ ਉਡਦੇ ਪੱਤੇ, ਬੜਾ ਕੁਝ ਮੇਰੇ ਅਵਚੇਤਨ ਵਿਚ ਧਰਦੇ, ਬਹੁਤ ਸਾਰੇ ਪ੍ਰਸ਼ਨ ਬੀਜਦੇ। ਸੋਚਦਾ ਹਾਂ, ਬਿਰਖ ਨਾਲੋਂ ਟੁੱਟਣ ਲੱਗਿਆਂ ਇਹ ਪੱਤੇ ਕੀ ਸੋਚਦੇ ਹੋਣਗੇ? ਇਨ੍ਹਾਂ ਦਾ ਸਹਿਜ ਅੰਤ ਇਨ੍ਹਾਂ ਨੂੰ ਕਿਹੜੇ ਅਣਜਾਣੇ ਰਾਹਾਂ ਵੰਨੀਂ ਲੈ ਤੁਰਿਆ ਏ?

ਬੜੇ ਉਦਾਸ ਨੇ ਬਿਰਖ, ਪੱਤਿਆਂ ਨਾਲੋਂ ਆਪਣਾ ਨਾਤਾ ਤੋੜਨ ਲੱਗਿਆਂ। ਆਪਣੇ ਪਿੰਡਿਆਂ 'ਤੇ ਲਹਿਰਾਉਣ ਅਤੇ ਖਿਡਾਉਣ ਵਾਲੇ ਬਿਰਖ ਨੂੰ ਕਿਆਸ ਵੀ ਨਹੀਂ ਸੀ ਕਿ ਲੂਲਾਂ ਵਾਂਗ ਲਟਕਦੇ ਇਨ੍ਹਾਂ ਪੱਤਿਆਂ ਨੂੰ ਕੁਦਰਤ ਵਲੋਂ ਰੁਖਸਤਗੀ ਦਾ ਸੱਦਾ ਮਿਲ ਗਿਆ ਸੀ ਅਤੇ ਇਨ੍ਹਾਂ ਨੇ ਸਹਿਜ ਭਾਅ ਆਪਣੀ ਅਲਵਿਦਾ ਨੂੰ ਮਾਣਿਆ ਏ।

ਬੜੇ ਖਾਮੋਸ਼ ਨੇ ਇਹ ਸੁੱਕੇ ਪੱਤੇ ਅਤੇ ਇਨ੍ਹਾਂ ਨੂੰ ਆਪਣੀ ਹੋਣੀ 'ਤੇ ਨਾਜ਼ ਏ। ਇਨ੍ਹਾਂ ਨੇ ਬਿਰਖ ਦੀ ਸ਼ਾਖ ਨਾਲੋਂ ਇਸ ਲਈ ਨਾਤਾ ਤੋੜਿਆ ਤਾਂ ਕਿ ਉਹ ਆਪਣੀ ਅਗਲੀ ਪੀੜ੍ਹੀ ਲਈ ਜਗ੍ਹਾ ਬਣਾ ਦੇਣ। ਨਵਿਆਂ ਨੂੰ ਖੁਸ਼ਆਮਦੀਦ ਕਹਿਣ ਲਈ ਆਪਣੇ ਆਪ ਨੂੰ ਪਾਸੇ ਕਰ ਲੈਣਾ ਨਰੋਈ ਅਤੇ ਕਾਰਗਰਦਗੀ ਭਰਪੂਰ ਕੁਰਬਾਨੀ। ਆਪਣੀ ਅਉਧ ਨੂੰ ਆਪਣੇ ਹੱਥੀਂ ਮੁਕਾ ਲੈਣਾ ਅਤੇ ਆਪਣੇ ਆਖਰੀ ਪਲਾਂ ਵਿਚ ਸੁਖਨ ਬੀਜਣਾ।

ਸੁੱਕੇ ਪੱਤਿਆਂ ਨੇ ਕਦੇ ਇਹ ਅਹਿਸਾਨ ਨਹੀਂ ਜਤਾਇਆ ਕਿ ਉਹ ਆਪਣੀ ਨਸਲ ਲਈ ਕੁਝ ਕਰ ਰਹੇ ਨੇ। ਉਹ ਤਾਂ ਹਵਾ ਦੇ ਕੰਧਾੜੇ ਚੜ੍ਹ ਲੋਰੀਆਂ ਮਾਣਦੇ, ਨਵੇਂ ਰਾਹਾਂ ਦੀ ਪੈੜ ਨੱਪਦੇ ਨੇ।

> ***ਸੁੱਕੇ ਪੱਤਿਆਂ ਜਿਹੇ, ਘਰਾਂ ਵਰਗੇ ਕੁਝ ਬਜ਼ੁਰਗ, ਆਪਣੇ ਹੀ ਘਰਾਂ 'ਚੋਂ ਮਨਫੀ। ਨੌਕਰ ਵਾਲਾ ਕਮਰਾ ਉਨ੍ਹਾਂ ਦਾ ਅੰਤਿਮ ਰੈਣ ਬਸੇਰਾ। ਆਪਣੇ ਜਾਇਆਂ ਦੀ ਬੇਸਮੈਂਟ ਵਿਚ ਆਖਰੀ ਸਾਹਾਂ ਨੂੰ ਪੂਰਾ ਕਰਨ ਲਈ ਲਾਚਾਰ। ਇਨ੍ਹਾਂ ਬਜ਼ੁਰਗਾਂ ਦੀ ਜੇਬ ਵਿਚ ਇੰਸ਼ੋਰੈਂਸ ਜਾਂ ਵੈਲਫੇਅਰ ਵੀ ਨਹੀਂ ਪੈਂਦੀ। ਨੂੰਹ-ਪੁੱਤ ਦੀ ਨਿਗਾਹ ਇਨ੍ਹਾਂ ਨੂੰ ਮਿਲਣ ਵਾਲੇ ਲਾਭਾਂ ਤੱਕ ਸੀਮਤ। ਕੋਈ ਫਰਜ਼, ਸੇਵਾ-ਭਾਵਨਾ ਜਾਂ ਆਦਰ ਸਤਿਕਾਰ ਨਾਲ ਕੋਈ ਵਾਸਤਾ ਨਹੀਂ। ਅਜਿਹੇ ਸੁੱਕੇ ਪੱਤਿਆਂ ਦੇ ਨੈਣਾਂ ਵਿਚ ਜੰਮ ਚੁਕੇ ਅੱਥਰੂਆਂ ਦੀ ਵੇਦਨਾ ਪੱਥਰ ਦਿਲਾਂ ਨੂੰ ਪਿਘਲਾ ਦਿੰਦੀ ਏ ਪਰ ਰਤਾ ਵੀ ਨਹੀਂ ਪਸੀਜਦੇ ਆਪਣੇ ਜਾਏ।***

ਇਨ੍ਹਾਂ ਸੁੱਕੇ ਪੱਤਿਆਂ ਨੇ ਲੋਹੜੀ ਦਾ ਸੇਕ ਬਣਨਾ ਏ, ਕਿਸੇ ਲਈ ਨਿੰਘ ਵੀ ਬਣਨਾ ਅਤੇ ਹਨੇਰ ਨਾਲ ਆਢਾ ਲਾ ਰਹੇ ਕਦਮਾਂ ਲਈ ਚਾਨਣ ਦੀ ਕਾਤਰ ਵੀ ਬਣਨਾ ਏ। ਇਨ੍ਹਾਂ ਸੁੱਕੇ ਪੱਤਿਆਂ ਨੇ ਆਪਣੀ ਕੁਰਬਾਨੀ ਦੇ ਕੇ ਕਿਸੇ ਦੇ ਚੁੱਲ੍ਹੇ ਦੀ ਅਗਨੀ ਬਣਨਾ ਅਤੇ ਕਿਸੇ ਦੀ ਬੁਰਕੀ ਬਣ ਕੇ ਪੇਟ ਦੀ ਅਗਨ ਬੁਝਾਉਣੀ ਏ।

ਇਹ ਸੁੱਕੇ ਪੱਤੇ ਹੀ ਹੁੰਦੇ ਨੇ ਜੋ ਕਈ ਵਾਰ ਕਿਸੇ ਦੇ ਡਰਾਇੰਗ ਰੂਮ ਦੀ ਸ਼ੋਭਾ ਵਧਾਉਂਦੇ ਨੇ। ਸੁੱਕੇ ਪੱਤੇ ਕਿਸੇ ਦੀਆਂ ਕਰਮ ਰੇਖਾਵਾਂ ਦੀ ਦਸਤਾਵੇਜ਼ ਵੀ ਹੁੰਦੀ ਏ ਅਤੇ ਇਨ੍ਹਾਂ ਨੇ ਹੀ ਤਵਾਰੀਖ ਸਿਰਜਣੀ ਹੁੰਦੀ ਏ। ਪੱਤਿਆਂ 'ਤੇ ਉਕਰੀਆਂ ਪੁਰਾਣੀਆਂ ਹੱਥ ਲਿਖਤਾਂ ਨੇ ਸਾਡਾ ਪੁਰਾਤਨ ਵਿਰਸਾ ਅਜੇ ਤੀਕ ਵੀ ਸਾਂਭ ਕੇ ਰੱਖਿਆ ਹੋਇਆ ਏ। ਇਹ ਪੱਤੇ ਕਈ ਵਾਰ ਡੂਨੇ ਬਣ ਕੇ ਖਾਣਾ ਪਰੋਸਣ ਦੇ ਕੰਮ ਆਉਂਦੇ ਅਤੇ ਪੱਤਲਾਂ 'ਤੇ ਖਾਧੇ ਜਾਂਦੇ ਖਾਣੇ ਦੇ ਸਵਾਦ ਦੇ ਕੀ ਕਹਿਣੇ! ਕਦੇ ਸਮਾਂ ਸੀ, ਲੰਗਰ ਖਾਣ ਲਈ ਵੱਡੇ ਵੱਡੇ ਪੱਤਲ ਵਰਤੀਂਦੇ ਸਨ। ਗੁਰਦੁਆਰਿਆਂ ਵਿਚ ਅੱਜ ਤੀਕ ਡੂਨਿਆਂ ਵਿਚ ਮਿਲਦੀ ਦੇਗ ਇਸ ਗੱਲ ਦਾ ਸਬੂਤ ਏ ਕਿ ਸੁੱਕੇ ਪੱਤੇ ਕਿੰਨੇ ਪਵਿੱਤਰ ਅਤੇ ਪਾਕ ਨੇ।

ਬਿਰਖ ਤੋਂ ਟੁੱਟ ਕੇ ਸੁੱਕਾ ਪੱਤਾ ਭਟਕਣਾ ਦਾ ਸ਼ਿਕਾਰ ਹੋ ਜਾਂਦਾ ਏ ਅਤੇ ਇਹ ਭਟਕਣਾ ਇਕ ਸੋਚ ਪੱਤੇ ਦੇ ਨਾਮ ਕਰਦੀ ਏ ਕਿ ਨੰਗੀਆਂ ਸ਼ਾਖਾਵਾਂ ਭਲਾ ਕਹਿਰਾਂ ਦੀ ਠੰਢ ਨੂੰ ਕਿਵੇਂ ਜਰਨਗੀਆਂ? ਕਿਵੇਂ ਸੀਤ ਹਵਾਵਾਂ ਬਿਰਖ ਦੇ ਪਿੰਡੇ ਨੂੰ ਚੱਖ ਕਰ ਦੇਣਗੀਆਂ ਅਤੇ ਟਾਹਣੀਆਂ ਦੇ ਅੰਦਰ ਦਾ ਨਿੱਘ ਵੀ ਸੁੰਨ ਹੋ ਕੇ ਰਹਿ ਜਾਂਦਾ ਏ।

ਸੁੱਕਾ ਪੱਤਾ ਇਹ ਜਰੂਰ ਸੋਚਦਾ ਹੋਵੇਗਾ ਕਿ ਮੇਰੇ ਸੰਗ ਆਲ੍ਹਣੇ ਵਿਚ ਲਾਡ-ਲਡਾਉਣ ਅਤੇ ਚੁੰਝਾਂ ਫਸਾਉਣ ਵਾਲੇ ਪਰਿੰਦਿਆਂ ਦਾ ਓਹਲਾ ਤਾਂ ਮੇਰੇ ਜਾਣ ਨਾਲ ਹੀ ਅਲੋਪ ਹੋ ਗਿਆ ਏ। ਭਲਾ! ਲਾਡ ਲਡਾਉਣ ਅਤੇ ਮਨ ਪ੍ਰਚਾਉਣ ਲਈ ਉਹ ਕਿਸ ਦੀ ਓਟ ਲੈਣਗੇ। ਬੜੀ ਮਾਸੂਮੀਅਤ ਵਿਚ ਡੁੱਬ ਜਾਂਦੇ ਨੇ ਇਹ ਪੱਤੇ ਜਦ ਇਨ੍ਹਾਂ ਦੀ ਸੋਚ ਵਿਚ ਬੋਟਾਂ ਸੰਗ ਲੋਰੀਆਂ ਗੂੰਜਦੀਆਂ ਨੇ, ਇਨ੍ਹਾਂ ਦੀ ਕਰਮ ਸ਼ੈਲੀ ਵਿਚ ਚੋਗ ਬਣਨ ਦਾ ਖਿਆਲ ਪਨਪਦਾ ਏ ਅਤੇ ਇਨ੍ਹਾਂ ਦੀ ਧਾਰਨਾ ਵਿਚ ਸ਼ੁਭ-ਕਰਮਨ ਦਾ ਜਜ਼ਬਾ ਭਾਰੂ ਹੁੰਦਾ ਏ।

ਸੁੱਕੇ ਪੱਤੇ ਤਾਂ ਆਪਣੀ ਆਖਰੀ ਅਰਦਾਸ ਕਿਸੇ ਟੋਏ ਵਿਚ ਪੜ੍ਹਦੇ ਨੇ, ਜਿਥੇ ਇਹ ਗਲ-ਸੜ ਕੇ ਆਪਣੇ ਬਿਰਖ ਲਈ ਖਾਦ ਬਣਦੇ ਨੇ ਅਤੇ ਆਪਣੇ ਪਾਲਣਹਾਰੇ ਦੀਆਂ ਜੜ੍ਹਾਂ ਵਿਚ ਆਪਣੀ ਹਾਜ਼ਰੀ ਲੁਆ ਫਿਰ ਬਿਰਖ ਦਾ ਇਕ ਅੰਗ ਬਣ ਜਾਂਦੇ ਨੇ।

ਸੁੱਕਾ ਪੱਤਾ ਬਹੁਤ ਕੁਝ ਅਣਕਿਹਾ ਵੀ ਕਹਿ ਜਾਂਦਾ ਏ ਜਿਸ ਨੂੰ ਸਮਝਣ ਲਈ ਤੀਸਰੀ ਅੱਖ ਦੀ ਲੋੜ ਹੁੰਦੀ ਏ। ਬਹੁਤ ਕੁਝ ਏ ਸਾਡੇ ਸਮਝਣ ਅਤੇ ਸੋਚਣ ਲਈ। ਸੁੱਕਾ ਪੱਤਾ ਤਾਂ ਆਪਣੇ ਆਉਣ ਵਾਲੇ ਪੁੰਗਾਰੇ ਦੇ ਨਾਂਵੇਂ ਮੂਲ ਨੂੰ ਕਰ, ਆਪ ਦੂਰ ਦੇਸ਼ਾਂਤਰਾਂ ਨੂੰ ਉਡਾਰੀ ਮਾਰ ਜਾਂਦਾ ਏ ਅਤੇ ਆਉਣ ਵਾਲਾ ਫੁਟਾਰਾ ਨਵੇਂ ਸੰਸਾਰ ਦੀ ਸਿਰਜਣਾ ਕਰਦਾ, ਬਿਰਖ ਨੂੰ ਨਵੀਂ ਬਹਾਰ ਦਾ ਮਾਲਕ ਬਣਾ, ਚਮਨ ਦੀ ਬੀਹੀ ਵਿਚ ਨਵੇਂ ਨਕੋਰ ਚਾਵਾਂ ਦਾ ਨਿਉਂਦਾ ਦਿੰਦਾ। ਇਹ ਮਨੁੱਖ ਲਈ ਸੰਕੇਤਕ ਸੁਨੇਹਾ ਏ ਕਿ ਨਵੀਂ ਪੀੜ੍ਹੀ ਲਈ ਰਾਹ ਮੋਕਲਾ ਕਰ ਦਿਓ, ਉਨ੍ਹਾਂ ਦਾ ਆਪਣੇ ਆਪ ਵਿਸਤਾਰ ਹੋਵੇਗਾ। ਪਰ ਅਸੀਂ ਤਾਂ ਆਪਨੜੇ ਹੱਥੀਂ ਇੰਨਾ ਕੁਝ ਕਰਨ ਲਈ ਫਿਕਰਮੰਦ ਰਹਿੰਦੇ ਹਾਂ ਕਿ ਸਾਨੂੰ ਲੱਗਦਾ ਏ ਕਿ ਅਗਲੀ ਪੀੜ੍ਹੀ ਸ਼ਾਇਦ ਅਪੰਗ ਹੋਵੇ। ਉਸ ਨੇ ਕੁਝ ਨਹੀਂ ਕਰ ਸਕਣਾ ਅਤੇ ਅਸੀਂ ਹੀ ਸਾਰਾ ਕੁਝ ਕਰ ਕੇ ਜਾਣਾ ਏ।

ਨਵੀਂ ਨਸਲ ਨੂੰ ਰਾਹ ਦੱਸ ਦਿਓ, ਪੈੜਾਂ ਦੀ ਸਿਰਜਣਾ ਆਪਣੇ ਆਪ ਹੋ ਜਾਣੀ ਏ। ਜਦ ਇਕ ਅੰਬਰ ਕਿਸੇ ਪਰਿੰਦੇ ਨੂੰ ਮਿਲ ਜਾਂਦਾ ਏ ਤਾਂ ਉਸ ਦੇ ਪਰਾਂ ਵਿਚ ਲੋਹੜੇ ਦੀ ਜਾਨ ਆ ਜਾਂਦੀ ਏ ਅਤੇ ਫਿਰ ਉਹ ਅੰਬਰ ਨੂੰ ਕਲਾਵੇ ਵਿਚ ਲੈ ਲੈਂਦਾ ਏ।

ਸੁੱਕਾ ਪੱਤਾ ਰੰਗਾਂ ਦੀ ਉਡੀ ਹੋਈ ਆਭਾ ਦਾ ਛਿਜਿਆ ਸਿਰਲੇਖ। ਪੀਚੀ ਸਾਂਝ ਦਾ ਸੁਖਾਂਤਕ ਅੰਤ। ਮਲਕੜੇ ਜਿਹੇ ਅਸੀਸਾਂ ਦਿੰਦਿਆਂ ਹੱਥ ਛੁੜਾ ਜਾਣਾ। ਉਮਰਾਂ ਵਰਗੀ ਅਪਣੱਤ ਨੂੰ ਨਿਭਾ ਜਾਣਾ। ਕੈਨੇਡਾ/ਅਮਰੀਕਾ ਵਿਚ ਸੁੱਕ ਤੇ ਝੜ ਰਹੇ ਪੱਤਿਆਂ ਦੀ ਰੰਗ-ਬਿਰੰਗੀ ਆਭਾ, ਬਿਰਖਾਂ ਦੇ ਪਿੰਡਿਆਂ 'ਤੇ ਇਕ ਅਨੂਠੀ ਬਹਾਰ ਲੈ ਕੇ ਆਉਂਦੀ। ਤੁਸੀਂ ਅਛੋਹ ਜੰਗਲਾਂ ਵਿਚੋਂ ਲੰਘਦੀ ਸੜਕ ਦੇ ਆਲੇ-ਦੁਆਲੇ ਰੰਗਾਂ ਦੀ ਚਿੱਤਰਕਾਰੀ ਨੂੰ ਨਿਹਾਰੋ, ਇਉਂ ਜਾਪਦਾ ਏ ਜਿਵੇਂ ਕੁਦਰਤ ਨੇ ਰੰਗਾਂ ਦੀ ਹੋਲੀ ਇਨ੍ਹਾਂ ਬਿਰਖਾਂ ਸੰਗ ਖੇਲੀ ਹੋਵੇ। ਕੁਦਰਤੀ ਖੂਬਸੂਰਤੀ ਦਾ ਅਨੰਨਤਾ ਏ ਰੰਗ-ਬਿਰੰਗੇ ਪੱਤਿਆਂ ਦਾ ਹੌਲੀ ਹੌਲੀ ਧਰਤੀ ਨੂੰ ਨਮਸਕਾਰਨਾ ਅਤੇ ਧਰਤ ਦੀ ਰੰਗਤ ਨੂੰ ਸੁਰਖ ਰੰਗਾਂ ਨਾਲ ਸ਼ਿੰਗਾਰਨਾ।

ਸੁੱਕੇ ਪੱਤਿਆਂ ਦਾ ਅਜ਼ੀਮ ਸੁਨੇਹਾ ਆਪਣੀ ਰੂਹ ਵਿਚ ਵਸਾਓ। ਪੱਤਿਆਂ ਵਰਗੀ ਅਉਧ ਨੂੰ ਆਪਣੇ ਪਿੰਡੇ 'ਤੇ ਉਕਰਾਓ। ਕੁਝ ਪੱਤਿਆਂ ਦੀ ਹੋਣੀ ਵਰਗਾ ਕਰਕੇ ਦੁਨੀਆਂ ਤੋਂ ਤੁਰ ਜਾਵੋ ਅਤੇ ਮੁੱਕਦੀ ਜਾਂਦੀ ਅਉਧ ਦੇ ਨਾਮ ਇਕ ਪੁੰਨ ਕਮਾਵੋ।

ਕੁਝ ਲੋਕ ਸੁੱਕੇ ਪੱਤਿਆਂ ਦੀ ਤਾਸੀਰ। ਉਨ੍ਹਾਂ ਦੀ ਸੋਚ ਵਿਚ ਆਪਣੇ ਮੁੱਢ ਨਾਲੋਂ ਟੁੱਟਣ ਦਾ ਦਰਦ। ਆਪਣੀ ਜਨਮ ਭੋਂ ਨਾਲੋਂ ਵਿਛੜਨ ਦੀ ਵੇਦਨਾ। ਆਪਣੇ ਜਾਇਆਂ ਨਾਲੋਂ ਦੂਰ ਜਾਣ ਦੀ ਕਸਕ, ਆਪਣੀ ਬਚਪਨੇ ਦੀ ਕਰਮਸ਼ੈਲੀ ਤੋਂ ਇਕ ਵਿੱਥ ਸਿਰਜਣ ਦਾ ਸੂਖਮ ਸੰਤਾਪ ਅਤੇ ਜੀਵਨ ਦਰਸ਼ਨ ਦੇਣ ਵਾਲੀ ਰਹਿਬਰੀ ਨੂੰ ਕੁਝ ਨਾ ਅਰਪਤ ਕਰ ਸਕਣ ਦਾ ਰੁਦਨ।

ਸੁੱਕੇ ਪੱਤਿਆਂ ਵਰਗੇ ਇਹ ਲੋ, ਇਕ ਦਰਦ ਆਪਣੇ ਅੰਦਰ ਜਿਉਂਦੇ, ਇਕ ਦਰਦ ਆਪਣੇ ਸਾਹਾਂ ਸੰਗ ਸਿਉਂਦੇ। ਇਕ ਦਰਦ ਚੋਗਿਰਦਾ ਦਿੰਦਾ, ਇਕ ਆਪਣਿਆਂ ਦੇ ਹੱਥੋਂ ਮਿਲਦਾ, ਪਰ ਇਹ ਆਪਣੀ ਕਰਮਯੋਗਤਾ ਤੋਂ ਦੂਰ ਜਾਣ ਤੋਂ ਇਨਕਾਰੀ।

ਸੁੱਕੇ ਪੱਤਿਆਂ ਜਿਹੇ, ਘਰਾਂ ਵਰਗੇ ਕੁਝ ਬਜ਼ੁਰਗ, ਆਪਣੇ ਹੀ ਘਰਾਂ 'ਚੋਂ ਮਨਫੀ। ਨੌਕਰ ਵਾਲਾ ਕਮਰਾ ਉਨ੍ਹਾਂ ਦਾ ਅੰਤਿਮ ਰੈਣ ਬਸੇਰਾ। ਆਪਣੇ ਜਾਇਆਂ ਦੀ ਬੇਸਮੈਂਟ ਵਿਚ ਆਖਰੀ ਸਾਹਾਂ ਨੂੰ ਪੂਰਾ ਕਰਨ ਲਈ ਲਾਚਾਰ। ਇਨ੍ਹਾਂ ਬਜ਼ੁਰਗਾਂ ਦੀ ਜੇਬ ਵਿਚ ਇੰਸ਼ੋਰੈਂਸ ਜਾਂ ਵੈਲਫੇਅਰ ਵੀ ਨਹੀਂ ਪੈਂਦੀ। ਨੂੰਹ-ਪੁੱਤ ਦੀ ਨਿਗਾਹ ਇਨ੍ਹਾਂ ਨੂੰ ਮਿਲਣ ਵਾਲੇ ਲਾਭਾਂ ਤੱਕ ਸੀਮਤ। ਕੋਈ ਫਰਜ਼, ਸੇਵਾ-ਭਾਵਨਾ ਜਾਂ ਆਦਰ ਸਤਿਕਾਰ ਨਾਲ ਕੋਈ ਵਾਸਤਾ ਨਹੀਂ। ਅਜਿਹੇ ਸੁੱਕੇ ਪੱਤਿਆਂ ਦੇ ਨੈਣਾਂ ਵਿਚ ਜੰਮ ਚੁਕੇ ਅੱਥਰੂਆਂ ਦੀ ਵੇਦਨਾ ਪੱਥਰ ਦਿਲਾਂ ਨੂੰ ਪਿਘਲਾ ਦਿੰਦੀ ਏ ਪਰ ਰਤਾ ਵੀ ਨਹੀਂ ਪਸੀਜਦੇ ਆਪਣੇ ਜਾਏ।



ਸੁੱਕੇ ਪੱਤਿਆਂ ਵਰਗੇ ਬਜ਼ੁਰਗਾਂ ਨੂੰ ਹੂੰਝ ਕੇ ਘਰਾਂ ਤੋਂ ਬਾਹਰ ਨਾ ਸੁੱਟੋ, ਇਨ੍ਹਾਂ ਤੁਹਾਡੇ ਜਾਇਆਂ ਲਈ ਸੋਚ-ਸੰਵੇਦਨਾ ਦੀ ਧਰਾਤਲ ਬਣਨਾ ਏ, ਤੀਸਰੀ ਪੀੜ੍ਹੀ ਨੂੰ ਅਮੀਰ ਵਿਰਸੇ ਅਤੇ ਪੁਰਾਤਨ ਵਿਰਾਸਤ ਦੀ ਗੁੜ੍ਹਤੀ ਦੇਣੀ ਏ, ਆਪਣੇ ਲਡਿੱਕਿਆਂ ਦੇ ਮਸਤਕ ਵਿਚ ਮਾਂ-ਬੋਲੀ ਲਈ ਲਾਡ ਉਪਜਾਉਣਾ ਏ ਅਤੇ ਨਿੱਕੀਆਂ ਨਿੱਕੀਆਂ ਕਹਾਣੀਆਂ ਨਾਲ ਇਨ੍ਹਾਂ ਨੂੰ ਵਰਚਾਉਣਾ, ਖਿਡਾਉਣਾ ਅਤੇ ਨੀਂਦ ਦੀ ਪਿਆਰੀ ਗੋਦ ਵਿਚ ਸੁਆਉਣਾ ਏ। ਤੁਸੀਂ ਇਨ੍ਹਾਂ ਪੱਤਿਆਂ ਦੀ ਸਮੁੱਚੀ ਤਾਸੀਰ ਤੋਂ ਬਹੁਤ ਕੁਝ ਪ੍ਰਾਪਤ ਕਰ ਸਕਦੇ ਹੋ ਬਸ਼ਰਤੇ ਤੁਹਾਡੇ ਮਨ ਵਿਚ ਇਨ੍ਹਾਂ ਤੋਂ ਕੁਝ ਪ੍ਰਾਪਤ ਕਰਨ ਦੀ ਚਾਹਨਾ ਹੋਵੇ।

ਯਾਦ ਰੱਖੋ! ਹਰ ਇਕ ਨੇ ਆਪਣੀ ਅਉਧ ਪੁਗਾ ਕੇ ਸੁੱਕਾ ਪੱਤਾ ਬਣਨਾ ਏ। ਸੁੱਕਾ ਪੱਤਾ ਜੀਵਨ ਦਾ ਸੁੱਚਾ ਸੱਚ। ਸੁੱਕੇ ਪੱਤਿਆਂ ਵਰਗੀ ਸੋਚ ਆਪਣੇ ਮਨ-ਮਸਤਕ ਵਿਚ ਉਪਜਾਓ, ਭਵਿੱਖ ਦੇ ਮਸਤਕ ਵਿਚ ਇਕ ਜਗਦਾ ਚਿਰਾਗ ਧਰੋ ਜੋ ਤੁਹਾਡੀਆਂ ਅਤੇ ਸਾਡੀਆਂ ਰਾਹਾਂ ਰੁਸ਼ਨਾਉਂਦਾ ਰਹੇ। ਅਜਿਹੀ ਤਾਂਘ ਹੀ ਸਾਡੀਆਂ ਮਧਮ ਜਿਹੀਆਂ ਕਰਮ ਰੇਖਾਵਾਂ ਨੂੰ ਉਘਾੜ ਸਕਦੀ ਏ।

ਸੁੱਕੇ ਪੱਤੇ ਦੀ ਕੁੱਖ ਵਿਚ ਹੀ ਨਵੇਂ ਪੱਤੇ ਪੁੰਗਰਦੇ। ਸੁੱਕਾ ਪੱਤਾ ਹੀ ਨਵਿਆਂ ਲਈ ਦੁਆਵਾਂ ਅਤੇ ਨਵੀਆਂ ਬਹਾਰਾਂ ਲਈ ਸਦਾਵਾਂ। ਤੁਹਾਡੀ ਸੋਚ ਦਾ ਬਿਰਖ, ਨਵੇਂ ਪੁੰਗਾਰੇ ਨਾਲ ਮੌਲੇ ਅਤੇ ਮਨੁੱਖੀ ਬਿਰਤੀ ਵਿਚ ਨਿੱਤ ਪਨਪਦੀਆਂ ਗੁੰਝਲਾਂ ਨੂੰ ਖੋਲ੍ਹੇ।

---

## ਬਦਲ ਜਾਣਗੇ ਹਾਲਾਤ

ਲਕੀਰਾਂ ਦੇਖ ਕਿਉਂ ਰੋਈ ਜਾਂਦਾ
ਆ ਕਿਸਮਤ ਹੱਥੀਂ ਬਹਿ ਕੇ ਬੁਣੀਏ।
ਟੇਵਿਆਂ 'ਤੇ ਨਾ ਜ਼ਿੰਦਗੀ ਚੱਲਣੀ
ਹੱਕ-ਸੱਚ ਦੀਆਂ ਰਾਹਾਂ ਚੁਣੀਏ।
ਹੋਇਆ ਕੀ ਜੇ ਘੁੱਪ ਹਨੇਰਾ
ਛੇਤੀ ਆਉਣੀ ਏ ਪ੍ਰਭਾਤ ਕਾਕਾ।
ਬਦਲ ਜਾਣਗੇ ਹਾਲਾਤ ਕਾਕਾ,
ਤੂੰ ਮਿਹਨਤ ਕਰ ਦਿਨ-ਰਾਤ ਕਾਕਾ।

ਜਿੱਤ ਉਸੇ ਦੀ ਹੁੰਦੀ ਪੱਕਾ
ਜ਼ਿੰਦਗੀ ਨਾਲ ਜੋ ਲੜਦਾ ਰਹਿੰਦਾ।
ਦੁੱਧ ਵੀ ਉਹੀ ਖੋਆ ਬਣਦਾ
ਜੋ ਅੱਗ ਦੇ ਉਤੇ ਕੜ੍ਹਦਾ ਰਹਿੰਦਾ।
ਮੰਜ਼ਿਲ ਉਹਨੂੰ ਰਾਹ ਦਿੰਦੀ ਏ
ਜੋ ਪੌੜੀ-ਪੌੜੀ ਚੜ੍ਹਦਾ ਰਹਿੰਦਾ।
ਦਰਦ-ਔਕੜਾਂ ਰਾਹ ਦੇ ਰੋੜੇ
ਹੁੰਦੇ ਸਬਰ ਧੀਰਜ ਨਾਲ ਸਾਫ ਕਾਕਾ।
ਬਦਲ ਜਾਣਗੇ ਹਾਲਾਤ ਕਾਕਾ,
ਤੂੰ ਮਿਹਨਤ ਕਰ ਦਿਨ-ਰਾਤ ਕਾਕਾ।

ਗਲਤ ਕੰਮਾਂ ਦੇ ਗਲਤ ਨਤੀਜੇ
'ਕੱਲੀ ਸ਼ੁਹਰਤ ਫੋਕੀ ਖੱਟਦੇ ਨੇ।
ਕੁਝ ਚਿਰਾਂ ਦੇ ਸਲੂਟ ਦਿਖਾਵੇ
ਪਿੱਛੋਂ ਖੜ੍ਹ-ਖੜ੍ਹ ਲੋਕੀਂ ਹੱਸਦੇ ਨੇ।
ਝੂਠ, ਇਸ਼ਕ ਤੇ ਲਾਲਸਾਵਾਂ ਮਿੱਤਰਾ
ਇਹ ਘਰ ਤਿੰਨੋਂ ਹੀ ਪੱਟਦੇ ਨੇ।
ਕਿਸੇ ਦੀ ਖਾਤਿਰ ਮਰਨ ਵਾਲੇ ਦੀ
ਸਦਾ ਰਹਿੰਦੀ ਜੱਗ 'ਤੇ ਛਾਪ ਕਾਕਾ।
ਬਦਲ ਜਾਣਗੇ ਹਾਲਾਤ ਕਾਕਾ,
ਤੂੰ ਮਿਹਨਤ ਕਰ ਦਿਨ-ਰਾਤ ਕਾਕਾ।

'ਆਲੀਕੇ' ਜੇ ਜੰਗ ਜਿੱਤਣਾ ਚਾਹੁੰਦਾ
ਜ਼ਿੰਦਗੀ ਨੂੰ ਨਾਰ ਬਣਾ ਕੇ ਰੱਖ।
ਵਕਤ ਨੇ ਜਿਸਮ ਵਿਗਾੜ ਦੇਣਾ ਏ
ਤੂੰ ਰੂਹ ਖੁਸ਼ਬੂਦਾਰ ਬਣਾ ਕੇ ਰੱਖ।
ਸੱਚਾ ਸਾਥੀ ਕੋਈ ਨਾ ਇਥੇ ਤੂੰ ਬਸ
ਸੱਚਿਆਂ ਦੀ ਸਰਕਾਰ ਬਣਾ ਕੇ ਰੱਖ।
ਕਿਸੇ ਦੇ ਬਾਰੇ ਬਾਅਦ 'ਚ ਬੋਲੀਂ
ਪਹਿਲਾਂ ਆਪਣੇ ਬਾਰੇ ਪਾ ਝਾਤ ਕਾਕਾ।
ਬਦਲ ਜਾਣਗੇ ਹਾਲਾਤ ਕਾਕਾ,
ਤੂੰ ਮਿਹਨਤ ਕਰ ਦਿਨ-ਰਾਤ ਕਾਕਾ।

***-ਬਲਜਿੰਦਰ ਆਲੀਕੇ***
***ਫੋਨ: 91-94645-62678***

## ਨਵੰਬਰ ਚੌਰਾਸੀ

ਸਿੱਖਾਂ ਨਾਲ ਇਨਸਾਫ ਚੌਰਾਸੀ
ਨਹੀਂ ਕਰਿਆ ਸਰਕਾਰਾਂ ਨੇ।
ਚਾਰ ਦਹਾਕੇ ਬੀਤ ਚੱਲੇ,
ਚਿੱਟੇ ਭਗਵੇਂ ਯਾਰਾਂ ਨੇ।
ਹਾਕਮ ਹੀ ਸਨ ਕਾਤਲ ਸਾਡੇ
ਕਾਤਲ ਨੇ ਅੱਜ ਜੱਜ ਬਣੇ,
ਨਾ ਰੱਖੋ ਉਮੀਦ ਸਿੱਖੋ
ਰਾਜਨੀਤੀ ਦੀਆਂ ਮਾਰਾਂ ਨੇ।

ਬੈਠੇ ਨੇ ਕਮਿਸ਼ਨ ਬਥੇਰੇ
ਬੈਠ ਬੈਠ ਕੇ ਉਠ ਗਏ,
ਗੋਗਲੂਆਂ ਤੋਂ ਮਿੱਟੀ ਝਾੜੀ
ਸਮੇਂ ਦਿਆਂ ਦਰਬਾਰਾਂ ਨੇ।
ਗਿਣੇ ਮਿਥੇ ਹਜੂਮ ਦੇ ਅੰਦਰ
ਕੁਝ ਭਾੜੇ ਦੇ ਟੱਟੂ ਸਨ,
ਪਰ ਸੀ ਹੱਲਾਸ਼ੇਰੀ ਦਿੱਤੀ
ਅਕ੍ਰਿਤਘਣ ਮੱਕਾਰਾਂ ਨੇ।

ਕਾਲੇ ਪਾਣੀ, ਫਾਂਸੀਆਂ ਚੁੰਮੀਆਂ
ਫਿਰ ਅੰਨ ਦੇ ਭੰਡਾਰ ਭਰੇ,
ਸਰਹੱਦਾਂ 'ਤੇ ਹਿੱਕਾਂ ਡਾਹੀਆਂ
ਇਸ ਦੇਸ਼ ਲਈ ਸਰਦਾਰਾਂ ਨੇ।
ਗਿਣੀ ਮਿਥੀ ਸਾਜਿਸ਼ ਤਹਿਤ
ਅਸੀ ਮੁਕਾਇਆਂ ਨਹੀਂ ਮੁੱਕਣਾ,
'ਸਾਹੀ' ਹਿੰਦ 'ਚ ਅਸੀ ਹੈਗੇ ਆਂ
ਸਿੱਖਾਂ ਕੁੱਲ ਦੁਨੀਆਂ ਵਿਚ ਬੁੱਕਣਾ।

***-ਚਰਨਜੀਤ ਸਿੰਘ ਸਾਹੀ***
***ਫੋਨ: 317-430-6545***

---

## ਕਵਿਤਾ

ਐ ਕਵਿਤਾ ਤੂੰ ਉਦਮੀ ਬਣ,
ਡੰਮ੍ਹੀ ਜਿਹੀ ਨਾ ਬਣਦੀ ਜਾਹ।
ਪ੍ਰਯੋਗਿਕ ਫੈਸ਼ਨ ਦੇ ਨਾਂ ਥੱਲੇ,
ਨਾ ਮੌਲਿਕ ਸੁੰਦਰ ਰੂਪ ਗਵਾ।
ਛੱਡ ਦੇ ਲੋਰ ਅਮਲੀਆਂ ਵਾਲੀ,
ਜਗਾ ਦੇ ਸੁੱਤੇ, ਫਰਜ਼ ਨਿਭਾ।
ਸੱਚ ਸੁਣਨਾ ਤੇ ਸਹਿਣਾ ਔਖਾ,
ਬੇਸ਼ੱਕ ਕੌੜਾ ਇਹ ਗੀਤ ਸੁਣਾ।

ਦਿੱਬ-ਦ੍ਰਿਸ਼ਟੀ ਕਰ ਚੁਕੰਨੀ,
ਰੋਂਦੀ ਖਲਕਤ ਦੇਹ ਹਸਾ।
ਬਾਬਰ ਜਾਬਰ ਦੇ ਲਿਖ ਚਿੱਠੇ,
ਹੱਥਕੜੀਆਂ ਤੋਂ ਨਾ ਘਬਰਾ।
ਸਮਾਜਵਾਦ ਦਾ ਝੰਡਾ ਲੈ ਕੇ,
ਸਾਮਰਾਜ ਦੇ ਕਿੰਗਰੇ ਢਾਹ।
ਮਲਿਕ ਭਾਗੋ ਦੀ ਚੱਖ ਪੂੜੀ,
ਭਾਈ ਲਾਲੋ ਦੀ ਮਿੱਸੀ ਖਾਹ।
ਮਹਿਲਾਂ ਵਾਲੇ ਚੁੱਕ ਦੇਹ ਪੜਦੇ,
ਝੁੱਗੀ ਝੌਂਪੜੀ ਦੇਹ ਰੁਸ਼ਨਾ।
ਕਾਮਿਆਂ ਸੰਗ ਗੰਢ ਲੈ ਯਾਰੀ,
ਕਿਰਸਾਣਾਂ ਦੇ ਵਾਹਣੀਂ ਜਾਹ।

ਅਤਿਵਾਦ ਦੀਆਂ ਛਾਂਵਾਂ ਥੱਲੇ,
ਸਹਿਕੇ ਪਬਲਿਕ ਗਲੇ ਲਗਾ।
ਭਰ ਕੇ ਮਲ੍ਹਮ ਸ਼ਬਦਾਂ ਅੰਦਰ,
ਫੁਲਕਾਰੀ ਸੂਹਣੀ ਗੁੰਦ ਦਿਖਾ।
ਭਰੂਣ ਹੱਤਿਆ ਦੀ ਕਰ ਮੁਕਤੀ,
ਕਾਤਲਾਂ ਦੇ ਗਲ ਫਾਂਸੀ ਪਾ।
ਜਿਸਮ ਜ਼ਮੀਰ ਸੌਦਾਗਰ ਕੋਲੋਂ,
ਤੂੰ ਵੀ ਆਪਣੀ ਅਣਖ ਬਚਾ।
ਲੱਚਰਵਾਦ ਦੇ ਧੁਖਦੇ ਪੈਰੀਂ,
ਸ਼ਰਮ ਹਯਾ ਦੇ ਘੁੰਗਰੂ ਪਾ।
ਉਚੀ ਨੀਵੀਂ ਪੱਤੀ ਵੱਲ 'ਪੰਨੂ',
ਬਿਨ ਵਿਤਕਰੇ ਵੜਦੀ ਜਾਹ।

***-ਚਰਨਜੀਤ ਸਿੰਘ ਪੰਨੂ***



ਸ. ਅਵਤਾਰ ਸਿੰਘ
ਫੋਨ: 937-206-4674

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

# ਗੁਰੂ ਨਾਨਕ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ

**ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ**

---

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ॥
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ॥

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ



ਮੱਤ ਸਿੰਘ ਢਿੱਲੋਂ

# Azad Driving School

*100 S. Atkinson Road, #116, Grays Lake IL 60030*

*We teach driving car in North West Chicagoland suburbs.*

English, Hindi, Punjabi, Urdu language, experienced instructors. We have lady instructors too. We teach teens too, Ask for special teen package, with class room and behind the wheel. We have Saturday and Sunday teens program too.

*Providing all driving school services - Adult, Senior Citizen and Teen programs.*

**ਵਲੋਂ: ਮੱਤ ਸਿੰਘ ਢਿੱਲੋਂ ਅਤੇ ਢਿੱਲੋਂ ਪਰਿਵਾਰ**

ਰਾਜਪਾਲ ਸਿੰਘ ਚਾਹਲ ਤੇ ਮਨਦੀਪ ਚਾਹਲ; ਅਮਨਦੀਪ ਤੇ ਕਿਰਨ, ਸੋਨੀ ਢਿੱਲੋਂ ਤੇ ਆਜ਼ਾਦ ਢਿੱਲੋਂ

**Ph: 847-308-5411 or 847-548-8367**

# 'ਮਰਸਲ' ਨੇ ਮੁੰਨਿਆ ਮੋਦੀ ਦਾ ਮੇਲਾ

ਤਾਮਿਲ ਫਿਲਮ 'ਮਰਸਲ' ਦੇ ਵਿਰੋਧ ਨਾਲ ਮੋਦੀ ਹਮਾਇਤੀਆਂ ਦੀ ਉਹੀ ਗੱਲ ਇਕ ਵਾਰ ਫਿਰ ਸਾਹਮਣੇ ਆ ਗਈ ਹੈ ਕਿ ਇਹ ਆਪਣੇ ਵਿਰੁਧ ਆਖੀ ਇਕ ਵੀ ਗੱਲ ਬਰਦਾਸ਼ਤ ਨਹੀਂ ਕਰ ਰਹੇ। ਇਸ ਫਿਲਮ ਵਿਚ ਜੀ.ਐਸ.ਟੀ. ਦੀ ਬੜੀ ਤਿੱਖੀ ਆਲੋਚਨਾ ਕੀਤੀ ਗਈ ਹੈ ਅਤੇ ਭਾਰਤੀ ਜਨਤਾ ਪਾਰਟੀ ਤੋਂ ਇਹੀ ਨੁਕਤਾਚੀਨੀ ਬਰਦਾਸ਼ਤ ਨਹੀਂ ਕੀਤੀ ਗਈ। ਇਹ ਪਾਰਟੀ ਇਸ ਫਿਲਮ ਉਤੇ ਪਾਬੰਦੀ ਲਗਾਉਣ

**ਜਗਜੀਤ ਸਿੰਘ ਸੇਖੋਂ**

ਲਈ ਹਾਈਕੋਰਟ ਤੱਕ ਚਲੀ ਗਈ, ਪਰ ਮਦਰਾਸ ਹਾਈ ਕੋਰਟ ਨੇ ਇਸ ਫਿਲਮ ਉਤੇ ਪਾਬੰਦੀ ਲਗਾਉਣ ਤੋਂ ਸਾਫ ਨਾਂਹ ਕਰ ਦਿੱਤੀ। ਅਦਾਲਤ ਨੇ ਪਟੀਸ਼ਨ ਰੱਦ ਕਰਦਿਆਂ ਸਪਸ਼ਟ ਕਿਹਾ ਹੈ ਕਿ ਇਹ ਫਿਲਮ ਹੈ, ਕੋਈ ਹਕੀਕਤ ਨਹੀਂ; ਜੇ ਇਸ ਤਰ੍ਹਾਂ ਫਿਲਮਾਂ ਉਤੇ ਪਾਬੰਦੀਆਂ ਲਗਾਉਣ ਲੱਗਾਂਗੇ ਤਾਂ ਗੱਲ ਬਹੁਤ ਦੂਰ ਤੱਕ ਜਾਏਗੀ। ਉਧਰ, ਭਾਜਪਾ ਵੱਲੋਂ ਪਾਏ ਰੌਲੇ-ਰੱਪੇ ਕਾਰਨ ਇਸ ਫਿਲਮ ਨੂੰ ਮੁਫ਼ਤ ਵਿਚ ਖੂਬ ਮਸ਼ਹੂਰੀ ਮਿਲ ਗਈ ਅਤੇ ਇਹ ਫਿਲਮ ਹੁਣ 200 ਕਰੋੜ ਰੁਪਏ ਦੀ ਕਮਾਈ ਕਰਨ ਵੱਲ ਵਧ ਰਹੀ ਹੈ।

ਫਿਲਮਸਾਜ਼ ਐਟਲੀ ਵੱਲੋਂ ਬਣਾਈ ਇਸ ਫਿਲਮ ਦਾ ਨਾਇਕ ਵਿਜੈ ਹੈ ਜਿਸ ਨੇ ਇਸ ਫਿਲਮ ਵਿਚ ਤਿੰਨ ਕਿਰਦਾਰ ਨਿਭਾਏ ਹਨ। ਜੀ.ਐਸ.ਟੀ. ਦੀ ਆਲੋਚਨਾ ਕਰਨ ਕਰ ਕੇ ਵਿਜੈ ਨੂੰ ਨਿੱਜੀ ਤੌਰ 'ਤੇ ਵੀ ਨਿਸ਼ਾਨਾ ਬਣਾਇਆ ਗਿਆ। ਆਮਦਨ ਕਰ ਵਿਭਾਗ ਨੇ ਉਸ ਦੇ ਦਫਤਰਾਂ 'ਤੇ ਛਾਪੇ ਮਾਰੇ। ਉਸ ਨੂੰ ਹੋਰ ਕਈ ਢੰਗ-ਤਰੀਕਿਆਂ ਨਾਲ ਵੀ ਤੰਗ ਕੀਤਾ ਗਿਆ। ਇਸ ਨਾਲ ਇਹ ਤੱਥ ਹੋਰ ਪੁਖਤਾ ਹੋ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਆਪਣੀ ਸਰਕਾਰ ਦੇ ਸਿਰ 'ਤੇ ਕੇਂਦਰੀ ਸੰਸਥਾਵਾਂ ਅਤੇ ਅਦਾਰਿਆਂ ਦੀ ਦੁਰਵਰਤੋਂ ਰੱਜ ਕੇ ਕਰ ਰਹੀ ਹੈ। ਇਸ ਉਤੇ ਇਹ ਦੋਸ਼ ਪਹਿਲਾਂ ਹੀ ਲੱਗ ਰਿਹਾ ਹੈ ਕਿ ਇਹ ਆਪਣੇ ਸਿਆਸੀ ਵਿਰੋਧੀਆਂ ਨੂੰ ਦੱਬਣ ਲਈ ਸੀ.ਬੀ.ਆਈ., ਆਮਦਨ ਕਰ ਵਿਭਾਗ, ਇਨਫੋਰਸਮੈਂਟ ਡਾਇਰੈਕਟੋਰੇਟ ਆਦਿ ਅਦਾਰਿਆਂ ਦੀ ਦੁਰਵਰਤੋਂ ਕਰ ਰਹੀ ਹੈ। ਵੱਖ-ਵੱਖ ਸਿਆਸੀ ਆਗੂਆਂ ਖਿਲਾਫ਼ ਚੱਲ ਰਹੀ ਕਾਰਵਾਈ ਇਸ ਦਾ ਸਪਸ਼ਟ ਸਬੂਤ ਹੈ।

ਉਂਜ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਵੀ ਫਿਲਮ 'ਤੇ ਕੁਝ ਇਤਰਾਜ਼ ਕੀਤਾ ਹੈ। ਐਸੋਸੀਏਸ਼ਨ ਦੀ ਕੇਰਲ ਇਕਾਈ ਦੇ ਪ੍ਰਧਾਨ ਵੀ.ਜੀ. ਪ੍ਰਦੀਪ ਕੁਮਾਰ ਨੇ ਕਿਹਾ ਹੈ ਕਿ ਇਹ ਫਿਲਮ ਡਾਕਟਰਾਂ ਨੂੰ ਮਾੜੇ ਰੰਗ ਵਿਚ ਪੇਸ਼ ਕਰ ਰਹੀ ਹੈ। ਫਿਲਮ ਵਿਚ ਕਈ ਥਾਈਂ ਤੱਥ ਆਧਾਰਤ ਉਕਾਈਆਂ ਵੀ ਹਨ। ਸਿੰਗਾਪੁਰ ਵਿਚ ਮੁਫ਼ਤ ਸਿਹਤ ਸੰਭਾਲ ਸੇਵਾਵਾਂ ਦਾ ਜ਼ਿਕਰ ਕੀਤਾ ਗਿਆ ਹੈ; ਜਦ ਕਿ ਤੱਥ ਇਹ ਹੈ ਕਿ ਉਥੇ ਰਹਿਣਾ ਹੀ ਬੜਾ ਮਹਿੰਗਾ ਸੌਦਾ ਹੈ। ਡਾ. ਪ੍ਰਦੀਪ ਕੁਮਾਰ ਨੇ ਕਿਹਾ ਹੈ ਕਿ ਫਿਲਮਾਂ ਪ੍ਰਚਾਰ ਅਤੇ ਸੰਚਾਰ ਦਾ ਬਹੁਤ ਜ਼ੋਰਦਾਰ ਸਾਧਨ ਹਨ, ਤੇ ਇਨ੍ਹਾਂ ਨੂੰ ਸਹੀ ਪ੍ਰਸੰਗ ਵਿਚ ਹੀ ਵਰਤਿਆ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਮੰਨਿਆ ਕਿ ਹਰ ਖੇਤਰ ਵਿਚ ਕਾਲੀਆਂ ਭੇਡਾਂ ਤਾਂ ਹੁੰਦੀਆਂ ਹੀ ਹਨ, ਕੁਝ ਡਾਕਟਰ ਇਸ ਪੇਸ਼ੇ ਨੂੰ ਬਦਨਾਮ ਵੀ ਕਰਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਡਾਕਟਰਾਂ ਦਾ ਮਜ਼ਾਕ ਉਡਾਇਆ ਜਾਵੇ।

**ਜੀ.ਐਸ.ਟੀ. ਦੀ ਆਲੋਚਨਾ ਕਰਨ ਕਰ ਕੇ ਅਦਾਕਾਰ ਵਿਜੈ ਨੂੰ ਨਿੱਜੀ ਤੌਰ 'ਤੇ ਵੀ ਨਿਸ਼ਾਨਾ ਬਣਾਇਆ ਗਿਆ। ਆਮਦਨ ਕਰ ਵਿਭਾਗ ਨੇ ਉਸ ਦੇ ਦਫਤਰਾਂ 'ਤੇ ਛਾਪੇ ਮਾਰੇ।**

ਭਾਰਤੀ ਜਨਤਾ ਪਾਰਟੀ ਵੱਲੋਂ ਫ਼ਿਲਮ ਖਿਲਾਫ਼ ਚਲਾਈ ਕਾਰਵਾਈ ਨੂੰ ਵਿਜੈ ਨੇ ਬਦਲਾਖੋਰੀ ਨਾਲ ਜੋੜਿਆ ਹੈ। ਉਸ ਦਾ ਕਹਿਣਾ ਹੈ ਕਿ ਇਹ ਪਾਰਟੀ ਤਾਮਿਲਨਾਡੂ ਦੀ ਸਿਆਸਤ ਵਿਚ ਆਪਣੇ ਪੈਰ ਪੱਕੇ ਕਰਨ ਲਈ ਅੱਕੀਂ-ਪਲਾਹੀਂ ਹੱਥ ਮਾਰ ਰਹੀ ਹੈ। ਫਿਲਮ ਦੀ ਨੁਕਤਾਚੀਨੀ ਕਰਨ ਵਾਲਿਆਂ ਨੇ ਅਸਲ ਵਿਚ ਇਹ ਫਿਲਮ ਸਹੀ ਪ੍ਰਸੰਗ ਵਿਚ ਦੇਖੀ ਹੀ ਨਹੀਂ ਹੈ। ਇਹ ਫਿਲਮ ਤਾਂ ਸਗੋਂ ਲੋਕਾਂ ਦੇ ਕੋਣ ਤੋਂ ਆਪਣੀ ਗੱਲ ਸੁਣਾ ਰਹੀ ਹੈ। ਉਸ ਮੁਤਾਬਕ, ਇਉਂ ਪਾਬੰਦੀ ਦੀ ਗੱਲ ਕਰ ਕੇ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਸਾਹਮਣੇ ਆਪਣੀ ਅਸਲੀਅਤ ਹੀ ਨੰਗੀ ਕੀਤੀ ਹੈ। ਇਸ ਦੌਰਾਨ ਸਾਊਥ ਇੰਡੀਅਨ ਆਰਟਿਸਟਸ ਐਸੋਸੀਏਸ਼ਨ, ਤਾਮਿਲ ਫਿਲਮ ਪ੍ਰੋਡਿਊਸਰਜ਼ ਕੌਂਸਲ ਅਤੇ ਹੋਰ ਫਿਲਮੀ ਜਥੇਬੰਦੀਆਂ ਨਾਲ ਸਬੰਧਤ ਫਿਲਮਸਾਜ਼ਾਂ, ਅਦਾਕਾਰਾਂ ਅਤੇ ਹੋਰ ਕਲਾਕਾਰਾਂ ਨੇ ਇਸ ਮਾਮਲੇ 'ਤੇ ਵਿਜੈ ਦੀ ਹਮਾਇਤ ਕਰਦਿਆਂ ਪੁਰਜ਼ੋਰ ਆਵਾਜ਼ ਬੁਲੰਦ ਕੀਤੀ ਹੈ ਕਿ ਸਿਆਸਤਦਾਰਨਾਂ ਨੂੰ ਕਲਾ ਦੇ ਮਾਮਲੇ ਵਿਚ ਦਖ਼ਲ ਘੱਟ ਦੇਣਾ ਚਾਹੀਦਾ ਹੈ। ਕਲਾ, ਕਲਾ ਹੁੰਦੀ ਹੈ ਅਤੇ ਇਸ ਨੂੰ ਦੇਖਣ ਪਰਖਣ ਦਾ ਨਜ਼ਰੀਆ ਸਿਆਸੀ ਨਹੀਂ ਹੋਣਾ ਚਾਹੀਦਾ। ਇਸੇ ਦੌਰਾਨ ਅਦਾਕਾਰ ਵਿਜੈ ਨੇ ਇਸ ਫਿਲਮ ਅਤੇ ਉਸ ਦਾ ਸਮਰਥਨ ਕਰਨ 'ਤੇ ਆਪਣੇ ਪ੍ਰਸੰਸ਼ਕਾਂ ਦਾ ਧੰਨਵਾਦ ਕੀਤਾ ਹੈ ਅਤੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਉਹ ਇਸ ਤਰ੍ਹਾਂ ਆਪਣੇ ਪ੍ਰਸੰਸਕਾਂ ਦੀਆਂ ਆਸਾਂ 'ਤੇ ਪੂਰਾ ਉਤਰਦਾ ਰਹੇਗਾ।



ਅਦਾਕਾਰ ਵਿਜੈ ਫਿਲਮ 'ਮਰਸਲ' ਵਿਚ।



# ਮਹੇਸ਼ ਭੱਟ ਦੀ ਜੀਵਨ ਕਹਾਣੀ: ਮੈਂ ਮਿਰਜ਼ਾ


ਫਿਲਮਸਾਜ਼ ਮਹੇਸ਼ ਭੱਟ ਨੂੰ ਆਤਮ-ਕਥਾ ਪ੍ਰੇਮੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਆਪਣੇ ਜੀਵਨ ਪ੍ਰਸੰਗਾਂ 'ਤੇ ਫ਼ਿਲਮਾਂ ਬਣਾਉਣਾ ਜ਼ਿਆਦਾ ਪਸੰਦ ਹੈ। ਹੁਣ ਉਨ੍ਹਾਂ ਦੀ ਜ਼ਿੰਦਗੀ 'ਤੇ ਇਕ ਹੋਰ ਫ਼ਿਲਮ 'ਮੈਂ ਮਿਰਜ਼ਾ' ਬਣ ਰਹੀ ਹੈ ਅਤੇ ਇਸ ਵਿਚ ਮਹੇਸ਼ ਭੱਟ ਤੇ ਪ੍ਰਵੀਨ

**ਆਮਨਾ ਕੌਰ**


ਬਾਬੀ ਦੇ ਰਿਸ਼ਤੇ ਨੂੰ ਪੇਸ਼ ਕੀਤਾ ਜਾਵੇਗਾ। ਇਸ ਫਿਲਮ ਦੀ ਕਹਾਣੀ ਮਹੇਸ਼ ਭੱਟ ਨੇ ਲਿਖੀ ਹੈ ਅਤੇ ਇਸ ਦਾ ਨਿਰਮਾਣ ਆਰਿਫ ਖਾਨ ਤੇ ਅਰਚਨਾ ਸਿੰਘ ਵੱਲੋਂ ਕੀਤਾ ਜਾਵੇਗਾ। ਇਨ੍ਹਾਂ ਦੋਹਾਂ ਨੇ ਮਿਲ ਕੇ ਅਭਿਨੈ ਸੰਸਥਾ 'ਸਟਾਰ ਫ਼ਿਲਮ ਅਕੈਡਮੀ' ਸ਼ੁਰੂ ਕੀਤੀ ਹੈ ਅਤੇ ਇਸ ਦਾ ਉਦਘਾਟਨ ਮਹੇਸ਼ ਭੱਟ ਨੇ ਹੀ ਕੀਤਾ ਸੀ। ਇਸ ਸੰਸਥਾ ਵਿਚ ਮੁੰਡੇ-ਕੁੜੀਆਂ ਨੂੰ ਅਭਿਨੈ ਦੀ ਸਿਖਲਾਈ ਦਿੱਤੀ ਜਾਵੇਗੀ ਅਤੇ ਵਧੀਆ ਵਿਦਿਆਰਥੀਆਂ ਨੂੰ ਫ਼ਿਲਮਾਂ ਰਾਹੀਂ ਮੌਕਾ ਵੀ ਦਿੱਤਾ ਜਾਵੇਗਾ। ਇਸੇ ਤਹਿਤ ਹੁਣ 'ਮੈਂ ਮਿਰਜ਼ਾ' ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਮਹੇਸ਼ ਭੱਟ ਦੀ ਜ਼ਿੰਦਗੀ ਨਾਲ ਸਬੰਧਤ ਪਹਿਲਾਂ ਵੀ ਕਈ ਫਿਲਮਾਂ ਬਣ ਚੁੱਕੀਆਂ ਹਨ। ਫਿਲਮ 'ਆਸ਼ਕੀ' ਉਨ੍ਹਾਂ ਅਤੇ ਉਨ੍ਹਾਂ ਦੀ ਪਹਿਲੀ ਪਤਨੀ ਕਿਰਨ ਭੱਟ ਉਰਫ ਲੌਰੀਨ ਬ੍ਰਾਈਟਸ ਦੀ ਜ਼ਿੰਦਗੀ ਉਤੇ ਆਧਾਰਿਤ ਸੀ। ਇਸੇ ਤਰ੍ਹਾਂ ਫਿਲਮ 'ਅਰਥ' ਵਿਚ ਮਹੇਸ਼ ਭੱਟ ਅਤੇ ਪ੍ਰਵੀਨ ਬਾਬੀ ਦੇ ਪਿਆਰ ਦੀ ਕਹਾਣੀ ਬੁਣੀ ਗਈ ਸੀ। ਉਂਜ, ਫਿਲਮਸਾਜ਼ ਨੇ ਇਸ ਫਿਲਮ ਦੀ ਪਹੁੰਚ ਨਾਰੀਵਾਦੀ ਪੱਖੀ ਰੱਖੀ ਸੀ। ਫਿਲਮ 'ਜ਼ਖ਼ਮ' ਜੋ ਮਹੇਸ਼ ਭੱਟ ਨੇ ਖੁਦ ਬਣਾਈ, ਉਨ੍ਹਾਂ ਦੀ ਮੁਸਲਮਾਨ ਮਾਂ ਅਤੇ ਹਿੰਦੂ ਪਰਿਵਾਰ ਦੀ ਕਹਾਣੀ ਹੈ। ਇਸ ਫਿਲਮ ਨੂੰ ਦਰਸ਼ਕਾਂ ਅਤੇ ਫਿਲਮ ਆਲੋਚਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਸੀ। ਫਿਲਮ 'ਵੋਹ ਲਮਹੇ' ਜਿਸ ਵਿਚ ਮੁੱਖ ਭੂਮਿਕਾ ਕੰਗਨਾ ਰਣੌਤ ਨੇ ਨਿਭਾਈ ਸੀ, ਵਿਚ ਵੀ ਮਹੇਸ਼ ਭੱਟ ਅਤੇ ਪ੍ਰਵੀਨ ਬਾਬੀ ਦੇ ਪਿਆਰ ਦੀ ਕਹਾਣੀ ਸੁਣਾਈ ਗਈ ਹੈ। ਆਪਣੇ ਇਸ ਪਿਆਰ ਬਾਰੇ ਮਹੇਸ਼ ਭੱਟ ਲਿਖਦਾ ਹੈ: "ਮੈਂ ਪ੍ਰਵੀਨ ਬਾਬੀ ਨੂੰ 1970ਵਿਆਂ ਦੇ ਅਖੀਰ ਵਿਚ ਮਿਲਿਆ ਸਾਂ ਅਤੇ ਸਾਡਾ ਦੋਹਾਂ ਦਾ ਪਿਆਰ ਬਹੁਤ ਖ਼ਤਰਨਾਕ ਢੰਗ ਨਾਲ ਅੱਗੇ ਵਧਿਆ। ਉਨ੍ਹੀਂ ਦਿਨੀਂ ਪ੍ਰਵੀਨ ਦਾ ਕਬੀਰ ਬੇਦੀ ਨਾਲ ਨਵਾਂ ਨਵਾਂ ਤੋੜ-ਵਿਛੋੜਾ ਹੋਇਆ ਸੀ। ਮੈਨੂੰ ਪ੍ਰਵੀਨ ਬਾਬੀ ਦੀ ਸਭ ਤੋਂ ਪਹਿਲੀ, ਜਿਸ ਗੱਲ ਨੇ ਪ੍ਰਭਾਵਿਤ ਕੀਤਾ, ਉਹ ਉਸ ਦੀ ਮੁਸਕਰਾਹਟ ਅਤੇ ਉਸ ਦੀ ਬੌਧਿਕ ਸਮਰਥਾ ਸੀ। ਇਹ ਰਿਸ਼ਤਾ ਕੋਈ ਤਿੰਨ ਸਾਲ ਨਿਭਿਆ। ਮੇਰੇ ਲਈ ਉਹ ਕਹਿਰਾਂ ਦੀ ਕੁੜੀ ਹੋ ਨਿਬੜੀ। ਉਹ ਪਹਿਲੀ ਔਰਤ ਸੀ ਜਿਸ ਨੂੰ ਆਪਣੇ ਜੀਵਨ ਢੰਗ ਤੋਂ ਕੋਈ ਸੰਗ ਸ਼ਰਮ ਨਹੀਂ ਸੀ।" ਇਸ ਤਰ੍ਹਾਂ 'ਹਮਾਰੀ ਅਧੂਰੀ ਕਹਾਨੀ' ਮਹੇਸ਼ ਭੱਟ ਦੇ ਮਾਪਿਆਂ-ਨਾਨਾਭਾਈ ਭੱਟ ਤੇ ਸ਼ਿਰੀਨ ਮੁਹੰਮਦ ਅਲੀ ਦੀ ਜ਼ਿੰਦਗੀ ਉਤੇ ਆਧਾਰਿਤ ਸੀ।

ਮਹੇਸ਼ ਭੱਟ (ਜਨਮ 20 ਸਤੰਬਰ 1948) ਅਜਿਹਾ ਫਿਲਮਸਾਜ਼, ਨਿਰਮਾਤਾ ਅਤੇ ਪਟਕਥਾ ਲੇਖਕ ਹੈ ਜਿਨ੍ਹਾਂ ਨੇ ਆਪਣੇ ਦੌਰ ਅੰਦਰ ਲੀਕ ਤੋਂ ਹਟਵੀਆਂ ਫਿਲਮਾਂ ਬਣਾਈਆਂ। ਉਨ੍ਹਾਂ ਦੀ ਪਹਿਲੀ ਫਿਲਮ 1977 ਵਿਚ 'ਮੰਜ਼ਿਲੇ ਔਰ ਵੀ ਹੈਂ" ਆਈ ਸੀ। ਇਸ ਤੋਂ ਬਾਅਦ ਉਨ੍ਹਾਂ 1982 ਵਿਚ 'ਅਰਥ', 1984 ਵਿਚ 'ਸਾਰਾਂਸ਼', 1985 ਵਿਚ 'ਜਨਮ', 1987 ਵਿਚ 'ਕਾਸ਼', 1988 ਵਿਚ 'ਠਿਕਾਨਾ', 1989 ਵਿਚ 'ਡੈਡੀ', 1992 ਵਿਚ 'ਜਨੂੰਨ', 1999 ਵਿਚ 'ਜ਼ਖਮ' ਵਰਗੀਆਂ ਫਿਲਮਾਂ ਬਣਾਈਆਂ। 1999 ਤੋਂ ਬਾਅਦ ਉਸ ਨੇ ਫਿਲਮਸਾਜ਼ੀ ਤੋਂ ਤਾਂ ਕਿਨਾਰਾ ਕਰ ਲਿਆ, ਪਰ ਫਿਲਮ ਨਿਰਮਾਣ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ, ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਉਸ ਨੇ ਬਤੌਰ ਨਿਰਮਾਤਾ, ਕਈ ਨਵੇਂ ਅਦਾਕਾਰਾਂ ਅਤੇ ਫਿਲਮਸਾਜ਼ਾਂ ਨੂੰ ਕੰਮ ਕਰਨ ਦਾ ਮੌਕਾ ਦਿੱਤਾ ਹੈ।








ਫਿਲਮਸਾਜ਼ ਮਹੇਸ਼ ਭੱਟ, ਪ੍ਰਵੀਨ ਬਾਬੀ ਅਤੇ (ਐਨ ਸੱਜੇ) ਫਿਲਮਾਂ 'ਵੋਹ ਲਮਹੇ' ਦਾ ਪੋਸਟਰ।


## ਅਰਸ਼ਦ ਵਾਰਸੀ ਦਾ ਭੂਤ



ਅਦਾਕਾਰ ਅਰਸ਼ਦ ਵਾਰਸੀ ਦਾ ਮੰਨਣਾ ਹੈ ਕਿ ਉਸ ਦੇ ਕੈਰੀਅਰ ਨੂੰ ਨਿਖਾਰਨ ਵਿਚ ਦੋ ਲੜੀ ਫ਼ਿਲਮਾਂ ਦਾ ਵੱਡਾ ਯੋਗਦਾਨ ਰਿਹਾ ਹੈ। 'ਗੋਲਮਾਲ' ਅਤੇ 'ਮੁੰਨਾਭਾਈ' ਲੜੀ। ਇਨ੍ਹਾਂ ਦੋਵਾਂ ਲੜੀ ਫ਼ਿਲਮਾਂ ਵਿਚ ਕਾਮੇਡੀ ਪੇਸ਼ ਕੀਤੀ ਗਈ ਹੈ, ਪਰ ਇਨ੍ਹਾਂ ਫਿਲਮਾਂ ਦੀ ਕਾਮੇਡੀ ਅਤੇ ਆਮ ਕਾਮੇਡੀ ਵਿਚ ਬੜਾ ਫਰਕ ਹੈ। ਖ਼ਾਸ ਗੱਲ ਇਹ ਹੈ ਕਿ ਦੋਹਾਂ ਫ਼ਿਲਮਾਂ ਵਿਚ ਘਟੀਆ ਅਤੇ ਅਸ਼ਲੀਲ ਕਾਮੇਡੀ ਨਹੀਂ ਹੈ। ਉਹ ਅਸ਼ਲੀਲ ਕਾਮੇਡੀ ਫਿਲਮਾਂ ਨੂੰ ਦੂਰੋਂ ਹੀ ਸਲਾਮ ਕਰ ਦਿੰਦਾ ਹੈ। ਇਸੇ ਕਰ ਕੇ ਉਸ ਨੇ ਇੰਦਰ ਕੁਮਾਰ ਦੀਆਂ ਕੁਝ ਫ਼ਿਲਮਾਂ ਨਕਾਰ ਦਿੱਤੀਆਂ ਸਨ। ਉਸ ਮੁਤਾਬਕ, ਉਹ 'ਮੁੰਨਾਭਾਈ' ਅਤੇ 'ਗੋਲਮਾਲ' ਵਰਗੀਆਂ ਫਿਲਮਾਂ ਲਈ ਕਦੀ ਨਾਂਹ ਨਹੀਂ ਕਹੇਗਾ, ਕਿਉਂਕਿ ਉਸ ਨੂੰ ਰਾਜ ਕੁਮਾਰ ਹੀਰਾਨੀ ਅਤੇ ਰੋਹਿਤ ਸ਼ੈਟੀ ਦੇ ਕਾਮੇਡੀ-ਟੇਸਟ ਦਾ ਪਤਾ ਹੈ। ਉਸ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਭੂਤਾਂ-ਪ੍ਰੇਤਾਂ ਨੂੰ ਨਹੀਂ ਮੰਨਦਾ, ਪਰ ਇਥੇ ਭੂਤ ਦੇ ਨਾਂ 'ਤੇ ਕਾਮੇਡੀ ਕਰਨ ਦਾ ਵੱਖਰਾ ਮਜ਼ਾ ਆਇਆ। -ਗੁਰਜੰਟ ਸਿੰਘ

# Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.

- Residential Loans (Purchase, Refinance & Cash Out Refinance).
- Self Employed and H1 Visa
- Jumbo loans
- Commercial Property With Business or Business Only.
- Business Equity Line of Credit.
- Multi Unit Investment Property.



# Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ
ਲੈਸ ਨਵਾਂ ਟਰੱਕ
ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300



# India Palace

Restaurant - Fine Indian Cuisine

4213 Lafayette Rd., Indianapolis, IN 46254
Ph: 317-298-0773

UNDER NEW MANAGEMENT

Open Daily Lunch Buffett 11 am to 3 pm

**Dinner**

Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm

Banquet Hall Available
Up to 650 People

We do private party's & catering at your home or business.

*Call, Lakhvir S. Johal*

**Ph: 317-709-7800**

www.indianpalaceindy.com



# Charger logistics inc

## ਡਰਾਈਵਰਾਂ ਦੀ ਲੋੜ ਹੈ

EXPERIENCED Over The Road & LOCAL DRIVERS WANTED




*ਹੁੱਕ ਐਂਡ ਡਰਾਪ ਆਪਸ਼ਨ *ਲੌਂਗ ਹਾਲ ਤੇ ਸ਼ਾਰਟ ਹਾਲ
*ਡਾਇਰੈਕਟ ਡਿਪਾਜ਼ਿਟ
*ਇਕੱਲਾ ਡਰਾਈਵਰ 3000 ਮੀਲ ਹਫਤਾ ਅਤੇ ਟੀਮ 6000 ਮੀਲ ਹਫਤਾ ਪੱਕਾ
*ਨਵੇਂ ਨਕੋਰ ਫਲੀਟ ਆਟੋਮੈਟਿਕ ਟਰੱਕ ਅਤੇ 13 ਸਪੀਡ
*ਪ੍ਰੀਪਾਸ, ਈਜ਼ੀਪਾਸ, ਕੰਪਨੀ ਫਿਊਲ ਕਾਰਡ
*ਘੱਟੋ ਘੱਟ 6 ਮਹੀਨੇ ਦਾ ਤਜਰਬਾ ਜ਼ਰੂਰੀ

ਸੰਪਰਕ ਕਰੋ, ਗੁਰਿੰਦਰ ਮਾਂਗਟ
313-269-7634 ਜਾਂ 734-447-6159

42-


sling TM
TELEVISION
AS DESI AS YOU
40% OFF
WITH 3 MONTHS PREPAY
PUNJABI
SUPER PACK
$15/mo
FOR 3 MONTHS
PTC PUNJABI
jus punjabi
etc ਪੰਜਾਬੀ
WILLOW HD
+More
Sling.com/PunjabiOffer | 1-855-321-3952
Promotional Offers: Available to new customers upon account activation. One per customer and cannot be combined. Must provide email address and credit card. Billing: You will be charged $45 for your first three months, then after 3 months, you will be charged $25/mo., unless you cancel your service. Cancel on Sling.com or by calling 1-888-309-0838. No refunds for prepaid months. Equipment Requirements: Requires Internet-connected compatible device.
Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional International streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice.
Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.